I N T E R N A T I O N A L
# ਪੰਜਾਬੀ ਟ੍ਰਿਬਿਊਨ
Funded by the Government of Canada | Financé par le gouvernement du Canada | Canada
BILINGUAL NEWSPAPER : ENGLISH AND PUNJABI\
EDITOR : RACHHPAL SINGH GILL
Ph. : 604-616-2171 E-mail: iptribune@gmail.com www.punjabitribune.ca
Vol.30 / No.39
25 October, 2024
੦੨ ਕੱਤਕ ਨਾਨਕਸ਼ਾਹੀ ਸੰਮਤ ੫੫੬

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

# ਸਰੀ ਵਿੱਚ ਗੈਰ-ਕਾਨੂੰਨੀ ਢੰਗ ਨਾਲ ਸੁੱਟਿਆ ਗਿਆ 3,304 ਟਨ ਕੂੜਾ ਕੀਤਾ ਇਕੱਠਾ

## "ਅਵਰ ਸਿਟੀ" ਮੁਹਿੰਮ ਦੇ ਤਹਿਤ ਸਾਲ 2026 ਤੱਕ ਡੰਪਿੰਗ 20 ਫੀਸਦੀ ਘਟਾਉਣ ਦਾ ਟੀਚਾ



ਸਰੀ, (ਏਕਜੋਤ ਸਿੰਘ): ਸਰੀ ਸਿਟੀ ਵਿੱਚ ਚੱਲ ਰਹੀ "ਅਵਰ ਸਿਟੀ" ਮੁਹਿੰਮ ਦੇ ਤਹਿਤ ਇਸ ਸਾਲ ਹਰ ਹਫ਼ਤੇ 2,429 ਕੂੜੇ ਦੇ ਥੈਲੇ ਇਕੱਠੇ ਕੀਤੇ ਗਏ। ਸਫਾਈ ਮੁਹਿੰਮ ਵਿੱਚ ਸ਼ਹਿਰ ਦੇ ਕਰਮਚਾਰੀਆਂ ਅਤੇ ਠੇਕੇਦਾਰਾਂ ਨੇ ਹਿੱਸਾ ਲਿਆ। ਕਾਊਂਸਲਰ ਮਾਈਕ ਬੋਜ਼ ਨੇ ਕਿਹਾ, "ਇਹ ਮੁਹਿੰਮਾਂ ਚੰਗੀ ਤਰ੍ਹਾਂ ਸੰਗਠਿਤ ਅਤੇ ਲੋਕਾਂ ਨਾਲ ਜੁੜਨ ਵਾਲੀ ਹੈ। ਸ਼ਹਿਰ ਦੇ ਕਰਮਚਾਰੀ ਵਧੀਆ ਕੰਮ ਕਰ ਰਹੇ ਹਨ ਅਤੇ ਮੈਨੂੰ ਇਨ੍ਹਾਂ ਵਿੱਚ ਹਿੱਸਾ ਲੈ ਕੇ ਮਜ਼ਾ ਆਉਂਦਾ ਹੈ। ਇਸ ਤੋਂ ਇਲਾਵਾ, ਸ਼ਹਿਰ ਦੇ ਸਾਲ ਭਰ

• ਬਾਕੀ ਸਫ਼ਾ 3 'ਤੇ

# ਹੈਲੀਫੈਕਸ ਦੇ ਵਾਲਮਾਰਟ 'ਚ ਦੁਰਘਟਨਾ ਦੌਰਾਨ ਮਾਰੀ ਗਈ ਪੰਜਾਬੀ ਕੁੜੀ ਦੀ ਹੋਈ ਪਛਾਣ

ਹੈਲੀਫੈਕਸ : ਪਿਛਲੇ ਹਫ਼ਤੇ ਹੈਲੀਫੈਕਸ ਦੇ ਵਾਲਮਾਰਟ ਵਿੱਚ ਬੇਕਰੀ ਦੇ ਅਵਨ ਵਿੱਚ ਦੁਰਘਟਨਾ ਦੌਰਾਨ ਮਾਰੀ ਗਈ 19 ਸਾਲ ਦੀ ਲੜਕੀ ਦੀ ਪਛਾਣ ਗੁਰਸਿਮਰਨ ਕੌਰ ਵਜੋਂ ਕੀਤੀ ਗਈ ਹੈ। ਮੈਰੀਟਾਈਮ ਸਿੱਖ ਸੁਸਾਇਟੀ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ। ਗੁਰਸਿਮਰਨ ਕੁਝ ਸਾਲ ਪਹਿਲਾਂ ਆਪਣੀ ਮਾਂ ਨਾਲ ਕੈਨੇਡਾ ਆਈ ਸੀ, ਅਤੇ ਮਾਂ-ਧੀ ਦੋਵੇਂ ਹੀ ਇੱਕੋ ਜਿਹੇ ਵਾਲਮਾਰਟ ਆਊਟਲੈਟ ਵਿੱਚ ਕੰਮ ਕਰ ਰਹੀਆਂ ਸਨ।



ਦੁਖਦ ਸਮੇਂ ਵਿੱਚ, ਮੈਰੀਟਾਈਮ ਸਿੱਖ ਸੁਸਾਇਟੀ ਨੇ ਗੁਰਸਿਮਰਨ ਦੀ ਮਾਂ ਦਾ ਹਾਲ ਬਿਆਨ ਕੀਤਾ ਹੈ, ਜਿਸਨੂੰ ਸਦਮੇ ਦਾ ਗਹਿਰਾ ਅਸਰ ਹੈ। ਬਲਬੀਰ ਸਿੰਘ, ਜੋ ਕਿ ਸੰਸਥਾ ਦੇ ਸਕੱਤਰ ਹਨ, ਨੇ ਦੱਸਿਆ ਕਿ ਗੁਰਸਿਮਰਨ ਦੀ ਮਾਂ ਨੇ ਆਪਣੀ ਧੀ ਦੇ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਸਹਿਮਤੀ ਦਿੱਤੀ ਹੈ, ਤਾਂ ਕਿ ਉਸਦੀ ਯਾਦ ਵਿੱਚ ਔਨਲਾਈਨ ਫੰਡ ਰੇਜ਼ਰ ਮੁਹਿੰਮ ਚਲਾਈ ਜਾ ਸਕੇ।

• ਬਾਕੀ ਸਫ਼ਾ 3 'ਤੇ

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG
Aanchal Ghai
Notary Corporation
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

A-CLASS
FOREIGN EXCHANGE
ਸਿਰਫ਼ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA
CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ਼ ਟੈਸਟ
Lucky Sekhon, 604-614-5365
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਊਟ ਹਾਲ ਦੇ ਹੇਠਾਂ

SUPER VISAS
PNPs
EXPRESS ENTRY
idea immigration
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

ROHITA PANNU LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ
- ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ
- ਘਰਾਂ ਦੀ ਖਰੀਦੋ-ਫਰੋਖਤ
#102-9278, 120th Street
Surrey, BC V3V 4E8
Ph.: 604-589-1399
Fax : 604-589-1556
www.rohitapannulaw.com

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੇਟਰਿੰਗ ਲਈ ਖਾਸ ਇੰਤਜ਼ਾਮ ਤੇ ਸਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

# HAPPY DIWALI

## ਬੰਦੀ ਛੋੜ ਦਿਵਸ ਅਤੇ ਦੀਵਾਲੀ
## ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ



# Hon. Harjit Sajjan

Member of Parliament, Vancouver South

6406 Victoria Drive Vancouver, British Columbia V5P 3X7

604-775-5323, Harjit.sajjan@parl.gc.ca

*Happy Diwali and Deepavali!*



**Peter Julian, MP**
New Westminster-Burnaby
110-888 Carnarvon St,
New Westminster, BC
V3M 0C6
**604-775-5707**
**peter.julian@parl.gc.ca**

**Bonita Zarrillo, MP**
Port Moody-Coquitlam
1116 Austin Ave,
Coquitlam, BC V3K 3P5
**604-664-9229**
**bonita.zarrillo@parl.gc.ca**

**Jagmeet Singh, MP**
Burnaby South
4940 Kingsway
Burnaby, BC V5H 2E2
**604-291-8863**
**jagmeet.singh@parl.gc.ca**

**Jenny Kwan, MP**
Vancouver East
2572 E Hastings Street
Vancouver, BC V5K 1Z3
**604-775-5800**
**jenny.kwan@parl.gc.ca**

**Don Davies, MP**
Vancouver Kingsway
2951 Kingsway,
Vancouver, BC V5R 5J4
**604-775-6263**
**don.davies@parl.gc.ca**

NDP


## ਸਫ਼ਾ 1 ਦਾ ਬਾਕੀ

### ਸਰੀ ਵਿੱਚ ਗੈਰ-ਕਾਨੂੰਨੀ ..

ਚੱਲ ਰਹੇ ਲਾਰਜ ਆਇਟਮ ਪਿਕਅਪ ਪ੍ਰੋਗ੍ਰਾਮ ਦੇ ਤਹਿਤ 25,215 ਵਸਤੂਆਂ ਇਕੱਠੀਆਂ ਕੀਤੀਆਂ ਗਈਆਂ। ਇਸ ਮੁਹਿੰਮ ਦੌਰਾਨ 3,108 ਗੈਰ-ਕਾਨੂੰਨੀ ਡੰਪਿੰਗ ਸਾਈਟਾਂ ਦੀ ਸਫਾਈ ਕੀਤੀ ਗਈ ਅਤੇ 21,000 ਵਸਨੀਕਾਂ ਨੇ ਸ਼ਹਿਰ ਦੇ 2024 ਦੇ ਵੇਸਟ ਡ੍ਰਾਪ-ਆਫ਼ ਪ੍ਰੋਗ੍ਰਾਮ 'ਚ ਹਿੱਸਾ ਲਿਆ, ਜਿਸ ਵਿੱਚ 3,304 ਟਨ ਕੂੜਾ ਅਤੇ ਰੀਸਾਈਕਲਿੰਗ ਦਾ ਸਮਾਨ ਇਕੱਠਾ ਕੀਤਾ ਗਿਆ।

ਇਕ ਹੋਰ ਵਿੱਚ, ਸਰੀ ਦੇ ਇੰਜੀਨੀਅਰਿੰਗ ਵਿਭਾਗ ਦੇ ਜਨਰਲ ਮੈਨੇਜਰ ਸਕਾਟ ਨਿਊਮੈਨ ਨੇ ਕਿਹਾ ਕਿ 2024 ਵਿੱਚ 5 ਮਹੀਨੇ ਦੇ ਮੁਫ਼ਤ ਕੂੜਾ ਡ੍ਰਾਪ-ਆਫ਼ ਪ੍ਰੋਗਰਾਮ ਵਿੱਚ 21,000 ਟਰੱਕ ਕੂੜਾ (3,304 ਟਨ) ਡ੍ਰਾਪ ਕੀਤਾ ਗਿਆ, ਜਿਸ ਦੀ ਲਾਗਤ $395,000 ਰਹੀ। ਇਸਦੇ ਮੁਕਾਬਲੇ 2023 ਵਿੱਚ ਇਹ ਲਾਗਤ $225,000 ਸੀ।

2019 ਤੋਂ 2024 ਤੱਕ, ਇਸ ਵਿੱਚ 195 ਫੀਸਦੀ ਦਾ ਵਾਧਾ ਅਤੇ ਟਨ ਸਮਾਨ ਵਿੱਚ 175 ਫੀਸਦੀ ਵਾਧਾ ਹੋਇਆ ਹੈ, ਨਾਲ ਹੀ ਲਾਗਤ ਵਿੱਚ 37 ਫੀਸਦੀ ਦੀ ਗਿਰਾਵਟ ਵੀ ਦਰਜ ਕੀਤੀ ਗਈ। ਨਿਊਮੈਨ ਨੇ ਦੱਸਿਆ ਕਿ ਸ਼ਹਿਰ ਦਾ ਟੀਚਾ 2026 ਤੱਕ ਗੈਰ-ਕਾਨੂੰਨੀ ਡੰਪਿੰਗ ਵਿੱਚ 20 ਫੀਸਦੀ ਘੱਟ ਕਰਨਾ ਹੈ। ਨਿਊਮੈਨ ਨੇ ਕਿਹਾ, "ਗੈਰ-ਕਾਨੂੰਨੀ ਡੰਪਿੰਗ ਨੂੰ ਖਤਮ ਕਰਨਾ ਮੁਸ਼ਕਿਲ ਹੈ, ਪਰ ਸ਼ਹਿਰ ਦੀਆਂ ਨੀਤੀਆਂ ਨੂੰ ਲਗਾਤਾਰ ਦੇਖਿਆ ਜਾਣਾ ਜ਼ਰੂਰੀ ਹੈ ਤਾਂ ਜੋ ਅਸਰਦਾਰ ਤਰੀਕਿਆਂ ਰਾਹੀਂ ਇਸ ਦੇ ਪ੍ਰਭਾਵ ਨੂੰ ਘਟਾਇਆ ਜਾ ਸਕੇ।" This report was written by Ekjot Singh as part of the Local Journalism Initiative.

### ਹੈਲੀਫੈਕਸ ਦੇ ਵਾਲਮਾਰਟ 'ਚ...

ਇਸ ਗੋਫੰਡਮੀ ਪੇਜ 'ਤੇ ਹੁਣ ਤੱਕ 90,000 ਡਾਲਰ ਤੋਂ ਵੱਧ ਰਾਸ਼ੀ ਇਕੱਠੀ ਹੋ ਚੁੱਕੀ ਹੈ। ਪੇਜ ਦੇ ਅਨੁਸਾਰ, ਸ਼ਨੀਵਾਰ ਰਾਤ ਦੀ ਸ਼ਿਫਟ ਦੌਰਾਨ ਗੁਰਸਿਮਰਨ ਦੀ ਮਾਂ ਉਸ ਵਕਤ ਚਿੰਤਤ ਹੋ ਗਈ ਜਦੋਂ ਉਸਨੇ ਕਈ ਵਾਰ ਆਪਣੀ ਧੀ ਨੂੰ ਕਾਲ ਕੀਤੀ, ਪਰ ਕੋਈ ਜਵਾਬ ਨਹੀਂ ਮਿਲਿਆ। ਬੇਚੈਨੀ ਵਿਚ, ਮਾਂ ਨੇ ਕੰਮ ਦੇ ਦੌਰਾਨ ਵਾਲਮਾਰਟ ਦੇ ਵਾਕ-ਇਨ ਬੇਕਰੀ ਅਵਨ ਨੂੰ ਖੋਲ੍ਹਿਆ, ਜਿੱਥੇ ਉਸਨੂੰ ਆਪਣੀ ਧੀ ਦੀ ਝੁਲਸੀ ਹੋਈ ਲਾਸ਼ ਮਿਲੀ।

ਸਿੱਖ ਭਾਈਚਾਰੇ ਵੱਲੋਂ ਗੁਰਸਿਮਰਨ ਦੇ ਪਰਿਵਾਰ ਨੂੰ ਅਖੀਰ ਦੀ ਸਹਾਇਤਾ ਲਈ ਵਿੱਤੀ ਸਹਿਯੋਗ ਮੁਹੱਈਆ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਗੋਫੰਡਮੀ ਪੇਜ ਰਾਹੀਂ ਵਿਦੇਸ਼ ਵਿੱਚ ਰਹਿੰਦੇ ਗੁਰਸਿਮਰਨ ਦੇ ਪਿਤਾ ਅਤੇ ਭਰਾ ਨੂੰ ਨੋਵਾ ਸਕੋਸ਼ੀਆ ਬੁਲਾਉਣ ਲਈ ਮਦਦ ਕੀਤੀ ਜਾ ਰਹੀ ਹੈ, ਤਾਂ ਜੋ ਉਹ ਗੁਰਸਿਮਰਨ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਿਲ ਹੋ ਸਕਣ।


**ਬੰਦੀ ਛੋੜ ਦਿਵਸ ਅਤੇ ਦੀਵਾਲੀ**
ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ
HAPPY
DIWALI




**ਹਰ ਤਰ੍ਹਾਂ ਦੀ ਭਾਰਤੀ ਗਰੌਸਰੀ**
**ਅਤੇ ਭਾਰਤੀ ਮਸਾਲੇ**
ਲੈਣ ਲਈ ਅੱਜ ਹੀ ਸੰਪਰਕ ਕਰੋ
**Ph : 1-888-816-3993**
**UNIT 117-7727 BEEDIE WAY, DELTA**
**E-mail : info@tejaworldfoods.com**



# ਗੁਰਦੁਆਰਾ ਸਾਹਿਬ ਬਰੁੱਕਸਾਈਡ

**8365 140 St. Surrey, BC V3W 5K9,**
**Phone: 604 502 0602, www.ramgarhiabc.ca**

# ਬੰਦੀ ਛੋੜ ਦਿਵਸ ਅਤੇ ਦੀਵਾਲੀ

## ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

31 ਅਕਤੂਬਰ ਦਿਨ ਵੀਰਵਾਰ ਨੂੰ ਬੰਦੀ ਛੋੜ ਦਿਵਸ ਮੌਕੇ ਸਾਰਾ ਦਿਨ ਕੀਰਤਨ ਪ੍ਰਵਾਹ ਚੱਲਣਗੇ।

ਵਿਸ਼ੇਸ਼ ਸੂਚਨਾ : ਬੱਚਿਆਂ ਵਾਸਤੇ ਪੰਜਾਬੀ ਸਿੱਖਣ ਦੀਆਂ ਕਲਾਸਾਂ ਹਰ ਐਤਵਾਰ 4-5 ਅਤੇ 5-6 ਵਜੇ ਤੱਕ ਲੱਗਦੀਆਂ ਹਨ।

ਹੈੱਡ ਗ੍ਰੰਥੀ : ਗਿਆਨੀ ਸਤਵਿੰਦਰ ਪਾਲ ਸਿੰਘ / ਰਾਗੀ ਜਥਾ: ਇਕਬਾਲ ਸਿੰਘ ਲੁਧਿਆਣੇ ਵਾਲੇ ਅਤੇ
ਭਾਈ ਸਰਬਜੀਤ ਸਿੰਘ ਰਮਦਾਸ ਵਾਲੇ ਵਲੋਂ ਸਵੇਰੇ ਅਤੇ ਸ਼ਾਮ ਨੂੰ ਕੀਰਤਨ ਕੀਤਾ ਜਾਂਦਾ ਹੈ।

# GURDWARA SAHIB BROOKSIDE

ਵਿਆਹ-ਸ਼ਾਦੀ, ਅਖੰਡ ਪਾਠ ਸਾਹਿਬ,
ਜਨਮ ਦਿਨ ਅਤੇ ਹੋਰ ਪ੍ਰੋਗਰਾਮ ਦੀ
ਬੁਕਿੰਗ ਵਾਸਤੇ ਫੋਨ ਕਰੋ।

**ਫੋਨ : 604-502-0602**




**SATJINDER SAMRA 604-930-9099**

E-mail : sanjhapunjabsweets@gmail.com | Website : www.sanjhapunjabsweets.com

**1-B 12830 96 Ave, Surrey, BC V3V 6A8**

# ਬੀ.ਸੀ. ਅਸੈਂਬਲੀ ਚੋਣਾਂ ਵਿੱਚ ਕੋਈ ਵੀ ਪਾਰਟੀ ਸਪੱਸ਼ਟ ਬਹੁਤ ਹਾਸਲ ਨਾ ਕਰ ਸਕੀ

## ਬੀ.ਸੀ. ਐਨ.ਡੀ.ਪੀ. 46 ਸੀਟਾਂ, ਬੀਸੀ ਕੰਸਰਵੇਟਿਵ 45 ਸੀਟਾਂ ਅਤੇ ਗਰੀਨ ਪਾਰਟੀ 2 ਸੀਟਾਂ 'ਤੇ ਜੇਤੂ ਰਹੀ, ਸਰਕਾਰ ਬਣਾਉਣ ਦੀ ਡੋਰ ਹੁਣ ਗਰੀਨ ਪਾਰਟੀ ਦੇ ਹੱਥਾਂ ਵਿਚ

ਸਰੀ, (ਹਰਦਮ ਮਾਨ): ਬ੍ਰਿਟਿਸ਼ ਕੋਲੰਬੀਆ ਵਿਚ 19 ਅਕਤੂਬਰ 2024 ਨੂੰ 43ਵੀਂ ਵਿਧਾਨ ਸਭਾ ਲਈ ਪਈਆਂ ਵੋਟਾਂ ਵਿਚ ਕੋਈ ਵੀ ਪਾਰਟੀ ਸਪੱਸ਼ਟ ਬਹੁਤ ਨਹੀਂ ਹਾਸਲ ਕਰ ਸਕੀ। ਇਨ੍ਹਾਂ ਚੋਣਾਂ ਵਿਚ ਦੋ ਪ੍ਰਮੁੱਖ ਪਾਰਟੀਆਂ (ਬੀ.ਸੀ. ਐਨ.ਡੀ.ਪੀ. ਅਤੇ ਬੀ.ਸੀ. ਕੰਸਰਵੇਟਿਵ ਪਾਰਟੀ) ਜਿਹਨਾਂ ਨੇ 93 ਦੀਆਂ 93 ਸੀਟਾਂ ਉੱਪਰ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰੇ ਸਨ ਅਤੇ ਦੋਹਾਂ ਪਾਰਟੀਆਂ ਵਿਚ ਬਹੁਤ ਹੀ ਫਸਵੀਂ ਟੱਕਰ ਸੀ। ਇਲੈਕਸ਼ਨ ਬੀ.ਸੀ ਅਨੁਸਾਰ ਵੋਟਾਂ ਦੇ ਅੰਤਿਮ ਨਤੀਜੇ 26 ਅਕਤਬੂਰ ਨੂੰ ਜਾਰੀ ਕੀਤੇ ਜਾਣਗੇ ਪਰ ਤਾਜ਼ਾ ਨਤੀਜਿਆਂ ਅਨੁਸਾਰ ਬੀਸੀ ਐਨ.ਡੀ.ਪੀ. ਨੂੰ 46 ਸੀਟਾਂ, ਬੀਸੀ ਕੰਸਰਵੇਟਿਵ ਨੂੰ 45 ਸੀਟਾਂ ਅਤੇ ਗਰੀਨ ਪਾਰਟੀ ਨੂੰ 2 ਸੀਟਾਂ ਤੇ ਜਿੱਤ ਪ੍ਰਾਪਤ ਹੋਈ ਹੈ। ਕੁਝ ਹਲਕਿਆਂ ਵਿਚ ਜਿਤ ਹਾਰ ਵਿਚਲਾ ਫਰਕ ਬਹੁਤ ਘੱਟ ਰਹਿਣ ਕਾਰਨ ਇਹਨਾਂ ਹਲਕਿਆਂ ਦੀ ਗਿਣਤੀ ਦੁਬਾਰਾ ਕੀਤੀ ਜਾਵੇਗੀ।

ਸਰਕਾਰ ਬਣਾਉਣ ਲਈ ਹੁਣ ਬਾਜ਼ੀ ਗਰੀਨ ਪਾਰਟੀ ਦੇ ਹੱਥ ਵਿਚ ਰਹੇਗੀ ਜਿਸ ਦੀਆਂ 2 ਸੀਟਾਂ ਕਿਸੇ ਵੀ ਪਾਰਟੀ ਨੂੰ ਤਖ਼ਤ 'ਤੇ ਬਿਠਾ ਸਕਦੀਆਂ ਹਨ। ਰਾਜਨੀਤਕ ਹਲਕਿਆਂ ਅਨੁਸਾਰ ਬੀਸੀ ਗਰੀਨ ਪਾਰਟੀ ਦੀ ਆਗੂ ਸੋਨੀਆ ਨੇ ਹਮਾਇਤ ਦੇ ਮੁੱਦੇ ਉਪਰ ਬੀ.ਸੀ. ਐਨ.ਡੀ.ਪੀ. ਨੂੰ ਤਰਜੀਹ ਦੇਣ ਦੀ ਗੱਲ ਕਹੀ ਹੈ।

ਬੀ.ਸੀ. ਐਨ.ਡੀ.ਪੀ. ਲੀਡਰ ਡੇਵਿਡ ਈਬੀ ਨੇ ਵੋਟਾਂ ਦੀ ਗਿਣਤੀ ਹੋਣ ਉਪਰੰਤ ਆਪਣੇ ਸਮੱਰਥਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਇਕ ਬਹੁਤ ਹੀ ਸਖ਼ਤ ਲੜਾਈ ਵਾਲੀ ਮੁਹਿੰਮ ਰਹੀ ਅਤੇ ਇਨ੍ਹਾਂ ਚੋਣਾਂ ਨੇ ਨਿਸ਼ਚਤ ਤੌਰ ਤੇ ਦਰਸਾਅਦਿੱਤਾ ਹੈ ਕਿ ਹਰ ਇਕ ਵੋਟ ਮਾਇਨੇ ਰੱਖਦੀ ਹੈ ਅਜਿਹਾ ਲਗਦਾ ਹੈ ਕਿ ਅਜੇ ਸਾਨੂੰ ਥੋੜ੍ਹੀ ਹੋਰ ਉਡੀਕ ਕਰਨੀ ਪਵੇਗਾ।

ਬੀਸੀ ਕੰਸਰਵੇਟਿਵ ਆਗੂ ਜੌਹਨ ਰਸਟੈਡ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਇਹ ਚੋਣਾਂ ਬੀਸੀ ਕੰਸਰਵੇਟਿਵ ਲਈ ਇਤਿਹਾਸਕ ਹੋ ਨਿੱਬੜੀਆਂ ਹਨ। ਪਹਿਲੀ ਵਾਰ ਬੀਸੀ ਕੰਸਰਵੇਟਿਵ ਨੇ ਏਨੀ ਵੱਡੀ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਆਪਣੇ ਸਮੱਰਥਕਾਂ ਨੂੰ ਧਰਵਾਸਾ ਦਿੰਦਿਆਂ ਕਿਹਾ ਕਿ ਉਡੀਕ ਕਰੋ, ਅਸੀਂ ਸਰਕਾਰ ਬਣਾਉਣ ਦੇ ਬਹੁਤ ਨੇੜੇ ਹਾਂ ਕਿਉਂਕਿ ਕੁਝ ਹਲਕਿਆਂ ਵਿਚ ਬਹੁਤ ਥੋੜ੍ਹੇ ਫਰਕ ਨਾਲ ਹਾਰ ਜਿੱਤ ਦਾ ਫੈਸਲਾ ਦੁਬਾਰਾ ਵੋਟਾਂ ਦੀ ਗਿਣਤੀ ਤੋਂ ਤੈਅ ਹੋਵੇਗਾ।

ਰਾਜਨੀਤਕ ਵਿਸ਼ਲੇਸ਼ਕਾਂ ਅਨੁਸਾਰ ਇਨ੍ਹਾਂ ਚੋਣਾਂ ਵਿਚ ਬੀ.ਸੀ. ਐਨ.ਡੀ.ਪੀ. ਦੀਆਂ ਸੀਟਾਂ ਘਟਣ ਦਾ ਮੁੱਖ ਮੁੱਦਾ ਸਕੂਲੀ ਬੱਚਿਆਂ ਉੱਪਰ ਥੋਪਿਆ ਗਿਆ 'ਸੋਜੀ ਪ੍ਰੋਗਰਾਮ' ਰਿਹਾ। ਬੇਸ਼ੱਕ ਹੋਰ ਵੀ ਕਈ ਮੁੱਦੇ ਸਨ ਪਰ ਸੋਜੀ ਪ੍ਰੋਗਰਾਮ ਦਾ ਵਿਰੋਧ ਵਧੇਰੇ ਅਸਰਦਾਰ ਰਿਹਾ। ਵਿਸ਼ੇਸ਼ ਕਰ ਕੇ ਸਰੀ, ਐਬਸਫੋਰਡ ਵਿਚ ਲੋਕਾਂ ਨੇ ਸੋਜੀ ਪ੍ਰੋਗਰਾਮ ਦੇ ਵਿਰੋਧ ਵਿਚ ਜਬਰਦਸਤ ਰੋਸ ਪ੍ਰਦਰਸ਼ਨ ਵੀ ਕੀਤੇ ਪਰ ਸਰਕਾਰ ਨੇ ਇਸ ਨੂੰ ਉੱਕਾ ਹੀ ਨਾ ਗ਼ੌਲਿਆ ਅਤੇ ਨਤੀਜੇ ਵਜੋਂ ਬੀ.ਸੀ. ਦੀ ਸਿੱਖਿਆ ਮੰਤਰੀ ਰਚਨਾ ਸਿੰਘ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ।





ਜਿੱਥੋਂ ਤੱਕ ਇਨ੍ਹਾਂ ਚੋਣਾਂ ਵਿਚ ਪੰਜਾਬੀ ਮੂਲ ਦੇ ਉਮੀਦਵਾਰਾਂ ਦੀ ਸ਼ਮੂਲੀਅਤ ਦਾ ਸਵਾਲ ਹੈ, ਕੁੱਲ 37 ਪੰਜਾਬੀ ਇਸ ਚੋਣ ਮੈਦਾਨ ਵਿਚ ਉੱਤਰੇ ਸਨ। ਇਹਨਾਂ ਵਿਚ ਬੀ.ਸੀ. ਐਨ.ਡੀ.ਪੀ. ਵੱਲੋਂ ਰਾਜ ਚੌਹਾਨ, ਜਗਰੂਪ ਬਰਾੜ, ਨਿੱਕੀ ਸ਼ਰਮਾ, ਰਵੀ ਕਾਹਲੋਂ, ਰਚਨਾ ਸਿੰਘ, ਹਰਵਿੰਦਰ ਕੌਰ ਸੰਧੂ, ਜਿੰਨੀ ਸਿਮਸ, ਬਲਤੇਜ ਸਿੰਘ ਢਿੱਲੋਂ, ਸਾਰਾ ਕੂਨਰ, ਰਵੀ ਪਰਮਾਰ, ਕਮਲ ਗਰੇਵਾਲ, ਜੈਸੀ ਸੁੰਨੜ, ਰੀਆ ਅਰੋੜਾ, ਅਮਨ ਸਿੰਘ, ਸੁਨੀਤਾ ਧੀਰ, ਹਰਪ੍ਰੀਤ ਬਡੋਹਲ ਅਤੇ ਸੈਮ ਅਟਵਾਲ, ਕੰਸਰਵੇਟਿਵ ਪਾਰਟੀ ਆਫ ਬੀ.ਸੀ. ਵੱਲੋਂ ਮਨਦੀਪ ਧਾਲੀਵਾਲ, ਤੇਗਜੋਤ ਬੱਲ, ਜੋਡੀ ਤੂਰ, ਅਵਤਾਰ ਸਿੰਘ ਗਿੱਲ, ਹਰਮਨ ਭੰਗੂ, ਦੀਪਕ ਸੂਰੀ, ਸਟੀਵ ਕੂਨਰ, ਧਰਮ ਕਾਜਲ, ਹੋਣਵੀਰ ਸਿੰਘ ਰੰਧਾਵਾ, ਜੈਗ ਸੰਘੇੜਾ, ਰਾਜ ਵਿਓਲੀ ਤੇ ਅਰੁਣ ਲਗੇਰੀ, ਗ੍ਰੀਨ ਪਾਰਟੀ ਵੱਲੋਂ ਮਨਜੀਤ ਸਿੰਘ ਸਹੋਤਾ ਤੇ ਸਿਮ ਸੰਧੂ ਅਤੇ ਫਰੀਡਮ ਪਾਰਟੀ ਆਫ ਬੀਸੀ ਵੱਲੋਂ ਅਮਿਤ ਬੜਿੰਗ, ਪਰਮਜੀਤ ਰਾਏ ਅਤੇ ਕਿਰਨ ਹੁੰਦਲ ਤੋਂ ਇਲਾਵਾ ਅਮਨਦੀਪ ਸਿੰਘ, ਜੋਗਿੰਦਰ ਸਿੰਘ ਰੰਧਾਵਾ, ਜਪਰੀਤ ਲਹਿਲ ਤੇ ਸ਼ੌਕ ਨਿੱਝਰ ਆਜ਼ਾਦ ਉਮੀਦਵਾਰ ਸਨ।

ਇਨ੍ਹਾਂ ਵਿੱਚੋਂ 14 ਪੰਜਾਬੀ ਉਮੀਦਵਾਰਾਂ ਨੇ ਜਿੱਤ ਹਾਸਲ ਕਰ ਕੇ ਬੀ.ਸੀ. ਵਿਧਾਨ ਸਭਾ ਵਿਚ ਪੰਜਾਬੀ ਵਿਧਾਇਕਾਂ ਦਾ ਨਵਾਂ ਇਤਿਹਾਸ ਰਚ ਦਿੱਤਾ ਹੈ। ਇਸ ਤੋਂ ਪਹਿਲਾਂ 2020 ਦੀਆਂ ਚੋਣਾਂ ਵਿਚ 9 ਪੰਜਾਬੀ ਉਮੀਦਵਾਰ ਬੀ.ਸੀ. ਅਸੈਂਬਲੀ ਦੀਆਂ ਪੌੜੀਆਂ ਚੜ੍ਹੇ ਸਨ। ਇਸ ਵਾਰ ਚੋਣ ਵਿਚ ਜਿੱਤ ਦਾ ਸਿਹਰਾ ਪਹਿਨਣ ਵਾਲਿਆਂ ਵਿਚ ਸਰੀ ਫਲੀਟਵੁੱਡ ਤੋਂ ਜਗਰੂਪ ਸਿੰਘ ਬਰਾੜ (ਬੀ.ਸੀ. ਐਨ.ਡੀ.ਪੀ.), ਡੈਲਟਾ ਨਾਰਥ ਤੋਂ ਰਵੀ ਕਾਹਲੋਂ (ਬੀ.ਸੀ. ਐਨ.ਡੀ.ਪੀ.), ਬਰਨਬੀ ਨਿਊ ਵੈਸਟਮਿਨਸਟਰ ਤੋਂ ਰਾਜ ਚੌਹਾਨ (ਬੀ.ਸੀ. ਐਨ.ਡੀ.ਪੀ.), ਸਰੀ ਨਿਊਟਨ ਤੋਂ ਜੈਸੀ ਸੁੰਨੜ (ਬੀ.ਸੀ. ਐਨ.ਡੀ.ਪੀ.), ਵੈਨਕੂਵਰ ਹੈਸਟਿੰਗਜ ਤੋਂ ਨਿੱਕੀ ਸ਼ਰਮਾ (ਬੀ.ਸੀ. ਐਨ.ਡੀ.ਪੀ.), ਵੈਨਕੂਵਰ ਲੰਗਾਰਾ ਤੋਂ ਸੁਨੀਤਾ ਧੀਰ (ਬੀ.ਸੀ. ਐਨ.ਡੀ.ਪੀ.), ਵਿਕਟੋਰੀਆ ਲੈਂਗਫੋਰਡ ਤੋਂ ਰਵੀ ਪਰਮਾਰ (ਬੀ.ਸੀ. ਐਨ.ਡੀ.ਪੀ.), ਬਰਨਬੀ ਈਸਟ ਤੋਂ ਰੀਆ ਅਰੋੜਾ (ਬੀ.ਸੀ. ਐਨ.ਡੀ.ਪੀ.), ਵਰਨਨ ਲੂੰਬੀ ਤੋਂ ਹਰਵਿੰਦਰ ਸੰਧੂ (ਬੀ.ਸੀ. ਐਨ.ਡੀ.ਪੀ.), ਸਰੀ ਨਾਰਥ ਤੋਂ ਮਨਦੀਪ ਧਾਲੀਵਾਲ (ਬੀ.ਸੀ. ਕੰਸਰਵੇਟਿਵ), ਸਰੀ ਗਿਲਫਰਡ ਤੋਂ ਹੋਣਵੀਰ ਸਿੰਘ ਰੰਧਾਵਾ (ਬੀ.ਸੀ. ਕੰਸਰਵੇਟਿਵ), ਲੈਂਗਲੀ ਵਿਲੋਬਰੁਕ ਤੋਂ ਜੋਡੀ ਤੂਰ (ਬੀ.ਸੀ. ਕੰਸਰਵੇਟਿਵ), ਲੈਂਗਲੀ ਐਫਸਫੋਰਡ ਤੋਂ ਹਰਮਨ ਭੰਗੂ (ਬੀ.ਸੀ. ਕੰਸਰਵੇਟਿਵ) ਅਤੇ ਰਿਚਮੰਡ ਕੁਵੀਨਜ਼ਬਰੋ ਤੋਂ ਸਟੀਵ ਕੂਨਰ (ਬੀ.ਸੀ. ਕੰਸਰਵੇਟਿਵ) ਸ਼ਾਮਲ ਹਨ।

ਹਾਰਨ ਵਾਲੇ ਪ੍ਰਮੁੱਖ ਆਗੂਆਂ ਵਿਚ ਸਰੀ ਨਾਰਥ ਤੋਂ ਸਿੱਖਿਆ ਮੰਤਰੀ ਰਚਨਾ ਸਿੰਘ, ਸਰੀ ਪੈਨੋਰਾਮਾ ਤੋਂ ਸਾਬਕਾ ਕੈਬਨਿਟ ਮੰਤਰੀ ਜਿੰਨੀ ਸਿਮਸ, ਰਿਚਮੰਡ ਕੁਵੀਨਜ਼ਬਰੋ ਤੋਂ ਸਾਬਕਾ ਐਮ.ਐਲ.ਏ. ਅਮਨ ਸਿੰਘ, ਸਰੀ ਸਰਪੈਨਟਾਈਨ ਰਿਵਰ ਹਲਕੇ ਤੋਂ ਐਨ ਡੀ ਪੀ ਉਮੀਦਵਾਰ ਬਲਤੇਜ ਸਿੰਘ ਢਿੱਲੋਂ, ਸਰੀ ਸੈਂਟਰ ਤੋਂ ਕੰਸਰਵੇਟਿਵ ਉਮੀਦਵਾਰ ਜੀਸ਼ਾਨ ਵਾਹਲਾ, ਸਰੀ ਨਿਊਟਨ ਤੋਂ ਕੰਸਰਵੇਟਿਵ ਉਮੀਦਵਾਰ ਤੇਗਜੋਤ ਬੱਲ, ਜੈਗ ਸੰਘੇੜਾ, ਜੈਸ ਅਟਵਾਲ, ਅਵਤਾਰ ਸਿੰਘ ਗਿੱਲ, ਧਰਮ ਕਾਜਲ, ਰਾਜ ਵਿਓਲੀ, ਦੀਪਕ ਸੂਰੀ, ਕਮਲ ਗਰੇਵਾਲ, ਸਾਰਾ ਕੂਨਰ, ਸਿਮ ਸੰਧੂ, ਅੰਮ੍ਰਿਤ ਬੜਿੰਗ, ਕਿਰਨ ਹੁੰਦਲ ਅਤੇ ਮਨਜੀਤ ਸਹੋਤਾ ਸ਼ਾਮਲ ਹਨ।


HOMELAND MORTGAGE CORP.
ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।
- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ

Kuldip Panesar
Mortgage Consultant
Cell :604-308-6839
PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com

YOUR NEIGHBOURHOOD LAYER
RISHI LAW CORPORATION

NARINDER RISHI
Barrister, Solicitor & Notary Public
Criminal Law
» Assault Charges
» Drug Charges
» Theft/Fraud
» Uttering Threats
» Driving Offences
Divorces Probate
All kind of Notary Services
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)




# ਡਾ. ਗੁਰਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸ਼ਹੀਦ ਕਰਮ ਸਿੰਘ ਬਬਰ ਅਕਾਲੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ




ਸਰੀ, (ਹਰਦਮ ਮਾਨ): ਬੀਤੇ ਦਿਨ ਦਸ਼ਮੇਸ਼ ਪੰਜਾਬੀ ਸਕੂਲ ਐਬਸਫੋਰਡ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਸਿੱਧ ਵਿਦਵਾਨ, ਲੇਖਕ ਅਤੇ ਬੁਲਾਰੇ ਡਾ. ਗੁਰਵਿੰਦਰ ਸਿੰਘ ਨੇ ਕੈਨੇਡਾ ਤੋਂ ਪੰਜਾਬ ਜਾ ਕੇ ਸ਼ਹੀਦ ਹੋਣ ਵਾਲੇ ਬਬਰ ਅਕਾਲੀ ਸ਼ਹੀਦ ਭਾਈ ਕਰਮ ਸਿੰਘ ਦੌਲਤਪੁਰ ਦੇ ਜੀਵਨ ਬਾਰੇ ਵਿਸ਼ੇਸ਼ ਚਾਨਣਾ ਪਾਇਆ। ਉਹਨਾਂ ਨੇ ਗੁਰੂ ਨਾਨਕ ਜਹਾਜ਼ ਦੇ ਸਫਰ ਅਤੇ ਉਸ ਦੇ ਅਸਲ ਇਤਿਹਾਸ ਦੇ ਪੱਖਾਂ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਸਬੰਧੀ ਬਾਬਾ ਗੁਰਦਿੱਤ ਸਿੰਘ ਦੀ ਲਿਖਤ ਕਿਤਾਬ 'ਗੁਰੂ ਨਾਨਕ ਜਹਾਜ਼' ਸਕੂਲ ਦੇ ਪ੍ਰਿੰਸੀਪਲ ਜਸਪਾਲ ਸਿੰਘ ਅਤੇ ਵਿਦਿਆਰਥੀ ਨੂੰ ਭੇਟ ਕੀਤੀ। ਦਸ਼ਮੇਸ਼ ਪੰਜਾਬੀ ਸਕੂਲ ਦੇ ਵਿਦਿਆਰਥੀਆਂ ਨੇ ਉਹਨਾਂ ਦੇ ਵਿਚਾਰ ਬਹੁਤ ਗ਼ੌਰ ਨਾਲ ਸੁਣੇ ਅਤੇ ਇਤਿਹਾਸ ਸੰਬੰਧੀ ਕੁਝ ਸਵਾਲ ਵੀ ਪੁੱਛੇ ਜਿਹਨਾਂ ਦੇ ਜਵਾਬ ਡਾ. ਗੁਰਵਿੰਦਰ ਸਿੰਘ ਨੇ ਦਿਲਚਸਪੀ ਨਾਲ ਦਿੱਤੇ।

ਇਸ ਮੌਕੇ 'ਤੇ ਦਸ਼ਮੇਸ਼ ਪੰਜਾਬੀ ਸਕੂਲ ਦੇ ਪ੍ਰਿੰਸੀਪਲ ਜਸਪਾਲ ਸਿੰਘ ਵੱਲੋਂ ਬੁਲਾਰੇ ਡਾ. ਗੁਰਵਿੰਦਰ ਸਿੰਘ ਦਾ ਸਨਮਾਨ ਕੀਤਾ ਗਿਆ। ਇੱਥੇ ਜ਼ਿਕਰਯੋਗ ਹੈ ਕਿ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਐਬਸਫੋਰਡ ਦੇ ਵਾਸੀ ਸਨ। ਉਹਨਾਂ ਨੇ ਆਪਣੀ ਜ਼ਮੀਨ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਨੂੰ ਭੇਟ ਕਰਕੇ, ਪੰਜਾਬ ਜਾ ਕੇ ਸ਼ਹੀਦੀ ਦਿੱਤੀ ਸੀ।

# ਵਾਈਟ ਰੌਕ ਵਿੱਚ ਭਾਰੀ ਮੀਂਹ ਕਾਰਨ ਜਨ-ਜੀਵਨ ਪ੍ਰਭਾਵਿਤ, 2500 ਘਰਾਂ ਦੀ ਬਿਜਲੀ ਰਹੀ ਠੱਪ



ਸਰੀ, (ਏਕਜੋਤ ਸਿੰਘ): ਬੀਤੇ ਦਿਨੀਂ ਵਾਈਟ ਰੌਕ ਸਮੇਤ ਬ੍ਰਿਟਿਸ਼ ਕੋਲੰਬੀਆ ਦੀਆਂ ਕਈ ਇਲਾਕਿਆਂ 'ਚ ਭਾਰੀ ਮੀਂਹ ਕਾਰਨ ਜਨ-ਜੀਵਨ ਪ੍ਰਭਾਵਿਤ ਰਿਹਾ। ਕਈ ਥਾਵਾਂ 'ਤੇ ਵਰਖਾ ਦੀਆਂ ਰਿਕਾਰਡਾਂ ਨੂੰ ਪਾਰ ਕੀਤਾ ਹੈ। ਸ਼ਨੀਵਾਰ 19 ਅਕਤੂਬਰ ਤੋਂ ਲੈ ਕੇ ਅਗਲੇ ਦਿਨ ਤੱਕ ਸੂਬੇ ਵਿੱਚ ਜ਼ਬਰਦਸਤ ਹਵਾਵਾਂ ਅਤੇ ਮੀਂਹ ਦੀ ਭਾਰੀ ਵਰਖਾ ਹੋਈ।

ਮੌਸਮ ਵਿਭਾਗ 'ਇਨਵਾਇਰਮੈਂਟ ਕੈਨੇਡਾ' ਦੇ ਅੰਕੜਿਆਂ ਦੇ ਅਨੁਸਾਰ, ਸ਼ਨੀਵਾਰ ਨੂੰ ਸਿਰਫ਼ ਵਾਈਟ ਰਾਕ ਵਿੱਚ 77 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਇਹ ਮੀਂਹ ਦੀ ਮਾਤਰਾ 1956 ਤੋਂ ਕਾਇਮ ਪੁਰਾਣੇ ਰਿਕਾਰਡ 37 ਮਿਲੀਮੀਟਰ ਨੂੰ ਦੋ ਗੁਣੀ ਸੀ।

ਸੰਕਟਮਈ ਹਫ਼ਤੇ ਦੇ ਅੰਤ ਦੌਰਾਨ ਕੁੱਲ 125 ਮਿਲੀਮੀਟਰ ਮੀਂਹ ਵਾਈਟ ਰੌਕ ਵਿੱਚ ਪਿਆ। ਸ਼ਨੀਵਾਰ ਨੂੰ ਵਰਖਾ ਦੀ ਚਿਤਾਵਨੀ ਜਾਰੀ ਕੀਤੀ ਗਈ ਸੀ, ਜੋ ਪੂਰੇ ਹਫ਼ਤੇ ਦੇ ਅਖੀਰ ਤੱਕ ਲਾਗੂ ਰਹੀ, ਹਾਲਾਂਕਿ ਐਤਵਾਰ ਦੇ ਦਿਨ ਮੀਂਹ ਦੀ ਤੀਬਰਤਾ ਘਟ ਗਈ ਸੀ।

ਇਸ ਮੌਸਮੀ ਪ੍ਰਭਾਵ ਕਾਰਨ ਤੇਜ਼ ਹਵਾਵਾਂ ਨਾਲ ਲੋਅਰ ਮੇਨਲੈਂਡ ਅਤੇ ਸਨਸ਼ਾਈਨ ਕੋਸਟ ਦੇ ਲਗਭਗ 2,500 ਘਰਾਂ ਦੀ ਬੀ.ਸੀ. ਹਾਈਡ੍ਰੋ ਵਲੋਂ ਬਿਜਲੀ ਸਪਲਾਈ ਬੰਦ ਰਹੀ। This report was written by Ekjot Singh as part of the Local Journalism Initiative.

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਕੁਲਵਿੰਦਰ ਕੌਰ ਥਰਾਜ ਅਤੇ ਜਿਲੇ ਸਿੰਘ ਦੀਆਂ ਪੁਸਤਕਾਂ ਰਿਲੀਜ਼





ਸਰੀ, (ਹਰਦਮ ਮਾਨ)-ਸਰੀ, 21 ਅਕਤੂਬਰ 2024-ਬੀਤੇ ਦਿਨੀਂ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਮਾਸਿਕ ਬੈਠਕ ਵਿਚ ਕੁਲਵਿੰਦਰ ਕੌਰ ਥਰਾਜ ਅਤੇ ਜਿਲੇ ਸਿੰਘ ਦੀਆਂ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ। ਸੀਨੀਅਰ ਸਿਟੀਜ਼ਨ ਸੈਂਟਰ ਸਰੀ ਵਿਖੇ ਹੋਈ ਇਸ ਮੀਟਿੰਗ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਦਰਸ਼ਨ ਸੰਘਾ, ਕੁਲਵਿੰਦਰ ਕੌਰ ਥਰਾਜ, ਜਿਲੇ ਸਿੰਘ ਅਤੇ ਪੰਜਾਬ ਤੋਂ ਆਏ ਪੱਤਰਕਾਰ ਅਵਤਾਰ ਸਿੰਘ ਸ਼ੇਰਗਿੱਲ ਨੇ ਕੀਤੀ। ਮੀਟਿੰਗ ਦੀ ਸ਼ੁਰੂਆਤ ਉੱਘੇ ਦਾਨੀ, ਉਦਯੋਗਪਤੀ ਰਤਨ ਟਾਟਾ ਨੂੰ ਸਭਾ ਵੱਲੋਂ ਸ਼ਰਧਾਂਜਲੀ ਦੇਣ ਨਾਲ਼ ਹੋਈ। ਉਪਰੰਤ ਜਿਲੇ ਸਿੰਘ ਦੀ ਅੰਗ੍ਰੇਜ਼ੀ ਦੀ ਪੁਸਤਕ " **Truths of ilfe**" ਉੱਪਰ ਪ੍ਰਿਤਪਾਲ ਗਿੱਲ, ਅਮਰ ਓਛਾਨੀ, ਡਾ. ਪ੍ਰਿਥੀਪਾਲ ਸਿੰਘ ਸੋਹੀ, ਪ੍ਰੋ. ਕਸ਼ਮੀਰਾ ਸਿੰਘ, ਇੰਦਰਜੀਤ ਸਿੰਘ ਧਾਮੀ, ਕਵਿੰਦਰ ਚਾਂਦ ਤੇ ਅਮਰੀਕ ਪਲਾਹੀ ਅਤੇ ਕੁਲਵਿੰਦਰ ਕੌਰ ਥਰਾਜ ਦੀ ਪੁਸਤਕ 'ਤੂੰ ਮੈਨੂੰ ਮੈਂ ਹੀ ਰਹਿਣ ਦੇ' ਉੱਪਰ ਪ੍ਰਿਤਪਾਲ ਗਿੱਲ ਅਤੇ ਪ੍ਰੋ. ਹਰਿੰਦਰ ਕੌਰ ਸੋਹੀ ਨੇ ਪਰਚੇ ਪੜ੍ਹੇ। ਜਿਲੇ ਸਿੰਘ ਅਤੇ ਕੁਲਵਿੰਦਰ ਕੌਰ ਥਰਾਜ ਨੇ ਆਪਣੀਆਂ ਪੁਸਤਕਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਪਰੰਤ ਰਸਮੀ ਤੌਰ 'ਤੇ ਦੋਵੇਂ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ। ਇਸ ਮੌਕੇ ਹੋਏ ਕਵੀ ਦਰਬਾਰ ਵਿਚ ਸਭਾ ਦੇ ਮੈਂਬਰਾਂ, ਸਥਾਨਕ ਕਵੀਆਂ ਅਤੇ ਆਏ ਮਹਿਮਾਨਾਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਸਭਾ ਵੱਲੋਂ ਕਵਿੱਤਰੀ ਕੁਲਵਿੰਦਰ ਕੌਰ ਥਰਾਜ, ਜਿਲੇ ਸਿੰਘ ਅਤੇ ਪੰਜਾਬ ਤੋਂ ਆਏ ਪੱਤਰਕਾਰ ਅਵਤਾਰ ਸਿੰਘ ਸ਼ੇਰਗਿੱਲ ਨੂੰ ਸਨਮਾਨਿਤ ਕੀਤਾ ਗਿਆ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੁਰਜੀਤ ਸਿੰਘ ਮਾਧੋਪੁਰੀ, ਅਮਰੀਕ ਸਿੰਘ ਲੇਲ੍ਹ, ਹਰਸ਼ਰਨ ਕੌਰ, ਗੁਰਮੀਤ ਸਿੰਘ ਸਿੱਧੂ , ਸੁੱਚਾ ਸਿੰਘ ਕਲੇਰ, ਸੁਰਜੀਤ ਸਿੰਘ ਬਾਠ, ਜਸਵਿੰਦਰ ਕੌਰ ਬਾਠ, ਚਮਕੌਰ ਸਿੰਘ ਸੇਖੋਂ, ਤਰਲੋਚਨ ਸਿੰਘ (ਤਰਨ -ਤਾਰਨ), ਸੋਹਣ ਸਿੰਘ ਜੌਹਲ, ਬੇਅੰਤ ਸਿੰਘ ਢਿੱਲੋਂ, ਕੈਪਟਨ ਜੀਤ ਮਹਿਰਾ, ਰਾਜਦੀਪ ਸਿੰਘ ਤੂਰ, ਗਿਆਨ ਸਿੰਘ ਕੋਟਲੀ, ਸੁਖਵੀਰ ਕੌਰ, ਨਰਿੰਦਰ ਬਾਹੀਆ, ਅਜਾਇਬ ਸਿੰਘ ਜੌਹਲ, ਮਲਕੀਤ ਸਿੰਘ ਖੰਗੂੜਾ, ਤਰਲੋਕ ਸਿੰਘ ਬਸਰਾ, ਗੋਡਾ ਸਿੰਘ ਬਾਹੀਆ, ਦਰਸ਼ਨ ਸਿੰਘ ਸੰਧੂ, ਗੁਰਮੇਲ ਧਾਲੀਵਾਲ, ਹਰਚੰਦ ਸਿੰਘ ਗਿੱਲ, ਗੁਰਚਰਨ ਸਿੰਘ ਬਰਾੜ, ਕੁਲਦੀਪ ਸਿੰਘ ਜਗਪਾਲ, ਗੁਰਦਰਸ਼ਨ ਸਿੰਘ ਮਠਾੜੂ ,ਰਣਧੀਰ ਢਿੱਲੋਂ, ਜਸਪਾਲ ਸਿੰਘ ਜੌਹਲ, ਗੀਤਾ ਸ਼ਰਮਾ, ਕੋਮਲ ਓਛਾਨੀ, ਪਰਦੀਪ ਸ਼ਰਮਾ, ਦਵਿੰਦਰ ਮਾਂਗਟ, ਸੁਰਜੀਤ ਸਿੰਘ ਬਰਾੜ, ਬਲਵਿੰਦਰ ਸਿੰਘ ਸਰਾਏ, ਬਲਬੀਰ ਸਿੰਘ ਸੰਘਾ, ਨਰਿੰਦਰ ਸਿੰਘ ਪੰਨੂ, ਕਸ਼ਮੀਰ ਸਿੰਘ ਉੱਪਲ, ਪੁਸ਼ਪਿੰਦਰ ਕੌਰ, ਹਰਬੰਸ ਕੌਰ ਬੈਂਸ, ਹਰਬੰਸ ਸਿੰਘ ਅਖਾੜਾ ਜਗਰਾਂਉ, ਮਨਜੀਤ ਸਿੰਘ ਮੱਲ੍ਹਾ ਅਤੇ ਨਿਰਮਲ ਗਿੱਲ ਨੇ ਸ਼ਾਮਲ ਸਨ। ਅੰਤ ਵਿੱਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਮਾਗਮ ਵਿਚ ਹਾਜਰ ਸਭਨਾਂ ਸ਼ਖ਼ਸੀਅਤਾਂ ਅਤੇ ਵਿਸ਼ੇਸ਼ ਕਰ ਕੇ ਸਭਾ ਦੀ ਆਰਥਿਕ ਸਹਾਇਤਾ ਕਰਨ ਵਾਲ਼ੇ ਸੁਰਜੀਤ ਸਿੰਘ ਬਾਠ ਅਤੇ ਉਨ੍ਹਾਂ ਦੀ ਪਤਨੀ ਜਸਵਿੰਦਰ ਕੌਰ ਬਾਠ ਦਾ ਧੰਨਵਾਦ ਕੀਤਾ। ਸਟੇਜ ਦੀ ਸੰਚਾਲਨ ਸਭਾ ਦੇ ਸਹਾਇਕ ਸਕੱਤਰ ਦਰਸ਼ਨ ਸੰਘਾ ਨੇ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਕੀਤਾ।

# ਵੈਨਕੂਵਰ ਦੇ ਕਰੈਬ ਪਾਰਕ ਵਿੱਚ ਵੀ ਬੇਘਰੇ ਲੋਕਾਂ ਦੇ ਕੈਂਪ ਹਟਾਉਣ ਦੀ ਮੁਹਿੰਮ ਸ਼ੁਰੂ

ਸਰੀ, (ਏਕਜੋਤ ਸਿੰਘ): ਵੈਨਕੂਵਰ ਦੇ ਪਾਰਕ ਬੋਰਡ ਨੇ ਐਲਾਨ ਕੀਤਾ ਹੈ ਕਿ ਉਸਨੇ 2021 ਤੋਂ ਕਰੈਬ ਪਾਰਕ ਵਿੱਚ ਸਥਾਪਤ ਹੋਮਲੈੱਸ ਕੈਂਪ ਨੂੰ ਬੰਦ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਬੋਰਡ ਦਾ ਟੀਚਾ ਹੈ ਕਿ ਇਸ ਕੈਂਪ ਨੂੰ ਬੰਦ ਕਰਕੇ 7 ਨਵੰਬਰ ਤੱਕ ਇਸ ਨੂੰ ਮੁੜ "ਆਮ ਪਾਰਕ ਵਰਤੋਂ" ਲਈ ਵਾਪਸ ਕੀਤਾ ਜਾਵੇ।

ਇਕ ਬਿਆਨ ਵਿੱਚ, ਪਾਰਕ ਬੋਰਡ ਨੇ ਦੱਸਿਆ ਕਿ ਉਸਨੇ ਕੈਂਪ ਵਿੱਚ ਬਾਕੀ ਰਹੇ ਸੱਤ ਲੋਕਾਂ ਨਾਲ ਰੁਬਰੂ ਗੱਲਬਾਤ ਕੀਤੀ ਹੈ। ਉਹਨਾਂ ਵਿੱਚੋਂ ਹਰੇਕ ਨੂੰ ਪਹਲਾਂ ਸ਼ਰਨਾਂ ਦੀ ਪੇਸ਼ਕਸ਼ ਕੀਤੀ ਗਈ ਸੀ, ਪਰ ਉਹਨਾਂ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਇਸ ਤੋਂ ਇਲਾਵਾ, ਪੰਜ ਵਿਅਕਤੀਆਂ ਨੂੰ ਹਾਊਸਿੰਗ ਦੀ ਪੇਸ਼ਕਸ਼ ਕੀਤੀ ਗਈ ਸੀ, ਪਰ ਇੱਕ ਵਿਅਕਤੀ ਨੇ ਤਿੰਨ ਵਾਰ ਇਸਨੂੰ ਮਨ੍ਹਾਂ ਕਰ ਦਿੱਤਾ।

ਬਿਆਨ ਵਿੱਚ ਕਿਹਾ ਗਿਆ ਕਿ ਕੈਂਪ ਵਿੱਚ "ਮੌਜੂਦਾ ਸਥਿਤੀ" ਸਿਹਤ ਅਤੇ ਸੁਰੱਖਿਆ ਲਈ ਖਤਰਾ ਬਣੀ ਹੋਈ ਹੈ ਅਤੇ ਇਹ ਪਾਰਕ ਬੋਰਡ ਦੇ ਸਰੋਤਾਂ 'ਤੇ "ਅਣਸਥਿਰ" ਬੋਝ ਬਣਦਾ ਜਾ ਰਿਹਾ ਹੈ, ਖਾਸ ਤੌਰ 'ਤੇ ਜਦੋਂ ਕਿ ਸਰਦੀਆਂ ਨਜ਼ਦੀਕ ਆ ਰਹੀਆਂ ਹਨ।

ਦੂਜੇ ਪਾਸੇ, ਕਾਰਵਾਈ ਦੇ ਵਿਰੋਧ ਵਿੱਚ ਕੈਂਪ ਦੇ ਹੱਕ ਵਿੱਚ ਆਵਾਜ਼ ਉਠਾਉਣ ਵਾਲੇ ਸਰਗਰਮ ਸੰਗਠਨ ਨੇ ਪਾਰਕ ਬੋਰਡ ਦੇ ਤਾਜ਼ਾ ਕਦਮ ਨੂੰ "ਬੇਦਖਲੀ" ਦੱਸਿਆ ਹੈ। ਉਹਨਾਂ ਨੇ ਕਿਹਾ ਕਿ ਪਿਛਲੇ ਹਫ਼ਤੇ ਦੇ ਤੂਫ਼ਾਨੀ ਮੀਂਹ ਦੌਰਾਨ ਰਿਹਾਇਸ਼ੀਆਂ ਨੂੰ ਵਾਧੂ ਤੰਬੂ ਲਗਾਉਣ ਦੀ ਆਗਿਆ ਨਾ ਦੇਣ ਨੂੰ "ਨਿਰਦਈ" ਕਾਰਵਾਈ ਵੀ ਕਿਹਾ। This report was written by Ekjot Singh as part of the Local Journalism Initiative.


**SABLOK & SABLOK**

**Notaries Public**

ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼

**ਨੋਟਰੀ ਪਬਲਿਕ ਦੀਆਂ ਸੇਵਾਵਾਂ**

- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ

**ਇਮੀਗਰੇਸ਼ਨ ਦੀਆਂ ਸੇਵਾਵਾਂ**

- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK

**ਸਬਲੋਕ ਐਂਡ ਸਬਲੋਕ** 604-325-9200

FAX – 604-325-3666

6108 Fraser st. (at 45th Ave.) Vancouver BC V5 Ww 3A1



**ਬਾਧ ਅਕਾਊਂਟਿੰਗ ਸਰਵਿਸਿਜ਼**

ਟੈਕਸ ਦੇ ਪੇਪਰ ਭਰਨਾ | ਅਕਾਊਂਟਿੰਗ / ਪੇਰੋਲ | ਬਿਜ਼ਨਸ ਇਨਕਮ ਟੈਕਸ | ਬੁੱਕ ਕੀਪਿੰਗ | ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ



ਜਸਬੀਰ-ਸਿੰਘ-ਬਾਧ

**ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ**

TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM

UNIT # 1393-20800 Westminter Hwy Richmond , BC V6V 2W3

Ph.: 604-325-8370 | Fax. : 604-231-9600



**ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?**

**ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ**

**ਚਿਲਾਵੈਕ ਵਿਚ ਪੰਜਾਬੀ ਡੈਂਟਿਸਟ**

**We Can Help With**

» Teeth Cleaning
» Tooth Coloured Fillings
» Root Canal Treatment
» Crowns and Bridges
» Wisdom teeth Extractions
» Sedation Dentistry
» Clear Aligners
» Implants
» Dentures & many more...



Now Accepting The New Canadian Dental Care Plan From Govt.

Consult Dr. Sra for a health SMILE

Value $500

**COMPLIMENTARY NIGHT GUARD**

**with new patient hygiene**

Complete New Patient Exam with Xrays (4BW, 3PA and Panorex) and complete hygiene.

**We accept new Patients, & Emergencies**

ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ

maple smiles dentistry
Family & Community Dentistry

**604-391-1010** | maplesmiles.ca

8364 Young Road, Unit 101, Chilliwack

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

- Rachhpal Singh Gill
  Editor
  604-616-2171

Funded by the Government of Canada | Financé par le gouvernement du Canada | Canada

ADVISORY BOARD

- Gurvinder Singh Dhaliwal
  Vancouver,
  604-825-1550
- Gurlal Singh
  Journalist,
- Hardam Singh Maan
  Surrey
  604-308-6663
- Virpal Singh Bhagta
  News Reporter | Punjab
  +91 96532 00226
- Ekjot Singh
  News Reporter

Printed & Published in Canada by :
International Punjabi Tribune Inc.

604-584-5577 (Office)
punjabitribune
iptribune@gmail.com
www.punjabitribune.ca
punjabitribune

NOTICE TO ADVERTISER

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਭਾਰਤ ਅਤੇ ਕੈਨੇਡਾ ਦੇ ਬਣਦੇ-ਵਿਗੜਦੇ ਰਿਸ਼ਤੇ

**ਲੇਖਕ : ਮੁਹੰਮਦ ਅੱਬਾਸ ਧਾਲੀਵਾਲ**
**ਸੰਪਰਕ : 91 - 98552 - 59650**

ਪਿਛਲੇ ਕੁਝ ਸਮੇਂ ਤੋਂ ਭਾਰਤ ਅਤੇ ਕੈਨੇਡਾ ਦੇ ਸੰਬੰਧਾਂ ਵਿੱਚ ਬਹੁਤ ਨਿਘਾਰ ਆਇਆ ਹੈ ਅਤੇ ਹਾਲ ਦੀ ਘੜੀ ਇਨ੍ਹਾਂ ਦੋਹਾਂ ਦੇਸ਼ਾਂ ਵਿਚਾਲੇ ਕੂਟਨੀਤਕ ਸੰਬੰਧਾਂ ਵਿਚਲੀ ਖਾਈ ਹੋਰ ਵਧੇਰੇ ਡੂੰਘਿ ਹੋ ਗਈ ਹੈ। ਦਰਅਸਲ ਇਨ੍ਹਾਂ ਤਲਖ ਹੋ ਰਹੇ ਸੰਬੰਧਾਂ ਦਾ ਮੁੜ ਉਸ ਸਮੇਂ ਬੱਝਣਾ ਸ਼ੁਰੂ ਹੋ ਗਿਆ ਸੀ ਜਦੋਂ ਕਨੇਡਾ ਨੇ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿੱਚ ਭਾਰਤੀ ਅਧਿਕਾਰੀਆਂ ਦੇ ਹੱਥ ਹੋਣ ਦਾ ਦਾਅਵਾ ਕੀਤਾ ਸੀ। ਇਨ੍ਹਾਂ ਦੋਸ਼ਾਂ ਤੋਂ ਬਾਅਦ ਕੈਨੇਡਾ ਅਤੇ ਭਾਰਤ ਵਿਚਾਲੇ ਕੂਟਨੀਤਕ ਪੱਧਰ 'ਤੇ ਜੋ ਤਣਾਅ ਵਧਿਆ ਸੀ, ਉਹ ਹੁਣ ਇੱਕ ਤਰ੍ਹਾਂ ਨਾਲ ਸਿਖਰਾਂ 'ਤੇ ਪੁੱਜ ਗਿਆ ਹੈ। ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਿਜ ਕਰਦਿਆਂ ਭਾਰਤ ਨੇ ਨਾ ਸਿਰਫ਼ ਕੈਨੇਡਾ ਤੋਂ ਆਪਣੇ ਹਾਈ ਕਮਿਸ਼ਨਰ ਨੂੰ ਵਾਪਸ ਬੁਲਾ ਲਿਆ ਹੈ ਸਗੋਂ ਨਵੀਂ ਦਿੱਲੀ ਤੋਂ ਕੈਨੇਡਾ ਦੇ 6 ਡਿਪਲੋਮੈਟਾਂ ਨੂੰ ਵੀ ਕੱਢ ਦਿੱਤਾ ਗਿਆ ਹੈ।

ਜੇਕਰ ਇਤਿਹਾਸ 'ਤੇ ਝਾਤ ਮਾਰੀਏ ਤਾਂ ਸਾਲ 1974 ਵਿੱਚ ਭਾਰਤ ਨੇ ਪਰਮਾਣੂ ਪ੍ਰੀਖਣ ਕਰ ਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਸੀ, ਜਿਸ ਕਾਰਨ ਕੈਨੇਡਾ ਵਿੱਚ ਨਾਰਾਜ਼ਗੀ ਫੈਲ ਗਈ ਸੀ। ਉਸ ਵੇਲੇ ਕੈਨੇਡਾ ਨੇ ਰਿਐਕਟਰ ਤੋਂ ਪਲੂਟੋਨੀਅਮ ਕੱਢਣ ਦਾ ਇਲਜ਼ਾਮ ਲਗਾਇਆ ਸੀ, ਜੋ ਸਿਰਫ਼ ਸ਼ਾਂਤਮਈ ਢੰਗ ਨਾਲ ਵਰਤੋਂ ਕਰਨ ਲਈ ਸੀ। ਇਸ ਉਪਰੰਤ ਉਨ੍ਹਾਂ ਸਮਿਆਂ ਦੌਰਾਨ ਵੀ ਦੋਵਾਂ ਦੇਸ਼ਾਂ ਵਿਚਾਲੇ ਰਿਸ਼ਤੇ ਕਾਫੀ ਫਿੱਕੇ ਪੈ ਗਏ ਸਨ ਅਤੇ ਕੈਨੇਡਾ ਨੇ ਭਾਰਤ ਦੇ ਪਰਮਾਣੂ ਊਰਜਾ ਪ੍ਰੋਗਰਾਮ ਨੂੰ ਸਮਰਥਨ ਦੇਣਾ ਬੰਦ ਕਰ ਦਿੱਤਾ ਸੀ।

ਜੇਕਰ ਮੌਜੂਦਾ ਤਣਾਓ ਦੀ ਗੱਲ ਕਰੀਏ ਤਾਂ ਇਹ ਤਣਾਓ ਪਿਛਲੇ ਸਾਲ ਜੂਨ ਵਿੱਚ ਉਦੋਂ ਸ਼ੁਰੂ ਹੋਇਆ ਜਦੋਂ ਕੈਨੇਡਾ ਦੀ ਧਰਤੀ 'ਤੇ ਕਤਲ ਕੀਤੇ ਗਏ ਖ਼ਾਲਿਸਤਾਨੀ ਸਮਰਥਕ ਹਰਦੀਪ ਨਿੱਝਰ ਦਾ ਕਤਲ ਹੋਇਆ ਸੀ। ਇੱਧਰ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਨੂੰ ਭਾਰਤ ਨੇ ਅੱਤਵਾਦੀ ਐਲਾਨਿਆ ਹੋਇਆ ਸੀ। ਕੂਟਨੀਤਕਾਂ ਨੂੰ ਕੱਢਣ ਦਾ ਇਹ ਕਦਮ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਇਸ ਦਾਅਵੇ ਤੋਂ ਬਾਅਦ ਹੋਈ ਕਾਰਵਾਈ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਕੈਨੇਡਾ ਦੀ ਪੁਲਿਸ ਜੂਨ 2023 ਦੇ ਕਤਲ ਵਿੱਚ ਭਾਰਤੀ ਏਜੰਟਾਂ ਦੀ ਸਿੱਧੀ ਸ਼ਮੂਲੀਅਤ ਦੇ ਇਲਜ਼ਾਮਾਂ ਦੀ ਜਾਂਚ ਕਰ ਰਹੀ ਹੈ।

ਉੱਧਰ ਬੀਬੀਸੀ ਦੀ ਇੱਕ ਰਿਪੋਰਟ ਵਿੱਚ ਅਮਰੀਕੀ ਥਿੰਕਟੈਂਕ, ਵਿਲਸਨ ਸੈਂਟਰ ਦੇ ਮਾਈਕਲ ਕੁਗੇਲਮਨ ਦਾ ਕਹਿਣਾ ਹੈ ਕਿ, "ਇਹ ਰਿਸ਼ਤੇ ਕਈ ਸਾਲਾਂ ਤੋਂ ਢਲਾਣ ਵੱਲ ਸਨ ਪਰ ਹੁਣ ਇਹ ਬਹੁਤ ਜ਼ਿਆਦਾ ਹੀ ਫਿੱਕੇ ਪੈ ਗਏ ਹਨ।"

"ਜਨਤਕ ਤੌਰ 'ਤੇ ਬੇਹੱਦ ਗੰਭੀਰ ਅਤੇ ਵਿਸਥਾਰਿਤ ਇਲਜ਼ਾਮ ਲਗਾਉਣਾ, ਸਫ਼ੀਰਾਂ ਅਤੇ ਮੋਹਰੀ ਕੂਟਨੀਤਕਾਂ ਨੂੰ ਵਾਪਸ ਬੁਲਾਉਣਾ, ਤਿੱਖੀ ਭਾਸ਼ਾ ਵਿੱਚ ਕੂਟਨੀਤਕ ਬਿਆਨ ਜਾਰੀ ਕਰਨਾ, ਇਹ ਸਭ ਜੋ ਹੋ ਰਿਹਾ ਹੈ, ਉਹ ਸੋਚ ਤੋਂ ਪਰੇ ਦੀ ਗੱਲ ਹੈ ਅਤੇ ਚਿੰਤਾ ਦਾ ਵਿਸ਼ਾ ਹੈ।"

ਇਸੇ ਉਕਤ ਰਿਪੋਰਟ ਵਿੱਚ ਕੌਨਫਲਿਕਟਿੰਗ ਵਿਜ਼ਨਜ਼, ਕੈਨੇਡਾ ਐਂਡ ਇੰਡੀਆ ਇਨ ਦਿ ਕੋਲਡ ਵਾਰ ਵਰਲਡ ਦੇ



*ਬੀਬੀਸੀ ਦੀ ਇੱਕ ਰਿਪੋਰਟ ਵਿੱਚ ਅਮਰੀਕੀ ਥਿੰਕਟੈਂਕ, ਵਿਲਸਨ ਸੈਂਟਰ ਦੇ ਮਾਈਕਲ ਕੁਗੇਲਮਨ ਦਾ ਕਹਿਣਾ ਹੈ ਕਿ, "ਇਹ ਰਿਸ਼ਤੇ ਕਈ ਸਾਲਾਂ ਤੋਂ ਢਲਾਣ ਵੱਲ ਸਨ ਪਰ ਹੁਣ ਇਹ ਬਹੁਤ ਜ਼ਿਆਦਾ ਹੀ ਫਿੱਕੇ ਪੈ ਗਏ ਹਨ।" "ਜਨਤਕ ਤੌਰ 'ਤੇ ਬੇਹੱਦ ਗੰਭੀਰ ਅਤੇ ਵਿਸਥਾਰਿਤ ਇਲਜ਼ਾਮ ਲਗਾਉਣਾ, ਸਫ਼ੀਰਾਂ ਅਤੇ ਮੋਹਰੀ ਕੂਟਨੀਤਕਾਂ ਨੂੰ ਵਾਪਸ ਬੁਲਾਉਣਾ, ਤਿੱਖੀ ਭਾਸ਼ਾ ਵਿੱਚ ਕੂਟਨੀਤਕ ਬਿਆਨ ਜਾਰੀ ਕਰਨਾ, ਇਹ ਸਭ ਜੋ ਹੋ ਰਿਹਾ ਹੈ, ਉਹ ਸੋਚ ਤੋਂ ਪਰੇ ਦੀ ਗੱਲ ਹੈ ਅਤੇ ਚਿੰਤਾ ਦਾ ਵਿਸ਼ਾ ਹੈ।" ਇਸੇ ਉਕਤ ਰਿਪੋਰਟ ਵਿੱਚ ਕੌਨਫਲਿਕਟਿੰਗ ਵਿਜ਼ਨਜ਼, ਕੈਨੇਡਾ ਐਂਡ ਇੰਡੀਆ ਇਨ ਦਿ ਕੋਲਡ ਵਾਰ ਵਰਲਡ ਦੇ ਰਿਆਨ ਤੌਹੇ ਦਾ ਕਹਿਣਾ ਹੈ, "ਇਹ ਟਰੂਡੋ ਸਰਕਾਰ ਦੇ ਰਾਜ ਅਧੀਨ ਕੈਨੇਡਾ ਅਤੇ ਭਾਰਤ ਵਿਚਾਲੇ ਰਿਸ਼ਤਿਆਂ ਵਿੱਚ ਆਈ ਅਹਿਮ ਗਿਰਾਵਟ ਨੂੰ ਦਰਸਾਉਂਦਾ ਹੈ।" ਉਹ ਇਹ ਵੀ ਕਹਿੰਦੇ ਹਨ ਕਿ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਸਰਕਾਰ ਦੀ ਇੱਕ ਅਹਿਮ ਸਫ਼ਲਤਾ ਇਹ ਸੀ ਕਿ ਉਨ੍ਹਾਂ ਨੇ ਖ਼ਾਲਿਸਤਾਨ ਅਤੇ ਪਰਮਾਣੂ ਪ੍ਰਸਾਰ ਦੀਆਂ ਸ਼ਿਕਾਇਤਾਂ ਨੂੰ ਪਿੱਛੇ ਛੱਡ ਕੇ ਭਾਰਤ-ਕੈਨੇਡਾ ਦੇ ਰਿਸ਼ਤੇ ਵਿਚਾਲੇ 'ਲੰਬੇ ਸਮੇਂ ਤਕ ਮੇਲ-ਜੋਲ' ਨੂੰ ਵਧਾਇਆ।" ਇਸ ਦੀ ਬਜਾਇ, ਕੈਨੇਡਾ ਨੇ ਵੱਡੀ ਗਿਣਤੀ ਵਿੱਚ ਭਾਰਤੀ ਪਰਵਾਸੀਆਂ ਦੀ ਗਿਣਤੀ ਨੂੰ ਦੇਖਦੇ ਹੋਏ, ਵਪਾਰ, ਸਿੱਖਿਆ ਅਤੇ ਲੋਕਾਂ ਦੇ ਮੇਲ-ਜੋਲ ਦੇ ਮਹੱਤਵ 'ਤੇ ਧਿਆਨ ਕੇਂਦਰਿਤ ਕੀਤਾ।"*

ਰਿਆਨ ਤੌਹੇ ਦਾ ਕਹਿਣਾ ਹੈ, "ਇਹ ਟਰੂਡੋ ਸਰਕਾਰ ਦੇ ਰਾਜ ਅਧੀਨ ਕੈਨੇਡਾ ਅਤੇ ਭਾਰਤ ਵਿਚਾਲੇ ਰਿਸ਼ਤਿਆਂ ਵਿੱਚ ਆਈ ਅਹਿਮ ਗਿਰਾਵਟ ਨੂੰ ਦਰਸਾਉਂਦਾ ਹੈ।" ਉਹ ਇਹ ਵੀ ਕਹਿੰਦੇ ਹਨ ਕਿ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਸਰਕਾਰ ਦੀ ਇੱਕ ਅਹਿਮ ਸਫ਼ਲਤਾ ਇਹ ਸੀ ਕਿ ਉਨ੍ਹਾਂ ਨੇ ਖ਼ਾਲਿਸਤਾਨ ਅਤੇ ਪਰਮਾਣੂ ਪ੍ਰਸਾਰ ਦੀਆਂ ਸ਼ਿਕਾਇਤਾਂ ਨੂੰ ਪਿੱਛੇ ਛੱਡ ਕੇ ਭਾਰਤ-ਕੈਨੇਡਾ ਦੇ ਰਿਸ਼ਤੇ ਵਿਚਾਲੇ 'ਲੰਬੇ ਸਮੇਂ ਤਕ ਮੇਲ-ਜੋਲ' ਨੂੰ ਵਧਾਇਆ।" ਇਸ ਦੀ ਬਜਾਇ, ਕੈਨੇਡਾ ਨੇ ਵੱਡੀ ਗਿਣਤੀ ਵਿੱਚ ਭਾਰਤੀ ਪਰਵਾਸੀਆਂ ਦੀ ਗਿਣਤੀ ਨੂੰ ਦੇਖਦੇ ਹੋਏ, ਵਪਾਰ, ਸਿੱਖਿਆ ਅਤੇ ਲੋਕਾਂ ਦੇ ਮੇਲ-ਜੋਲ ਦੇ ਮਹੱਤਵ 'ਤੇ ਧਿਆਨ ਕੇਂਦਰਿਤ ਕੀਤਾ।"

"ਇਹ ਵੀ ਦੱਸਣਾ ਜ਼ਰੂਰੀ ਹੈ ਕਿ ਮਿਲੇਨੀਅਮ ਸਦੀ ਦੀ ਸ਼ੁਰੂਆਤ ਵਿੱਚ ਖ਼ਾਲਸਿਤਾਨ ਦਾ ਮੁੱਦਾ ਗਾਇਬ ਜਿਹਾ ਹੋ ਗਿਆ ਸੀ ਪਰ ਹੁਣ ਇਹ ਫਿਰ ਉੱਭਰ ਆਇਆ ਹੈ।"

ਦੂਜੇ ਪਾਸੇ ਇਹ ਵੀ ਗੱਲ ਧਿਆਨ ਦੇਣ ਯੋਗ ਹੈ ਕਿ ਕੈਨੇਡਾ ਦੇ ਉਕਤ ਇਲਜ਼ਾਮ ਅਜਿਹੇ ਸਮੇਂ ਸਾਹਮਣੇ ਆਏ ਹਨ ਜਦੋਂ ਟਰੂਡੋ ਆਪਣੇ ਦੇਸ਼ ਵਿੱਚ ਸੱਤਾ ਵਿਰੋਧੀ ਲਹਿਰ ਨਾਲ ਜੂਝ ਰਹੇ ਹਨ ਅਤੇ ਚੋਣਾਂ ਵਿੱਚ ਮੁਸ਼ਕਿਲ ਨਾਲ ਇੱਕ ਹੀ ਸਾਲ ਦਾ ਸਮਾਂ ਬਚਿਆ ਹੈ। ਇਸ ਸੰਦਰਭ ਵਿੱਚ ਇਪਸੋਸ ਦੇ ਇੱਕ ਨਵੇਂ ਸਰਵੇਖਣ ਤੋਂ ਪਤਾ ਲਗਦਾ ਹੈ ਕਿ 28 ਫੀਸਦੀ ਲੋਕ ਟਰੂਡੋ ਦੇ ਹੱਕ ਵਿੱਚ ਹਨ ਅਤੇ 26 ਫੀਸਦੀ ਲੋਕ ਲਿਬਰਲਜ਼ ਨੂੰ ਵੋਟ ਦੇਣਗੇ।

ਇੱਧਰ ਭਾਰਤੀ ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਤਿੱਖੀ ਟਿੱਪਣੀ ਕਰਦੇ ਹੋਏ ਟਰੂਡੋ ਦੇ ਇਲਜ਼ਾਮਾਂ ਨੂੰ 'ਟਰੂਡੋ ਸਰਕਾਰ ਦਾ ਸਿਆਸੀ ਏਜੰਡਾ' ਦੱਸਿਆ, ਜੋ 'ਵੋਟ ਬੈਂਕ ਸਿਆਸਤ ਤੋਂ ਪ੍ਰੇਰਿਤ ਹੈ।'

ਸਾਲ 2016 ਵਿੱਟ ਟਰੂਡੋ ਨੇ ਪੱਤਰਕਾਰਾਂ ਨੂੰ ਦੱਸਿਆ ਸੀ ਕਿ ਉਨ੍ਹਾਂ ਦੀ ਕੈਬਨਿਟ ਵਿੱਚ ਚਾਰ ਸਿੱਖ ਹਨ, ਜੋ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੈਬਨਿਟ ਨਾਲੋਂ ਜ਼ਿਆਦਾ ਹਨ। ਇੱਥੇ ਜ਼ਿਕਰਯੋਗ ਹੈ ਕਿ ਸਾਲ 2020 ਵਿੱਚ ਟਰੂਡੋ ਨੇ ਭਾਰਤ ਵਿੱਚ ਕਿਸਾਨ ਅੰਦੋਲਨ ਨੂੰ ਲੈ ਕੇ ਆਪਣੀ ਚਿੰਤਾ ਜ਼ਾਹਿਰ ਕੀਤੀ ਸੀ, ਜਿਸਦੀ ਦਿੱਲੀ ਨੇ ਕਾਫੀ ਆਲੋਚਨਾ ਕੀਤੀ ਸੀ।

ਤੌਹੇ ਦਾ ਅੱਗੇ ਕਹਿਣਾ ਹੈ, "ਮੋਟੇ ਤੌਰ 'ਤੇ ਮੈਨੂੰ ਇਸ ਸੰਕਟ ਤੋਂ ਇਹ ਅਹਿਸਾਸ ਹੋ ਗਿਆ ਹੈ ਕਿ ਇਹ ਪ੍ਰਧਾਨ ਮੰਤਰੀ ਦੂਜੀ ਵਾਰ ਹਾਰਨ ਦੇ ਰਾਹ 'ਤੇ ਹੈ। ਖ਼ਾਸ ਤੌਰ 'ਤੇ ਇੰਡੋ-ਕੈਨੇਡੀਅਨ ਭਾਈਚਾਰੇ ਵਿੱਚ ਇਸ ਨਾਲ ਜ਼ਿਆਦਾ ਦੁੱਖ ਪਹੁੰਚ ਸਕਦਾ ਹੈ।"

ਤੌਹੇ ਦਾ ਇਹ ਵੀ ਮੰਨਣਾ ਹੈ ਕਿ ਕੈਨੇਡਾ ਵਿੱਚ ਖ਼ਾਲਿਸਤਾਨ ਪੱਖੀ ਤੱਤਾਂ ਬਾਰੇ ਭਾਰਤੀ ਚਿੰਤਾਵਾਂ 'ਤੇ ਧਿਆਨ ਦੇਣ ਲਈ ਕੈਨੇਡਾ ਦੀਆਂ ਸਰਕਾਰਾਂ ਨਾਲ ਦਹਾਕਿਆਂ ਤਕ ਬੇਨਤੀਆਂ ਕਰਨ ਤੋਂ ਬਾਅਦ, ਹੁਣ ਉਨ੍ਹਾਂ ਨੂੰ ਲਗਦਾ ਹੈ ਕਿ ਉਹ ਫਿਰ ਤੋਂ ਸ਼ੁਰੂਆਤੀ ਹਾਲਾਤ ਵਿੱਚ ਆ ਗਏ ਹਨ।" ਜਦੋਂ ਕਿ ਦੂਜੇ ਪਾਸੇ ਕੁਗੇਲਮਨ ਦਾ ਮੰਨਣਾ ਹੈ "ਦੁਵੱਲੇ ਰਿਸ਼ਤਿਆਂ ਵਿੱਚ ਤੇਜ਼ੀ ਨਾਲ ਆਈ ਗਿਰਾਵਟ ਦੇ ਪਿੱਛੇ ਕਈ ਕਾਰਨ ਹਨ। ਇਸ ਵਿੱਚ ਇੱਕ ਬੁਨਿਆਦੀ ਤੌਰ 'ਤੇ ਵੱਖ ਹੋਣਾ ਵੀ ਸ਼ਾਮਲ ਹੈ।"

"ਭਾਰਤ ਜਿਸ ਨੂੰ ਇੱਕ ਖ਼ਤਰਨਾਕ ਖ਼ਤਰੇ ਵਜੋਂ ਪੇਸ਼ ਕਰਦਾ ਹੈ, ਕੈਨੇਡਾ ਉਸ ਨੂੰ ਸਿਰਫ਼ ਰੋਸ ਮੁਜ਼ਾਹਰੇ ਮੰਨਦਾ ਹੈ ਅਤੇ ਇਸ ਨੂੰ ਪ੍ਰਗਟਾਵੇ ਦੀ ਆਜ਼ਾਦੀ ਤਹਿਤ ਅਸਹਿਮਤੀ ਦੇ ਵਜੋਂ ਲੈਂਦਾ ਹੈ ਅਤੇ ਦੋਵਾਂ ਵਿੱਚੋਂ ਕੋਈ ਵੀ ਰਿਆਇਤ ਕਰਨ ਲਈ ਤਿਆਰ ਨਹੀਂ ਹੈ।"

ਦੋਹਾਂ ਦੇਸ਼ਾਂ ਦਾ ਲੰਬਾ ਰਿਸ਼ਤਾ ਰਿਹਾ ਹੈ। ਕੈਨੇਡਾ ਵਿੱਚ ਭਾਰਤੀ ਮੂਲ ਦੇ ਭਾਈਚਾਰਿਆਂ ਵੱਡੀ ਅਬਾਦੀ ਹੈ, ਜਿਸ ਵਿੱਚ 13 ਲੱਖ ਨਿਵਾਸੀ ਅਤੇ ਇਹ ਕੈਨੇਡਾ ਦੀ ਕੁੱਲ ਅਬਾਦੀ ਦਾ 4 ਫੀਸਦੀ ਹਨ।

ਪਰ ਫਿਰ ਵੀ ਤਸੱਲੀ ਵਾਲੀ ਗੱਲ ਇਹ ਹੈ ਕਿ ਇਸ ਤਣਾਅ ਦਾ ਹਾਲੇ ਤਕ ਦੋਵਾਂ ਦੇਸ਼ਾਂ ਦੇ ਵਪਾਰਕ ਸੰਬੰਧਾਂ 'ਤੇ ਹਾਲ ਦੀ ਘੜੀ ਕੋਈ ਅਸਰ ਵੇਖਣ ਨੂੰ ਨਹੀਂ ਮਿਲ ਰਿਹਾ ਹੈ। ਲੇਕਿਨ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਇਹ ਮਾਮਲਾ ਲੰਮਾ ਸਮਾਂ ਲਟਕਦਾ ਰਿਹਾ ਤਾਂ ਇਸਦਾ ਦੋਵਾਂ ਦੇਸ਼ਾਂ ਦੇ ਵਪਾਰਕ ਸੰਬੰਧਾਂ 'ਤੇ ਅਸਰ ਪੈ ਸਕਦਾ ਹੈ।

ਇੱਥੇ ਜ਼ਿਕਰਯੋਗ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਭਾਰਤ ਅਤੇ ਕੈਨੇਡਾ ਦੇ ਮਜ਼ਬੂਤ ਆਰਥਿਕ ਸੰਬੰਧ ਰਹੇ ਹਨ। 2023-24 ਵਿੱਚ ਭਾਰਤ ਨੇ ਕੈਨੇਡਾ ਤੋਂ 4.6 ਅਰਬ ਡਾਲਰ ਦਾ ਆਯਾਤ ਕੀਤਾ, ਜਦੋਂਕਿ ਕੈਨੇਡਾ ਨੂੰ 3.8 ਅਰਬ ਡਾਲਰ ਦਾ ਨਿਰਯਾਤ ਕੀਤਾ। ਇਹ ਸਪਸ਼ਟ ਹੈ ਕਿ ਵਪਾਰ ਸੰਤੁਲਨ ਕੈਨੇਡਾ ਦੇ ਪੱਖ ਵਿੱਚ ਹੈ। ਇਸ ਦੌਰਾਨ ਦੋਵਾਂ ਦੇਸ਼ਾਂ ਵਿਚਕਾਰ ਦੁਵੱਲਾ ਵਪਾਰਕ ਵਪਾਰ 8.4 ਅਰਬ ਡਾਲਰ ਤਕ ਪਹੁੰਚ ਗਿਆ। ਇੱਕ ਰਿਪੋਰਟ ਅਨੁਸਾਰ ਅਪਰੈਲ 2000 ਅਤੇ ਜੂਨ 2024 ਦੇ ਵਿਚਕਾਰ, ਭਾਰਤ ਨੂੰ ਐੱਫ਼ਡੀ.ਆਈ. ਦੇ ਰੂਪ ਵਿੱਚ ਕੈਨੇਡਾ ਤੋਂ 4 ਅਰਬ ਡਾਲਰ ਦਾ ਨਿਵੇਸ਼ ਮਿਲਿਆ। ਕੈਨੇਡਾ ਦੇ ਪੈਨਸ਼ਨ ਫੰਡਜ਼ ਨੇ ਭਾਰਤ ਵਿੱਚ 75 ਅਰਬ ਡਾਲਰ ਤੋਂ ਵੱਧ ਦਾ ਨਿਵੇਸ਼ ਕੀਤਾ ਹੈ।

ਇੱਕ ਰਿਪੋਰਟ ਅਨੁਸਾਰ 30 ਸਤੰਬਰ ਤਕ ਭਾਰਤ ਦੇ ਸ਼ੇਅਰ ਬਾਜ਼ਾਰ ਵਿੱਚ ਕੈਨੇਡਾ ਦੇ ਕੁੱਲ ਨਿਵੇਸ਼ ਦਾ ਮੁੱਲ ਲਗਭਗ 24 ਅਰਬ ਡਾਲਰ ਯਾਨੀ ਲਗਭਗ 2 ਲੱਖ ਕਰੋੜ ਰੁਪਏ ਸੀ। ਅਮਰੀਕਾ, ਸਿੰਗਾਪੁਰ, ਲਕਸਮਬਰਗ, ਆਇਰਲੈਂਡ, ਮਾਰੀਸ਼ਸ, ਯੂਕੇ, ਨਾਰਵੇ ਅਤੇ ਜਾਪਾਨ ਤੋਂ ਬਾਅਦ ਕੈਨੇਡਾ ਭਾਰਤੀ ਸ਼ੇਅਰ ਬਾਜ਼ਾਰ ਵਿੱਚ ਨੌਂਵਾਂ ਸਭ ਤੋਂ ਵੱਡਾ ਨਿਵੇਸ਼ਕ ਹੈ, ਜਦੋਂ ਕਿ ਦੂਜੇ ਪਾਸੇ ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ 600 ਤੋਂ ਵੱਧ ਕੈਨੇਡੀਅਨ ਕੰਪਨੀਆਂ ਮੌਜੂਦ ਹਨ। ਇਸੇ ਤਰ੍ਹਾਂ ਕਈ ਭਾਰਤੀ ਕੰਪਨੀਆਂ ਵੀ ਕੈਨੇਡਾ ਵਿੱਚ ਕਾਰੋਬਾਰ ਕਰ ਰਹੀਆਂ ਹਨ। ਇਨ੍ਹਾਂ ਵਿੱਚ ਆਈ.ਟੀ., ਸਾਫਟਵੇਅਰ, ਸਟੀਲ, ਕੁਦਰਤੀ ਸਰੋਤ ਅਤੇ ਬੈਂਕਿੰਗ ਸੈਕਟਰ ਦੀਆਂ ਕੰਪਨੀਆਂ ਸ਼ਾਮਲ ਹਨ।

# ਲਾਹੌਰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ



ਇਲਾਮਾਬਾਦ : ਪਾਕਿਸਤਾਨ ਦੇ ਸ਼ਹਿਰ ਲਾਹੌਰ ਨੂੰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਐਲਾਨਿਆ ਗਿਆ ਹੈ, ਜਿਥੇ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ (ਏਕਿਊਆਈ) 394 ਤੱਕ ਪਹੁੰਚ ਗਿਆ ਹੈ। ਇਹ ਦਰਜਾ ਸਿਹਤ ਲਈ ਖ਼ਤਰਨਾਕ ਹੈ, ਕਿਉਂਕਿ 100 ਤੋਂ ਉਪਰ ਏਕਿਊਆਈ ਨੂੰ ਸਿਹਤ ਲਈ ਖ਼ਤਰਨਾਕ ਅਤੇ 150 ਤੋਂ ਉਪਰ ਨੂੰ ਬਹੁਤ ਖ਼ਤਰਨਾਕ ਮੰਨਿਆ ਜਾਂਦਾ ਹੈ।

ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਸਮੌਗ ਦੇ ਪ੍ਰਭਾਵ ਨੂੰ ਘਟਾਉਣ ਲਈ ਨਕਲੀ ਮੀਂਹ ਦੀ ਯੋਜਨਾ ਤਿਆਰ ਕੀਤੀ ਹੈ। ਜਾਣਕਾਰੀ ਅਨੁਸਾਰ, ਫਸਲਾਂ ਦੀ ਰਹਿੰਦ-ਖੂੰਦ ਸਾੜਨ ਅਤੇ ਉਦਯੋਗਿਕ ਨਿਕਾਸ ਕਾਰਨ ਹਵਾ ਪ੍ਰਦੂਸ਼ਣ ਦੀ ਸਮੱਸਿਆ ਵਿੱਚ ਵਾਧਾ ਹੋਇਆ ਹੈ। ਸਮੌਗ ਕਾਰਨ ਲਾਹੌਰ ਦੇ ਵਾਸੀਆਂ ਨੂੰ ਖੰਘ, ਸਾਹ ਲੈਣ ਵਿੱਚ ਤਕਲੀਫ਼, ਅੱਖਾਂ ਵਿੱਚ ਜਲਣ ਅਤੇ ਚਮੜੀ ਦੇ ਰੋਗਾਂ ਸਮੇਤ ਕਈ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਦੀ ਸੂਚਨਾ ਮੰਤਰੀ, ਆਜ਼ਮਾ ਬੁਖਾਰੀ, ਨੇ ਕਿਹਾ ਕਿ ਇਸ ਸਮੱਸਿਆ ਨਾਲ ਨਜਿੱਠਣ ਲਈ ਕਈ ਪਹਿਲਕਦਮੀਆਂ ਕੀਤੀਆਂ ਗਈਆਂ ਹਨ ਅਤੇ ਹੁਣ ਸ਼ਹਿਰ ਵਿੱਚ ਨਕਲੀ ਮੀਂਹ ਦੀ ਯੋਜਨਾ ਬਣਾਈ ਗਈ ਹੈ। ਮਰੀਅਮ ਨਵਾਜ਼ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਐਂਟੀ ਸਮੌਗ ਟੀਮ ਬਣਾਈ ਹੈ, ਜੋ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰੇਗੀ। ਇਹ ਟੀਮਾਂ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਦ ਸਾੜਨ ਤੋਂ ਹੋਣ ਵਾਲੇ ਨੁਕਸਾਨ ਬਾਰੇ ਜਾਗਰੂਕ ਕਰਨਗੀਆਂ, ਸੁਪਰ ਸੀਡਰਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਗੀਆਂ ਅਤੇ ਰਹਿੰਦ-ਖੂੰਦ ਦੇ ਨਿਬੇੜੇ ਲਈ ਬਦਲਵੇਂ ਤਰੀਕਿਆਂ ਬਾਰੇ ਜਾਣਕਾਰੀ ਦੇਣਗੀਆਂ।

ਇਸ ਪਲਾਈਟਕ ਸੰਕਟ ਦਾ ਮੁਕਾਬਲਾ ਕਰਨ ਲਈ, ਸਿਰਫ ਸਰਕਾਰੀ ਯੋਜਨਾਵਾਂ ਦੀ ਹੀ ਨਹੀਂ, ਸਗੋਂ ਸਮਾਜ ਦੇ ਹਰ ਸੱਤਰ ਨੂੰ ਜਾਗਰੂਕਤਾ ਅਤੇ ਉੱਚੀਆਂ ਮਿਆਰਾਂ ਦੀ ਪਾਲਣਾ ਕਰਨ ਦੀ ਲੋੜ ਹੈ। ਸਮਾਜਿਕ ਸੰਵਾਦ ਅਤੇ ਸਹਿਯੋਗ ਦੇ ਰਾਹੀਂ ਹੀ ਲਾਹੌਰ ਨੂੰ ਇਸ ਪ੍ਰਦੂਸ਼ਣ ਤੋਂ ਬਚਾਉਣਾ ਸੰਭਵ ਹੋਵੇਗਾ।

# ਮਾਈਕ੍ਰੋਸਾਫਟ ਦੇ ਸਹਿ ਸੰਸਥਾਪਕ ਬਿਲ ਗੇਟਸ ਨੇ ਕਮਲਾ ਹੈਰਿਸ ਨੂੰ 50 ਮਿਲੀਅਨ ਡਾਲਰ ਦੇ ਦਾਨ ਨਾਲ ਸਮਰਥਨ ਦੇਣ ਦਾ ਐਲਾਨ ਕੀਤਾ

ਵਾਸ਼ਿੰਗਟਨ, (ਰਾਜ ਗੋਗਨਾ)-ਅਮਰੀਕਾ ਦੀਆਂ ਰਾਸ਼ਟਰਪਤੀ ਚੋਣ ਲਈ ਵੋਟਾਂ ਪੈਣ ਵਿੱਚ ਸਿਰਫ਼ ਦੋ ਕੁ ਹਫ਼ਤੇ ਬਾਕੀ ਹਨ। ਰਿਪਬਲਿਕਨ ਅਤੇ ਡੈਮੋਕਰੇਟਿਕ ਉਮੀਦਵਾਰ ਚੋਣ ਪ੍ਰਚਾਰ ਕਰ ਰਹੇ ਹਨ। ਅਤੇ, ਸਾਰੇ ਸਰਵੇਖਣ ਕਮਲਾ ਹੈਰਿਸ ਦੇ ਪੱਖ ਵਿੱਚ ਜਾ ਰਹੇ ਹਨ। ਉਹ ਸਵਿੰਗ ਰਾਜਾਂ ਵਿੱਚ ਟਰੰਪ ਤੋਂ 2.5 ਪ੍ਰਤੀਸ਼ਤ ਅੰਕਾਂ ਨਾਲ ਅੱਗੇ ਹੈ। ਹਾਲਾਂਕਿ, ਇਹ ਦੇਖਣਾ ਦਿਲਚਸਪ ਹੋਵੇਗਾ ਕਿ ਨਿਰਪੱਖ 5 ਪ੍ਰਤੀਸ਼ਤ ਕਿਸ ਵੱਲ ਝੁਕਣਗੇ। ਇਸ ਪ੍ਰਕਿਰਿਆ ਵਿਚ ਕਮਲਾ ਹੈਰਿਸ ਨੂੰ ਅਰਬਪਤੀਆਂ ਦਾ ਸਮਰਥਨ ਹੋਰ ਵੀ ਦਿਨੋਂ ਦਿਨ ਵੱਧ ਰਿਹਾ ਹੈ। ਹਾਲ ਹੀ ਵਿੱਚ ਬਿਲ ਗੇਟਸ ਇਸ ਸੂਚੀ ਵਿੱਚ ਹੁਣ ਸ਼ਾਮਲ ਹੋਏ ਹਨ।ਅਤੇ ਉਹਨਾਂ ਨੇ ਕਮਲਾ ਹੈਰਿਸ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ।ਜਦ ਕਿ ਬਿਲ ਗੇਟਸ ਦੀ ਸਾਬਕਾ ਪਤਨੀ ਮੇਲਿੰਡਾ ਗੇਟਸ ਪਹਿਲਾਂ ਹੀ ਡੈਮੋਕਰੇਟਿਕ ਨੇਤਾ ਦੀ ਸਮਰਥਕ ਹੈ।ਮਾਈਕ੍ਰੋਸਾਫਟ ਦੇ ਸਹਿ-ਸੰਸਥਾਪਕ, ਅਰਬਪਤੀ ਬਿਲ ਗੇਟਸ ਨੇ ਕਮਲਾ ਹੈਰਿਸ ਲਈ ਆਪਣਾ ਸਮਰਥਨ ਜ਼ਾਹਰ ਕੀਤਾ ਹੈ। ਇਸ ਤੋਂ ਇਲਾਵਾ, ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਬਿਲ ਗੇਟਸ ਵੱਲੋ 50 ਮਿਲੀਅਨ ਡਾਲਰ ਚੋਣ ਦਾਨ ਦੇ ਵਜੋਂ ਦਿੱਤੇ ਜਾਣਗੇ। ਕਮਲਾ ਪਹਿਲਾਂ ਹੀ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਫੰਡ ਇਕੱਠਾ ਕਰਨ ਵਿੱਚ ਕਾਫੀ ਪਿੱਛੇ ਛੱਡ ਚੁੱਕੀ ਹੈ। ਹਾਲ ਹੀ ਵਿੱਚ, ਗੇਟਸ ਦੇ ਦਾਨ ਨਾਲ ਉਸ ਰਕਮ ਨੂੰ ਭਰਵਾਂ ਹੁਲਾਰਾ ਮਿਲਿਆ ਹੈ। ਦੱਸਣਯੋਗ ਹੈ ਕਿ ਅਮਰੀਕਾ 'ਚ 5 ਨਵੰਬਰ ਨੂੰ ਰਾਸ਼ਟਰਪਤੀ ਦੀ ਚੋਣ ਹੋਣੀ ਹੈ।ਨਿਊਯਾਰਕ ਟਾਈਮਜ਼ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਸਾਲ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਨਿੱਜੀ ਫੋਨ 'ਤੇ ਗੱਲਬਾਤ ਵਿਚ, ਉਹ ਇਸ ਗੱਲ ਨੂੰ ਲੈ ਕੇ ਚਿੰਤਤ ਸਨ ਕਿ ਦੂਜੀ ਵਾਰ ਰਾਸ਼ਟਰਪਤੀ ਵਜੋਂ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਕਿਵੇਂ ਹੋਵੇਗਾ। ਜੇਕਰ ਟਰੰਪ ਦੁਬਾਰਾ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਚਿੰਤਾ ਹੈ ਕਿ ਬਿੱਲ ਐਂਡ ਮੇਲਿੰਡਾ ਗੇਟਸ ਫਾਊਂਡੇਸ਼ਨ ਵੱਲੋਂ ਪਰਿਵਾਰ ਨਿਯੋਜਨ ਅਤੇ ਗਲੋਬਲ ਹੈਲਥ ਵਰਕ ਵਿੱਚ ਕਮੀ ਆਵੇਗੀ। ਹਾਲਾਂਕਿ, ਇਹ ਧਿਆਨ ਦੇਣ ਯੋਗ ਹੈ ਕਿ ਗੇਟਸ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਉਹ ਕਿਸੇ ਵੀ ਉਮੀਦਵਾਰ ਨਾਲ ਕੰਮ ਕਰ ਸਕਦੇ ਹਨ।ਪਰ ਉਨ੍ਹਾਂ ਇਹ ਵੀ ਕਿਹਾ ਕਿ ਇਹ ਚੋਣ ਵੱਖਰੀ ਹੈ। "ਮੈਂ ਉਨ੍ਹਾਂ ਉਮੀਦਵਾਰਾਂ ਦਾ ਸਮਰਥਨ ਕਰਦਾ ਹਾਂ ਜੋ ਸਿਹਤ ਸੰਭਾਲ ਵਿੱਚ ਸੁਧਾਰ ਕਰਨ, ਗਰੀਬੀ ਘਟਾਉਣ, ਅਤੇ ਅਮਰੀਕਾ ਸਮੇਤ ਦੁਨੀਆ ਭਰ ਵਿੱਚ ਜਲਵਾਯੂ ਤਬਦੀਲੀ ਨਾਲ ਲੜਨ ਲਈ ਸਪੱਸ਼ਟ ਵਚਨਬੱਧਤਾ ਦਾ ਪ੍ਰਦਰਸ਼ਨ ਕਰਦੇ ਹਨ।"ਮੇਰਾ ਵੱਖ-ਵੱਖ ਸਿਆਸੀ ਪਿਛੋਕੜ ਵਾਲੇ ਨੇਤਾਵਾਂ ਨਾਲ ਕੰਮ ਕਰਨ ਦਾ ਲੰਬਾ ਇਤਿਹਾਸ ਰਿਹਾ ਹੈ। ਪਰ ਇਹ ਚੋਣ ਬਹੁਤ ਵੱਖਰੀ ਹੈ। ਪਰ ਇਹ ਚੋਣ ਅਮਰੀਕੀਆਂ ਅਤੇ ਦੁਨੀਆ ਭਰ ਦੇ ਸਭ ਤੋਂ ਕਮਜ਼ੋਰ ਲੋਕਾਂ ਲਈ ਬੇਮਿਸਾਲ ਮਹੱਤਵ ਵਾਲੀ ਹੈ।ਬਿਲ ਗੇਟਸ ਨੇ ਨੇ ਕਿਹਾ, ਜੋ ਬਿਡੇਨ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਹਟਣ ਅਤੇ ਕਮਲਾ ਹੈਰਿਸ ਨੂੰ ਉਮੀਦਵਾਰ ਐਲਾਨੇ ਜਾਣ ਦਾ ਮੈਂ ਸਵਾਗਤ ਕਰਦਾ ਹਾਂ। ਪਿਛਲੇ ਹਫ਼ਤੇ ਕਮਲਾ ਹੈਰਿਸ 60 ਸਾਲ ਦੀ ਹੋ ਗਈ ਹੈ।ਡੋਨਾਲਡ ਟਰੰਪ 78 ਸਾਲ ਦੇ ਹਨ। ਬਿਲ ਗੇਟਸ ਦੀ ਸਾਬਕਾ ਪਤਨੀ ਮਿਲਿੰਡਾ ਗੇਟਸ ਪਹਿਲਾਂ ਹੀ ਕਮਲਾ ਹੈਰਿਸ ਨੂੰ ਸਮਰਥਨ ਦੇਣ ਦਾ ਐਲਾਨ ਕਰ ਚੁੱਕੀ ਹੈ। ਫੋਰਬਸ ਮੁਤਾਬਕ ਘੱਟੋ-ਘੱਟ 81 ਅਰਬਪਤੀਆਂ ਨੇ ਕਮਲਾ ਹੈਰਿਸ ਦਾ ਸਮਰਥਨ ਕੀਤਾ ਹੈ। ਪਰ, ਵਿਸ਼ਵ ਨੇਤਾ ਐਲੋਨ ਮਸਕ ਨੇ ਟਰੰਪ ਲਈ ਆਪਣਾ ਸਮਰਥਨ ਜ਼ਾਹਰ ਕੀਤਾ ਹੈ ਅਤੇ ਉਨ੍ਹਾਂ ਦੀ ਤਰਫੋਂ ਚੋਣ ਪ੍ਰਚਾਰ ਵੀ ਕਰ ਰਹੇ ਹਨ।




ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012



ਦਲਜੀਤ ਸਿੰਘ ਰਾਏ

ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ 'ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ

ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861



Keep Smiling Denture Clinic

Complete Denture · Implant Denture · Partial Denture
Care Home Mobile Service
ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।



ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।

Gagan Chahal R.D.
Registered Denturist
SEMCD CERTIFIED CLINICIAN

Book Your Appointment
778-600-0811 | 778-600-0810
13117-67A Ave, Surrey, BC | 2644 Cyril St Abbotsford BC

# ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਅਪਨਾਏ ਬਿਨਾਂ ਬਹੁਜਨ ਸੰਕਟ ਖਤਮ ਨਹੀਂ ਹੋ ਸਕਦਾ

ਪ੍ਰੋ. ਬਲਵਿੰਦਰ ਪਾਲ ਸਿੰਘ

ਪਾਗਲ ਤੇ ਮਨੂਵਾਦੀ ਹਵਾਵਾਂ ਵਿਰੁਧ ਜੂਝਣ ਵਾਲੇ ਬਹੁਜਨ ਸਮਾਜ ਪਾਰਟੀ ਦੇ ਬਾਨੀ ਬਾਬਾ ਕਾਂਸ਼ੀ ਰਾਮ ਨੂੰ ਮੈਂ ਨੇੜਿਉਂ ਤੱਕਿਆ ਹੈ। ਉਹਨਾਂ ਦੇ ਹਕ ਵਿਚ ਰੋਜਾਨਾ ਅਖਬਾਰਾਂ, ਵਿਦੇਸ਼ੀ ਵੀਕਲੀ ਅਖਬਾਰਾਂ, ਆਪਣੇ ਮੈਗਜੀਨ ਵਿਚ ਲਿਖਿਆ ਹੈ। ਉਹ ਭਾਰਤੀ ਸਿਆਸਤ ਵਿਚ ਮਹਾਂ ਰੂਹ ਸੀ, ਜਿਸਨੇ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਅਪਨਾ ਕੇ ਦਬੇ ਕੁਚਲੇ ਭਾਈਚਾਰੇ ਨੂੰ ਜਗਾਇਆ, ਸੱਤਾ ਦੀ ਇਛਾ ਜਗਾਈ। ਬਾਬਾ ਕਾਂਸ਼ੀ ਰਾਮ ਭਾਰਤੀ ਸਿਆਸਤ ਦਾਨਾਂ ਵਰਗਾ ਲੀਡਰ ਨਹੀਂ ਸੀ ਜੋ ਆਪਣੇ ਲੋਕਾਂ ਨੂੰ ਟਿਚ ਜਾਣਦੇ ਤੇ ਫਿਰਕਾਪ੍ਰਸਤੀ ਦੀ ਖੇਡ ਖੇਡਦੇ ਹਨ। ਉਸ ਵਿਚ ਗਰੀਬਾਂ, ਅਣਹੋਇਆਂ ਲਈ ਦਰਦ ਸੀ। ਆਪਣੇ ਭਾਈਚਾਰੇ ਦੀ ਬੁਰੀ ਹਾਲਤ ਲਈ ਕਈ ਵਾਰ ਉਹਨਾਂ ਦੀਆਂ ਅੱਖਾਂ ਨਮ ਹੁੰਦੀਆਂ ਮੈਂ ਦੇਖੀਆਂ ਹਨ। ਇਕ ਵਾਰ ਤਾਂ ਕਹਿਣ ਲਗੇ ਕਿ ਦੁਆਬੇ ਦੇ ਦਲਿਤ ਲੀਡਰ ਤੇ ਚਮਾਰ ਸਰਮਾਏਦਾਰੀ ਧੋਖੇਬਾਜ਼ ਹੈ। ਇਹ ਮਨੂਵਾਦੀ ਸਿਆਸੀ ਪਾਰਟੀਆਂ ਦੀ ਪਿਛਲਗ ਹੈ। ਜੇ ਇਹ ਮੇਰਾ ਸਾਥ ਦਿੰਦੇ ਮੈਂ ਰਾਜਨੀਤਕ ਤਬਦੀਲੀ ਕਰਕੇ ਦਿਖਾਉਂਦਾ। ਸ਼ੂਗਰ ਦੇ ਮਰੀਜ਼ ਹੋਣ ਦੇ ਬਾਵਜੂਦ ਉਹ ਬਹੁਜਨ ਨੂੰ ਸੱਤਾ ਵਲ ਲਿਜਾਣ ਲਈ ਮਿਹਨਤ ਕਰਦੇ ਰਹੇ। ਆਪਣੀ ਸਿਹਤ ਵੀ ਆਪਣੇ ਮਿਸ਼ਨ ਲਈ ਕੁਰਬਾਨ ਕਰ ਦਿਤੀ। ਉਹਨਾਂ ਨੇ ਭਾਜਪਾ, ਕਾਂਗਰਸ ਦਾ ਬਹੁਤਾ ਉਭਾਰ ਨਹੀਂ ਹੋਣ ਦਿਤਾ। ਬਸਪਾ ਨੂੰ ਥੋੜੇ ਪਲਾਂ ਵਿਚ ਭਾਰਤ ਦੀ ਤੀਜੀ ਪਾਰਟੀ ਸਿਰਜ ਦਿਤਾ। ਇਕ ਦਿਨ ਸਰਦਾਰ ਗੁਰਬਚਨ ਸਿੰਘ ਦੇਸ ਪੰਜਾਬ ਦਾ ਫੋਨ ਆਇਆ ਕਿ ਬੀਬੀ ਮਾਇਆਵਤੀ ਪਹਿਲੀ ਵਾਰ ਯੂਪੀ ਦੀ ਮੁਖ ਮੰਤਰੀ ਬਣੀ ਹੈ। ਯੂਪੀ ਭਵਨ ਦਿਲੀ ਵਿਖੇ ਸਮਾਗਮ ਹੈ ਜਿਸ ਵਿਚ ਰਿਟਾਇਰਡ ਅਫਸਰ ਸ਼ਾਹੀ, ਲੇਖਕ, ਪਤਰਕਾਰ, ਪ੍ਰੋਫੈਸਰ ਪਹੁੰਚਣੇ ਹਨ। ਤੁਹਾਨੂੰ ਕਾਂਸ਼ੀ ਰਾਮ ਜੀ ਵਲੋਂ ਵਿਸ਼ੇਸ਼ ਸਦਾ ਦਿਤਾ ਗਿਆ ਹੈ, ਇਸ ਸਮਾਗਮ ਵਿਚ। ਅਗਲੇ ਦਿਨ ਮੈਂ ਸਰਦਾਰ ਗੁਰਬਚਨ ਸਿੰਘ ਨਾਲ ਸ਼ਤਾਬਦੀ ਟਰੇਨ ਰਾਹੀਂ ਦਿਲੀ ਚਲੇ ਗਿਆ। ਸਟੇਸ਼ਨ ਉਪਰ ਕਾਂਸ਼ੀ ਰਾਮ ਜੀ ਦਾ ਡਰਾਈਵਰ ਤੇ ਬਾਡੀਗਾਰਡ ਸਾਨੂੰ ਲੈਣ ਆਏ ਹੋਏ ਸਨ। ਬਾਡੀਗਾਰਡ ਵਾਇਰਲੈਸ ਰਾਹੀਂ ਬਾਬਾ ਕਾਂਸ਼ੀ ਰਾਮ ਨਾਲ ਜੁੜਿਆ ਹੋਇਆ ਸੀ। ਯੂਪੀ ਭਵਨ ਵਿਚ ਪਹੁੰਚੇ ਬਾਬਾ ਕਾਂਸ਼ੀ ਬਨੈਣ ਧੋਤੀ ਵਿਚ ਸਵਾਗਤ ਕਰਨ ਲਈ ਅਗੇ ਖਲੋਤੇ ਸਨ। ਮੈਂ ਗੁਰਬਚਨ ਸਿੰਘ ਹੁਣਾਂ ਨੂੰ ਕਹਿਣ ਲਗਾ ਕਿ ਕਿੰਨੀ ਸਾਧਾਰਨ ਉਚ ਸਖਸ਼ੀਅਤ ਹੈ। ਗਰੀਬਾਂ ਦੇ ਲੀਡਰ ਸਰਮਾਏਦਾਰ ਨਹੀਂ ਅਜਿਹੇ ਮਹਾਨ ਵਿਚਾਰਾਂ ਤੇ ਸਾਦਗੀ ਭਰੀ ਜ਼ਿੰਦਗੀ ਨਾਲ ਜੁੜੇ ਹੁੰਦੇ ਹਨ। ਪੰਜਾਬ ਵਿਚੋਂ ਸਿਰਫ ਮੈਨੂੰ ਤੇ ਗੁਰਬਚਨ ਸਿੰਘ ਦੋਹਾਂ ਨੂੰ ਸੱਦਿਆ ਗਿਆ ਸੀ। ਇਹ ਮੇਰੇ ਲਈ ਮਾਣ ਵਾਲੀ ਗਲ ਸੀ। ਕਾਂਸ਼ੀ ਰਾਮ ਜੀ ਨੇ ਸਾਨੂੰ ਘੁਟ ਕੇ ਗਲਵਕੜੀ ਪਾਈ, ਫਤਹਿ ਬੁਲਾਕੇ ਸਾਨੂੰ ਅੰਦਰ ਲੈ ਗਏ। ਕਿਹਾ ਜਲ ਪਾਣੀ ਛਕੋ, ਥੋੜਾ ਅਰਾਮ ਕਰੋ। ਫਿਰ ਮਿਸ਼ਨ ਬਾਰੇ ਤੁਹਾਡੇ ਨਾਲ ਦੋ ਘੰਟੇ ਗਲਾਂ ਕਰਨੀਆਂ ਹਨ।

ਮੈਂ ਇਹ ਗਲ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਜੇ ਸਿਖ ਤੇ ਪੰਜਾਬ ਦੇ ਭਵਿੱਖ ਲਈ ਸਿਆਸਤ ਦੀ ਰਚਨਾ ਕਰਨੀ ਹੈ ਤੇ ਆਪਣੇ ਪੰਜਾਬ ਦੇ ਭਵਿੱਖ ਨੂੰ ਕਾਇਮ ਕਰਨਾ ਹੈ ਤਾਂ ਬਾਬਾ ਕਾਂਸ਼ੀ ਰਾਮ ਵਰਗਾ ਲੀਡਰ ਪੈਦਾ ਕਰੋ। ਜੋ ਸਿਖਾਂ ਦੀ ਸਿਆਸੀ ਲੀਡਰਸ਼ਿਪ ਹੈ, ਉਹ ਮਨੂਵਾਦੀ ਸਿਆਸਤ ਦੀ ਪਿਛਲਗੂ ਤੇ ਡਾਵਾਂਡੋਲ ਹੈ। ਸੱਤਾ ਦੀ ਭੁਖ ਉਸਨੂੰ ਕੌਮ ਵਿਰੋਧੀ ਬਣਾ ਦਿੰਦੀ ਹੈ। ਸਾਡੇ ਗੁਰੂ ਗਰੰਥ ਸਾਹਿਬ ਅਣਹੋਇਆਂ, ਦਬੇ ਕੁਚਲਿਆਂ ਕਿਰਤੀਆਂ ਲਈ ਸਮਾਜ ਤੇ ਰਾਜਨੀਤੀ ਦੀ ਰਚਨਾ ਕਰਦੇ ਹਨ ਤੇ ਜੀਵਨ ਮੁਕਤ ਦਾ ਸਿਧਾਂਤ ਪੇਸ਼ ਕਰਦੇ ਹਨ। ਇਹੀ ਗੁਰੂ ਸਾਹਿਬ ਦਾ ਮਿਸ਼ਨ ਬਾਬੇ ਕਾਂਸ਼ੀ ਰਾਮ ਨੇ ਚੁਕਿਆ ਤੇ ਭਾਰਤ ਦੀ ਸਿਆਸਤ ਉਪਰ ਲਾਗੂ ਕੀਤਾ। ਪਰ ਅਕਾਲੀ ਲੀਡਰਸ਼ਿਪ ਇਹ ਮਹਾਨ ਕਰਮ ਨਹੀਂ ਨਿਭਾ ਸਕੀ।

ਜਦ ਕਿ ਬਹੁਜਨ ਸਮਾਜ ਪਾਰਟੀ ਦੇ ਜਨਮਦਾਤਾ ਬਾਬਾ ਕਾਂਸ਼ੀ ਰਾਮ ਨੇ ਗੁਰੂ ਗਰੰਥ ਸਾਹਿਬ ਨੂੰ ਆਪਣੇ ਸਿਆਸੀ ਅੰਦੋਲਨ ਦਾ ਆਧਾਰ ਬਣਾ ਕੇ ਗਰੀਬਾਂ, ਦਬੇ ਕੁਚਲਿਆਂ ਦੀ ਅਜ਼ਾਦੀ ਤੇ ਮਨੁੱਖੀ ਹੱਕਾਂ ਤੇ ਗਰੀਬਾਂ ਵਿਚ ਸੱਤਾ ਦਾ ਸੁਪਨਾ ਜਗਾਉਣ ਲਈ ਬਸਪਾ ਨੂੰ ਭਾਰਤ ਦੀ ਤੀਜੀ ਵੱਡੀ ਸਿਆਸੀ ਪਾਰਟੀ ਬਣਾਇਆ। ਬਹੁਜਨ ਦੀ ਆਤਮਾ ਨੂੰ ਸਵੈ-ਮਾਣ, ਸਵੈ-ਆਦਰ ਅਤੇ ਮਨੁੱਖੀ ਸ਼ਾਨ ਨਾਲ ਜੋੜਿਆ ਜੋ ਕਿ ਬਹੁਤ ਅਸੰਭਵ ਕਾਰਜ ਸੀ, ਜਿਸਨੂੰ ਬਾਬਾ ਕਾਂਸ਼ੀ ਰਾਮ ਨੇ ਆਪਣੀ ਮਿਹਨਤ ਤੇ ਉਦਮ ਸਦਕਾ ਸਿਰੇ ਚੜ੍ਹਾਇਆ ਤੇ ਯੂਪੀ ਵਿਚ ਮਨੂਵਾਦੀ ਪਾਰਟੀਆਂ ਕਾਂਗਰਸ ਤੇ ਭਾਜਪਾ ਨੂੰ ਧੋਬੀ ਪਟਕੇ ਮਾਰ ਕੇ ਯੂਪੀ ਵਿਚ ਵਿਸ਼ਾਲ ਸੱਤਾ ਸਿਰਜੀ। ਅਜਿਹਾ ਉਦਾਹਰਣ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਆਜ਼ਾਦ ਹੋਏ ਦੇਸ਼ਾਂ ਵਿਚ ਘਟ ਹੀ ਮਿਲਦਾ ਹੈ। ਇਥੇ ਜ਼ਿਕਰਯੋਗ ਹੈ ਕਿ ਅਜ਼ਾਦ ਦੇਸ 1970 ਦੇ ਦਹਾਕੇ ਤਕ ਪਹੁੰਚਦੇ ਪਹੁੰਚਦੇ ਰਾਜਨੀਤਕ ਅਰਾਜਕਤਾ ਤੇ ਅਸਥਿਰਤਾ ਦਾ ਸ਼ਿਕਾਰ ਹੋ ਚੁਕੇ ਸਨ।

ਐਮਰਜੈਂਸੀ ਨੂੰ ਛੱਡ ਕੇ ਭਾਰਤ ਦੇ ਲੋਕ ਇਸ ਤਰ੍ਹਾਂ ਦੇ ਰਾਜ ਪਲਟਣ ਤੋਂ ਦੂਰ ਰਹੇ ਹਨ। ਐਮਰਜੈਂਸੀ ਦੌਰਾਨ ਜੋ ਕਾਂਗਰਸ ਵਿਰੋਧੀ ਲੀਡਰਸ਼ਿਪ ਪੈਦਾ ਹੋਈ ਉਹ ਵੀ ਰਾਜਨੀਤਕ ਤਬਦੀਲੀ ਨਹੀਂ ਲਿਆ ਸਕੀ ਤੇ ਭ੍ਰਿਸ਼ਟਾਚਾਰ ਵਿਚ ਗਰਕ ਹੋ ਗਈ। ਇੱਥੋਂ ਤਕ ਕਿ ਇਥੇ ਹਥਿਆਰਬੰਦ ਨਕਸਲਵਾੜੀ ਅਤੇ ਮਾਓਵਾਦੀ ਲਹਿਰ ਸ਼ੁਰੂ ਹੋ ਗਈ ਸੀ। ਇਸ ਦੌਰਾਨ ਮਨੂਵਾਦ ਧਾਰਮਿਕ ਕੱਟੜਵਾਦ ਵੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਵਿਚ ਸ਼ਾਮਲ ਹੋ ਕੇ ਲੋਕਾਂ ਵਿਚ ਆਪਣੀ ਪਹੁੰਚ ਵਧਾਉਣ ਲਗ ਪਿਆ ਤਾਂ ਜੋ ਭਾਜਪਾ ਨੂੰ ਕਾਂਗਰਸ ਦੀ ਥਾਂ ਸਥਾਪਤ ਕੀਤਾ ਜਾ ਸਕੇ। ਪੰਜਾਬ ਦੀ ਖੁਦਮੁਖਤਿਆਰੀ ਲਈ ਸਿਖਾਂ ਵਲੋਂ ਧਰਮ ਯੁਧ ਮੋਰਚਾ ਪਹਿਲਾਂ ਹੀ ਸ਼ੁਰੂ ਹੋ ਚੁਕਾ ਸੀ। ਪਰ ਅਕਾਲੀ ਲੀਡਰਸ਼ਿੱਪ ਦੀ ਸੱਤਾ ਭੁੱਖ ਕਾਰਣ ਸਿਖ ਇਹ ਮੋਰਚਾ ਹਾਰੇ। ਦਰਬਾਰ ਸਾਹਿਬ ਉਪਰ ਫੌਜੀ ਹਮਲਾ ਹੋਇਆ। ਝੂਠੇ ਪੁਲਿਸ ਮੁਕਾਬਲਿਆਂ ਵਿਚ ਸਿੱਖਾਂ ਦੀ ਨਸਲਕੁਸ਼ੀ ਹੋਈ। ਦਿਲੀ ਸਿੱਖ ਕਤਲੇਆਮ ਹੋਇਆ। ਪਰ ਅਕਾਲੀ ਲੀਡਰਸ਼ਿਪ ਫਲਾਪ ਸਿਧ ਹੋਈ। ਇਸ ਸਭ ਦੇ ਬਾਵਜੂਦ ਭਾਰਤ ਵਿਚ ਬਾਬਾ ਕਾਂਸ਼ੀ ਰਾਮ ਦੀ ਅਗਵਾਈ ਵਿਚ ਦਲਿਤਾਂ ਅਤੇ ਦੱਬੇ-ਕੁਚਲੇ ਲੋਕਾਂ ਨੇ ਆਪਣੀ ਸਮੱਸਿਆ ਦੇ ਹੱਲ ਲਈ ਬੁਲੇਟ ਦੀ ਬਜਾਏ ਬੈਲੇਟ ਦਾ ਰਾਹ ਚੁਣਿਆ, ਜੋ ਕਿ ਬਹੁਜਨ ਅੰਦੋਲਨ ਤੇ ਲੋਕਤੰਤਰ ਦੀ ਸਫਲਤਾ ਪਿੱਛੇ ਇਕ ਵੱਡਾ ਕਾਰਨ ਰਿਹਾ ਹੈ। ਹਾਲਾਂਕਿ ਬਾਬਾ ਕਾਂਸ਼ੀ ਰਾਮ ਕਹਿੰਦੇ ਸਨ ਕਿ ਦਲਿਤਾਂ ਅਤੇ ਦੱਬੇ-ਕੁਚਲੇ ਲੋਕਾਂ ਨੂੰ ਵੀ ਬੇਇਨਸਾਫੀ ਨਾਲ ਨਜਿੱਠਣ ਲਈ ਗੋਲੀ ਵੀ ਤਿਆਰ ਰੱਖਣੀ ਚਾਹੀਦੀ ਹੈ।

ਕਾਂਸ਼ੀ ਰਾਮ ਜੀ ਨੂੰ ਸਾਡੇ ਤੋਂ ਸਦੀਵੀ ਤੌਰ ਤੇ ਵਿਛੜਿਆਂ 14 ਸਾਲਾਂ ਹੋ ਚੁਕੇ ਹਨ। ਪਰ ਭਾਰਤ ਵਿੱਚ ਦਲਿਤਾਂ, ਔਰਤਾਂ ਅਤੇ ਘੱਟ ਗਿਣਤੀਆਂ ਵਿਰੁੱਧ ਅੱਤਿਆਚਾਰ ਵਧੇ ਹਨ। ਪਰ ਸੁਆਲ ਇਹ ਹੈ ਕਿ ਅਜੇ ਵੀ ਦਲਿਤਾਂ ਅਤੇ ਵਾਂਝੇ ਲੋਕਾਂ ਨੂੰ ਅਨਿਆਂ ਅਤੇ ਜ਼ੁਲਮ ਵਿਰੁੱਧ ਲੜਨ ਲਈ ਕਿਵੇਂ ਕਾਮਯਾਬ ਕੀਤਾ ਜਾ ਸਕਦਾ ਹੈ। ਇਹ ਸਾਰੇ ਉਪਾਅ ਅੱਜ ਦੇ ਬਹੁਜਨ ਅੰਦੋਲਨ ਲਈ ਬਹੁਤ ਮਹੱਤਵਪੂਰਨ ਸਿੱਧ ਹੋ ਸਕਦੇ ਹਨ।

ਕਾਂਸ਼ੀਰਾਮ ਦਾ ਸਭ ਤੋਂ ਵਡਾ ਨੁਕਤਾ ਸੀ ਕਿ ਮਨੂਵਾਦੀ ਮੀਡੀਆ ਉਪਰ ਵਿਸ਼ਵਾਸ ਨਾ ਕਰੋ ਤੇ ਨਾ ਹੀ ਇਸ ਦੀ ਸ਼ਰਨ ਵਿਚ ਆਪਣਾ ਅੰਦੋਲਨ ਖੜਾ ਕਰੋ। ਤੁਹਾਡਾ ਮੀਡੀਆ ਵੰਚਿਤ ਤੇ ਦਬੇ ਕੁਚਲੇ ਲੋਕ ਹਨ। ਆਪਣੀ ਅਖਬਾਰ ਤੇ ਮੀਡੀਆ ਨੂੰ ਉਸਾਰੋ। ਦੱਬੇ-ਕੁਚਲੇ ਵਰਗਾਂ ਨੂੰ ਆਪਣੀ ਸਮੱਸਿਆ ਦੇ ਹੱਲ ਲਈ ਆਪਣੀਆਂ ਮੀਡੀਆ ਸੇਵਾਵਾਂ ਦੀ ਜ਼ਰੂਰਤ ਹੈ। ਉਨ੍ਹਾਂ ਦੇ ਅਨੁਸਾਰ ਮੁੱਖ ਧਾਰਾ ਦਾ ਮਨੂਵਾਦੀ ਮੀਡੀਆ ਦਲਿਤਾਂ, ਔਰਤਾਂ ਅਤੇ ਦੱਬੇ-ਕੁਚਲੇ ਲੋਕਾਂ 'ਤੇ ਹੋ ਰਹੇ ਅੱਤਿਆਚਾਰਾਂ ਨੂੰ ਥੋੜ੍ਹੀ ਜਿਹੀ ਜਗ੍ਹਾ ਦਿੰਦਾ ਹੈ। ਦਲਿਤਾਂ ਨਾਲ ਹੋ ਰਹੀ ਬੇਇਨਸਾਫੀ ਦੇ ਜਵਾਬ ਵਿੱਚ ਬਹੁਜਨ ਵਰਗ ਦੇ ਬੋਧਿਕ ਲੋਕਾਂ ਨੂੰ ਆਪਣਾ ਪੱਖ ਰੱਖਣ ਲਈ ਲੋੜੀਂਦੀ ਜਗ੍ਹਾ ਨਹੀਂ ਦਿੰਦਾ। ਬਹੁਜਨ ਲੋਕਾਂ ਦੁਆਰਾ ਚੁੱਕੇ ਗਏ ਉਸਾਰੂ ਕਦਮਾਂ ਦੀ ਸ਼ਲਾਘਾ ਨਹੀਂ ਕਰਦਾ। ਅਰਥਾਤ ਸਰਕਾਰ ਦੁਆਰਾ ਕੀਤੇ ਝੂਠੇ ਵਾਅਦੇ / ਖੋਖਲੇ ਨਾਅਰਿਆਂ ਦਾ ਪਰਦਾਫਾਸ਼ ਨਹੀਂ ਕਰਦਾ ਅਤੇ ਬਹੁਜਨ ਦੇ ਵਿਰੋਧ ਵਿਚ ਭੁਗਤਦਾ ਹੈ।


ਅੱਜ ਦੇ ਮਾਹੌਲ ਵਿਚ ਮੁੱਖ ਧਾਰਾ ਮੀਡੀਆ, ਖ਼ਾਸਕਰ ਇਲੈਕਟ੍ਰਾਨਿਕ ਮੀਡੀਆ ਨੈਤਿਕਤਾ ਨੂੰ ਤਿਆਗ ਕੇ ਗੋਦੀ ਮੀਡੀਆ ਬਣ ਚੁਕਾ ਹੈ। ਉਹ ਸਰਕਾਰੀ ਦਬਾਅ, ਇਸ਼ਤਿਹਾਰਬਾਜ਼ੀ ਦੀ ਲਾਲਸਾ ਕਾਰਣ, ਆਪਣੇ ਸਮਾਜਿਕ ਢਾਂਚੇ ਕਾਰਣ ਕਰ ਰਿਹਾ ਹੈ। ਅਜਿਹੀ ਸਥਿਤੀ ਵਿੱਚ, ਜੇ ਪਛੜੇ ਵਰਗਾਂ ਅਤੇ ਵਿਰੋਧੀ ਧਿਰਾਂ ਨੂੰ ਲੋਕਾਂ ਵਿੱਚ ਆਪਣੀ ਗੱਲ ਕਹਿਣੀ ਪਵੇ ਤਾਂ ਉਸਨੂੰ ਆਪਣੀ ਨਿਊਜ਼ ਸਰਵਿਸ ਸਥਾਪਤ ਕਰਨੀ ਪਵੇਗੀ। ਕਾਂਸ਼ੀ ਰਾਮ ਦੇ ਅਨੁਸਾਰ, ਲੋਕਾਂ ਦਾ ਮੀਡੀਆ ਸਰਕਾਰੀ ਕੁਰਪਟ ਨੀਤੀਆਂ ਅਤੇ ਯੋਜਨਾਵਾਂ 'ਤੇ ਬੋਲਣ ਦਾ ਮੌਕਾ ਪ੍ਰਦਾਨ ਕਰਦਾ ਹੈ ਤੇ ਬਾਹਰੀ ਦੇਸ਼ਾਂ ਨੂੰ ਆਪਣੀ ਸਥਿਤੀ ਤੋਂ ਜਾਣੂ ਕਰਾਉਂਦਾ ਹੈ। ਕਾਂਸ਼ੀ ਰਾਮ ਦੱਬੇ-ਕੁਚਲੇ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਆਪਣੀ ਸੰਸਥਾ ਸਥਾਪਤ ਕਰਨ ਦਾ ਜ਼ੋਰ ਦਿੰਦੇ ਹਨ, ਕਿਉਂਕਿ ਸੰਗਠਨ ਆਤਮ-ਵਿਸ਼ਵਾਸ ਪੈਦਾ ਕਰਦਾ ਹੈ ਅਤੇ ਮੁੱਦਿਆਂ ਨੂੰ ਮੁੱਖ ਧਾਰਾ ਵਿੱਚ ਲਿਆਉਂਦਾ ਹੈ। ਇਸ ਵਿਚਾਰਧਾਰਾ ਦੇ ਕਾਰਨ, ਕਾਂਸ਼ੀ ਰਾਮ ਨੇ ਆਪਣੇ ਜੀਵਨ ਵਿੱਚ ਖੁਦ ਬਾਮਸੇਫ, ਡੀਐਸ 4 ਅਤੇ ਬਸਪਾ ਦਾ ਗਠਨ ਕੀਤਾ। ਕਾਂਸ਼ੀ ਰਾਮ ਦੇ ਅਨੁਸਾਰ, ਸੰਗਠਨ ਵਿੱਚ ਗਤੀਸ਼ੀਲਤਾ ਹੋਣੀ ਚਾਹੀਦੀ ਹੈ, ਅਜਿਹਾ ਕਰਨ ਲਈ, ਸਮੇਂ ਸਮੇਂ ਤੇ, ਨਵੇਂ ਨੇਤਾਵਾਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਲੋੜੀਂਦੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਕਾਂਸ਼ੀ ਰਾਮ ਜੀ ਨੇ ਲੋਕਾਂ ਦੀਆਂ ਭਖਦੀਆਂ ਮੁਸ਼ਕਲਾਂ ਨੂੰ ਉਜਾਗਰ ਕਰਨ ਲਈ ਜਨ ਸੰਸਦ ਦੇ ਸੰਕਲਪ 'ਤੇ ਜ਼ੋਰ ਦਿੱਤਾ ਸੀ ਅਤੇ ਸਾਰੀ ਜਨ ਸੰਸਦ ਦਾ ਆਯੋਜਨ ਵੀ ਕੀਤਾ ਸੀ। ਹਾਲਾਂਕਿ ਜਨ ਸੰਸਦ ਬਿਨਾਂ ਕਿਸੇ ਸਤਾ ਸ਼ਕਤੀ ਦੇ ਹੈ, ਪਰ ਇਹ ਸ਼ਾਸਕਾਂ ਨੂੰ ਮੁੱਖ ਧਾਰਾ ਵਿੱਚ ਲਿਆਉਂਦਾ ਹੈ ਤਾਂ ਜੋ ਉਹ ਆਪਣੇ ਚੋਣ ਮੈਨੀਫੈਸਟੋ ਤੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ। ਜਨ ਸੰਸਦ ਉਨ੍ਹਾਂ ਦਬੇ ਕੁਚਲੇ ਤੇ ਬੇਇਨਸਾਫ਼ੀ ਦੇ ਸ਼ਿਕਾਰ ਭਾਈਚਾਰਿਆਂ ਦੀ ਆਵਾਜ਼ ਨੂੰ ਬਣਾਉਣ ਵਿਚ ਵੀ ਸਹਾਇਤਾ ਕਰਦਾ ਹੈ ਜਿਨ੍ਹਾਂ ਦੀ ਸੰਸਦ ਪ੍ਰਤੀਨਿਧਤਾ ਕਰਦੀ ਹੈ। ਉਦਾਹਰਣ ਵਜੋਂ, ਅੱਜ ਵੀ, ਭਾਰਤ ਦੀ ਸੰਸਦ ਵਿਚ ਔਰਤਾਂ, ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਦੀ ਪ੍ਰਤੀਨਿਧਤਾ ਘੱਟ ਹੈ। ਪਾਰਟੀ ਦੇ ਵ੍ਹਿਪ ਕਾਰਨ, ਕੁਝ ਸੰਸਦ ਮੈਂਬਰ ਵੀ ਚਾਹੁੰਦੇ ਹੋਏ ਵੀ ਸਾਰੇ ਮੁੱਦੇ ਚੁੱਕਣ ਵਿੱਚ ਅਸਮਰੱਥ ਹਨ। ਇਨ੍ਹਾਂ ਸਾਰੇ ਕਾਰਨਾਂ ਕਰਕੇ, ਜਨ ਸੰਸਦ ਦੀ ਧਾਰਨਾ ਅੱਜ ਵੀ ਬਹੁਤ ਪ੍ਰਸੰਗਿਕ ਹੈ। ਕਾਂਸ਼ੀ ਰਾਮ ਜੀ ਦੀ ਰਣਨੀਤੀ ਦਾ ਅਹਿਮ ਹਿਸਾ ਸੀ, ਅਨਿਆਂ ਮੁਕਤ ਖੇਤਰ ਦੀ ਸਥਾਪਨਾ ਕਰਨਾ। ਇਸ ਤਹਿਤ ਕਾਂਸ਼ੀ ਰਾਮ ਬਹੁਜਨ ਸਮਾਜ ਨੂੰ ਆਪਣੀ ਵਲੰਟੀਅਰ ਸੈਨਾ ਤਹਿਤ ਹਰੇਕ ਤਰ੍ਹਾਂ ਦੀ ਸਹਾਇਤਾ, ਕਨੂੰਨੀ ਸਹਾਇਤਾ ਉਪਲਬਧ ਕਰਾਉਂਦੇ ਸਨ। ਇਸ ਤਹਿਤ ਅੱਜ ਵੀ ਕਾਂਸ਼ੀ ਰਾਮ ਦੀ ਰਣਨੀਤੀ ਬਹੁਤ ਕਾਰਗਰ ਹੈ ਜਦੋਂ ਕਿ ਦਲਿਤਾਂ ਉਪਰ ਜ਼ੁਲਮ ਹੋ ਰਹੇ ਹਨ।

ਕਾਂਸ਼ੀ ਰਾਮ ਦਾ ਮੰਨਣਾ ਹੈ ਕਿ ਭਾਰਤ ਵਿਚ ਬੇਇਨਸਾਫੀ ਤੇ ਜ਼ੁਲਮ ਦੀ ਜੜ੍ਹ ਨੂੰ ਪਛਾਨਣਾ ਬਹੁਤ ਜਰੂਰੀ ਹੈ। ਇਸ ਨੂੰ ਉਖਾੜਨ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਉਹਨਾਂ ਦਾ ਮੰਨਣਾ ਸੀ ਬ੍ਰਾਹਮਣਵਾਦ ਹੀ ਅਸਮਾਨਤਾ, ਬਹੁਜਨ ਦੀ ਤਬਾਹੀ ਤੇ ਬੇਇਨਸਾਫ਼ੀ ਦੀ ਜੜ੍ਹ ਹੈ। ਕਾਂਸ਼ੀ ਰਾਮ ਅਨੁਸਾਰ ਬ੍ਰਾਹਮਣਵਾਦ ਸਿਰਫ ਮਨੁੱਖਤਾ ਵਿਚ ਭੇਦ ਤੇ ਵੰਡੀਆਂ ਨਹੀਂ ਪਾਉਂਦਾ, ਸਗੋਂ ਕੁਦਰਤ ਤੇ ਪਸ਼ੂਆਂ ਨੂੰ ਵੀ ਮਨੂਵਾਦੀ ਵਰਤਾਰੇ ਅਨੁਸਾਰ ਦੇਖਦਾ ਹੈ। ਕਾਂਸ਼ੀ ਰਾਮ ਅਨੁਸਾਰ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਅਪਨਾਏ ਬਿਨਾਂ ਬਹੁਜਨ ਦਾ ਸੰਕਟ ਖਤਮ ਨਹੀਂ ਹੋ ਸਕਦਾ।

---



## ਕੀ ਸਿੱਟੇ ਨਿਕਲਦੇ ਹਨ ਜੰਗਾਂ ਯੁੱਧਾਂ ਦੇ ?



ਹਰਕੀਰਤ ਕੌਰ ਸਭਰਾ

9779118066

ਇਸ ਦੁਨੀਆਂ ਦੀ ਸਿਰਜਣਾ ਕੁਦਰਤ ਨੇ ਬੜੀ ਹੀ ਸ਼ਿੱਦਤ ਨਾਲ ਕੀਤੀ ਹੈ, ਇਸ ਦੁਨੀਆਂ ਦੇ ਨਜਾਰਿਆ ਨੂੰ ਦੇਖ ਮਨ ਅਸ਼ ਅਸ਼ ਕਰ ਉੱਠਦਾ ਹੈ। ਆਦਿ ਮਾਨਵ ਦੀਆਂ ਸਿਰਫ ਦੋ ਤਿੰਨ ਹੀ ਮੁੱਖ ਲੋੜਾਂ ਸਨ, ਰੋਟੀ, ਤਨ ਢੱਕਣ ਲਈ ਕੱਪੜਾ ਅਤੇ ਰਹਿਣ ਲਈ ਛੱਤ, ਉਸ ਵਿੱਚ ਕੋਈ ਈਰਖਾ, ਕੋਈ ਵੈਰ ਵਿਰੋਧ ਨਹੀਂ, ਬਸ ਨਿੱਜੀ ਲੋੜਾਂ ਨੂੰ ਪੂਰਿਆਂ ਕਰਦਿਆਂ ਉਹ ਲੋਕ ਆਪਣਾ ਜੀਵਨ ਜੀਅ ਲੈਂਦੇ ਸਨ। ਪਰ ਜਿਉਂ ਜਿਉਂ ਆਦਿ ਮਾਨਵ ਤੋਂ ਮਨੁੱਖੀ ਵਿਕਾਸ ਦਾ ਸਫ਼ਰ ਸ਼ੁਰੂ ਹੋਇਆ ਤਾਂ ਲੋੜਾਂ ਵੱਧਦੀਆਂ ਗਈਆਂ, ਦੂਰੀਆਂ ਬਣਦੀਆਂ ਗਈਆਂ ਅਤੇ ਇਸ ਵਿਕਾਸ ਨੇ ਅਜਿਹੇ ਰੂਪ ਅਖਤਿਆਰ ਕੀਤੇ ਕਿ ਸਿੱਟਾ ਜੰਗਾਂ, ਯੁੱਧਾਂ ਤੱਕ ਪਹੁੰਚ ਗਏ। ਅੱਜ ਤੱਕ ਇਸ ਦੁਨੀਆਂ ਵਿੱਚ ਦੋ ਵਿਸ਼ਵ ਯੁੱਧ ਹੋ ਚੁੱਕੇ ਹਨ ਅਤੇ ਤੀਸਰੇ ਦੀ ਸ਼ਾਇਦ ਤਿਆਰੀ ਚੱਲ ਰਹੀ ਹੈ। ਪਹਿਲਾਂ ਵਿਸ਼ਵ ਯੁੱਧ 1914 ਤੋਂ 1918 ਵਿੱਚ ਹੋਇਆ, ਜੋ ਕਿ ਜਰਮਨੀ, ਹੰਗਰੀ ਅਤੇ ਬ੍ਰਿਟਿਸ਼, ਰਸ਼ੀਆ ਤੇ ਫਰਾਂਸ ਰਾਜ ਵਿਚਕਾਰ ਹੋਇਆ। ਆਪਣੀ ਕੂਟਨੀਤਕ ਸੋਚ ਤੇ ਪਹਿਰਾ ਦਿੰਦੇ ਹੋਏ ਏਨਾ ਦੇਸ਼ਾਂ ਦੇ ਪ੍ਰਤੀਨਿਧਾ ਨੇ ਇੱਕ ਕਰੋੜ ਤੋਂ ਵੱਧ ਨਿਰਦੋਸ਼ ਅਮਰੀਕਨਾਂ ਦੀਆਂ ਜਾਨਾਂ ਲਈਆਂ। ਦੂਸਰਾ ਵਿਸ਼ਵ ਯੁੱਧ 1939 ਤੋਂ 1945 ਦੌਰਾਨ ਚੱਲਿਆ। ਨਾਗਾਸਾਕੀ ਵਿੱਚ ਫੈਲੀ ਦਹਿਸ਼ਤ ਕਿਸਨੂੰ ਭੁੱਲ ਸਕਦੀ ਹੈ। 2,50,000 ਤੋਂ ਵੱਧ ਲੋਕ ਮੌਤ ਦੇ ਮੂਹ ਵਿੱਚ ਡਿੱਗੇ ਅਤੇ ਇਸੇ ਦੌਰਾਨ ਅਮਰੀਕਾ ਦੁਨੀਆਂ ਦੀ ਸਭ ਤੋਂ ਸ਼ਕਤੀਸ਼ਾਲੀ ਤਾਕਤ ਬਣ ਕੇ ਸਾਹਮਣੇ ਆਇਆ। ਜੇਕਰ ਮੌਜੂਦਾ ਹਾਲਾਤਾਂ ਦੀ ਗੱਲ ਕੀਤੀ ਜਾਵੇ ਤਾਂ ਅਰਮੀਨੀਆ ਅਤੇ ਅਜ਼ਰਬੈਜਾਨ ਵਿਚਕਾਰ ਜਬਰਦਸਤ ਜੰਗ ਛਿੜੀ ਹੋਈ ਹੈ। ਸਥਿਤੀ ਏਨੀ ਗੰਭੀਰ ਹੋਈ ਪਈ ਹੈ ਕਿ ਦੋਵਾਂ ਦੇਸ਼ਾਂ ਦੀਆਂ ਸੈਨਾਵਾਂ ਇੱਕ ਦੂਸਰੇ ਦੇ ਰਿਹਾਇਸ਼ੀ ਇਲਾਕਿਆਂ ਉੱਤੇ ਹਮਲੇ ਕਰ ਰਹੀਆਂ ਹਨ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਇਹ ਕਿਧਰੇ ਤੀਸਰੇ ਵਿਸ਼ਵ ਯੁੱਧ ਦੇ ਸੰਕੇਤ ਤਾਂ ਨਹੀ? ਇਸ ਸਾਰੇ ਖੇਡ ਵਿੱਚ ਤੁਰਕੀ ਨੇ ਅਜਰਬੈਜਾਨ ਅਤੇ ਰੂਸ, ਫ਼ਰਾਸ ਨੇ ਅਰਮੀਨੀਆ ਦਾ ਸਮਰਥਨ ਕੀਤਾ ਹੈ। ਇਹਨਾਂ ਦੋਨਾਂ ਦੇਸ਼ਾਂ ਵਿੱਚ ਜਿੱਧਰ ਵੀ ਨਜ਼ਰ ਪੈਂਦੀ ਹੈ, ਉਧਰ ਹੀ ਬਾਰੂਦ ਦਾ ਧੂੰਆਂ, ਰੋਂਦੇ ਕਰਲਾਉਂਦੇ ਤੇ ਵਿਲਕਦੇ ਲੋਕ, ਲਹੂ ਲੁਹਾਨ ਇਨਸਾਨੀਅਤ ਨਜ਼ਰੀ ਪੈ ਰਹੀ ਹੈ। ਨੋਗਰਨੋਕਾਰਾਬਾਖ ਉੱਪਰ ਕਬਜ਼ੇ ਨੂੰ ਲੈ ਕੇ ਸ਼ੁਰੂ ਹੋਈ ਇਹ ਜੰਗ ਹੁਣ ਰਿਹਾਇਸ਼ੀ ਇਲਾਕਿਆਂ ਤੱਕ ਪਹੁੰਚ ਚੁੱਕੀ ਹੈ। ਦੋਨਾਂ ਮੁਲਕਾਂ ਦੀ ਸੈਨਾ ਦੇ ਸਿਰ ਤੇ ਸਵਾਰ ਹੋਏ ਖੂਨ ਵਿੱਚ ਲੋਕ ਬੇਵਕਤੀ ਮੌਤ ਮਾਰੇ ਜਾ ਰਹੇ ਹਨ। ਜਮੀਨ ਦੇ ਇੱਕ ਛੋਟੇ ਜਿਹੇ ਟੁਕੜੇ ਨੂੰ ਲੈਕੇ ਹੋ ਰਹੇ ਇਸ ਯੁੱਧ ਦਾ ਆਖਰਕਾਰ ਕੀ ਸਿੱਟੇ ਨਿਕਲਣਗੇ...... ਕੇਵਲ ਤੇ ਕੇਵਲ ਇਨਸਾਨੀਅਤ ਦਾ ਪਤਨ। ਅੱਜ ਤੱਕ ਜੰਗਾਂ ਯੁੱਧਾਂ ਦੇ ਨਤੀਜੇ ਕਦੇ ਵੀ ਸੁਖਾਵੇਂ ਨਹੀਂ ਨਿਕਲੇ। ਮੈਂ ਹਮੇਸ਼ਾ ਇਹ ਸਭ ਦੇਖ ਕੇ ਹੈਰਾਨ ਹੁੰਦੀ ਹਾਂ ਕਿ ਅਤੇ ਸੋਚਦੀ ਹਾਂ ਕਿ ਅਸੀਂ ਇਹ ਸਰਕਾਰਾਂ ਕਿਉਂ ਬਣਾਉਂਦੇ ਹਾਂ? ਤਾਂ ਜੋ ਸਾਡੀਆਂ ਸਰਕਾਰਾਂ ਸਾਨੂੰ ਸੁਵਿਧਾਵਾਂ ਦੇ ਸਕਣ, ਹਰ ਦੇਸ਼ ਦੇ ਨਾਗਰਿਕ ਇੱਕ ਸੁਰੱਖਿਅਤ ਜੀਵਨ ਜੀਅ ਸਕਣ। ਪਰ ਹਾਲਾਤ ਬਿਲਕੁਲ ਹੀ ਉੱਲਟ ਹਨ, ਜਿਸ ਵੀ ਦੇਸ਼ ਵੱਲ ਨਜ਼ਰ ਮਾਰ ਲਵੋ, ਹਰ ਜਗ੍ਹਾ ਆਮ ਨਾਗਰਿਕ ਜੁਲਮ ਦਾ ਸ਼ਿਕਾਰ ਹੋ ਰਿਹਾ ਹੈ। ਸਰਕਾਰਾਂ ਦੀਆਂ ਅੜੀਆਂ ਅੱਗੇ ਲੋਕ ਵਿਲਕਦੇ ਹਨ ਅਤੇ ਖਮਿਆਜਾ ਭੁਗਤ ਰਹੇ ਹਨ। ਇੱਕ ਗੱਲ ਸੋਚਣ ਵਾਲੀ ਹੈ ਕਿ ਇਹਨਾਂ ਜੰਗਾਂ ਦਾ ਹਮੇਸ਼ਾ ਮਕਸਦ ਜਮੀਨਾਂ ਹੀ ਰਹੀਆਂ ਹਨ, ਕਿਉਂਕਿ ਕਿਤੇ ਨਾ ਕਿਤੇ ਇਹ ਸਭ ਦੇਸ਼ ਦੀ ਅਰਥ ਵਿਵਸਥਾ ਨੂੰ ਮਜਬੂਤ ਕਰਨ ਦੇ ਸਾਧਨਾਂ ਵਿਚੋਂ ਇੱਕ ਹੈ, ਪਰ ਅਚੰਭੇ ਵਾਲੀ ਗੱਲ ਇਹ ਵੀ ਹੈ ਕਿ ਇਹਨਾਂ ਜੰਗਾਂ ਦੌਰਾਨ ਹੋਣ ਵਾਲੇ ਜਾਨੀ ਮਾਲੀ ਨੁਕਸਾਨ , ਅਰਥ ਵਿਵਸਥਾ ਨੂੰ ਪੁੰਹਚਣ ਵਾਲੇ ਝਟਕੇ ਬਾਰੇ ਸਰਕਾਰਾਂ ਕਿਉਂ ਨਹੀਂ ਸੋਚਦੀਆਂ? ਅਜਿਹੇ ਮਸਲਿਆਂ ਨਾਲ ਨਜਿੱਠਣ ਲਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਅਜਿਹੀਆਂ ਨੀਤੀਆਂ ਬਣਾਈਆਂ ਜਾਣ ਤਾਂ ਜੋ ਭਾਵੇਂ ਕਿੰਨਾ ਵੀ ਗੁੰਝਲਦਾਰ ਮਸਲਾ ਹੋਵੇ, ਉਸਦਾ ਹੱਲ ਸ਼ਾਂਤੀ ਨਾਲ ਕੀਤਾ ਜਾਵੇ। ਸਰਕਾਰਾਂ ਲੋਕਾਂ ਦੀ ਹਿਫ਼ਾਜ਼ਤ ਲਈ ਬਣਾਈਆਂ ਜਾਂਦੀਆਂ ਹਨ, ਇਹਨਾਂ ਦਾ ਮੰਤਵ ਵਿਸ਼ਵ ਸ਼ਾਂਤੀ ਹੋਣਾ ਚਾਹੀਦਾ ਹੈ ਨਾ ਕਿ ਹਿੰਸਾ, ਜੰਗ ਅਤੇ ਯੁੱਧ। ਹਰ ਦੇਸ਼ ਨੂੰ ਇਹ ਸਮਝਣਾਂ ਚਾਹੀਦਾ ਹੈ ਕਿ ਜੇਕਰ ਵਿਗਿਆਨ ਦੀਆਂ ਕਾਢਾ ਦੀ ਦੁਰਵਰਤੋਂ ਇਸੇ ਤਰ੍ਹਾਂ ਹੁੰਦੀ ਰਹੀ ਤਾਂ ਅਸੀਂ ਦੂਸਰਿਆਂ ਦੇ ਨਾਲ ਨਾਲ ਆਪਣੇ ਆਪ ਲਈ ਵੀ ਕਬਰ ਪੁੱਟ ਰਹੇ ਹਾਂ। ਸੋ ਕਿਸੇ ਵੀ ਮਸਲੇ ਨੂੰ ਸੁਲਝਾਉਣ ਲਈ ਜੰਗ ਕੋਈ ਵਾਜਿਬ ਹੱਲ ਨਹੀਂ ਹੈ, ਜਰੂਰਤ ਹੈ ਵਿਸ਼ਵ ਸ਼ਾਂਤੀ ਦੇ ਨਾਅਰੇ ਨੂੰ ਬੁਲੰਦ ਕਰਨ ਦੀ। ਕਿਉਂਕਿ ਲੋਕ ਅਮਨ, ਸ਼ਾਂਤੀ ਚਹੁੰਦੇ ਹਨ... ਜੰਗ, ਯੁੱਧ ਕਦੇ ਵੀ ਕਿਸੇ ਮਸਲੇ ਦਾ ਹੱਲ ਨਹੀ ਹੁੰਦੇ।

ਲਿਖਤ : ਗਿ. ਸੋਹਣ ਸਿੰਘ ਸੀਤਲ

# ਸਿੱਖ ਰਾਜ ਕਿਵੇਂ ਗਿਆ...?

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਲਾਹੌਰ ਦਰਬਾਰ ਤੇ ਅੰਗਰੇਜ਼ੀ ਸਰਕਾਰ ਵਿਚ ਅਹਿਦਨਾਮਾ "ਕਿਉਂਕਿ ਲਾਹੌਰ ਦਰਬਾਰ ਨੇ, ਗਵਰਨਰ-ਜੈਨਰਲ ਕੋਲ ਲਾਹੌਰ ਵਿਚ ਅੰਗਰੇਜ਼ੀ ਫ਼ੌਜ ਰੱਖਣ ਲਈ ਰ ਬਾਕੀ ਅਗਲੇ ਅੰਕ ਵਿੱਚ


ਬੇਨਤੀ ਕੀਤੀ ਹੈ, ਜੋ 'ਮਹਾਰਾਜੇ ਤੇ ਸ਼ਹਿਰ ਦੀ ਉਦੋਂ ਤਕ ਰੱਖਿਆ ਕਰੇ, ਜਦੋਂ ਤਕ ਉਹ ਆਪਣੀ ਫ਼ੌਜ ਨੂੰ ਸੁਲ੍ਹਾ ਦੀ ਛੇਵੀਂ ਸ਼ਰਤ ਮੁਤਾਬਕ ਠੀਕ ਨਹੀਂ ਕਰ ਲੈਂਦੇ। ਸੋ ਗਵਰਨਰ ਜੈਨਰਲ ਚੰਦ ਸ਼ਰਤਾਂ ਉੱਤੇ ਰਾਜ਼ੀ ਹੋ ਗਿਆ ਹੈ, ਜੋ ਨਿੱਜੀ ਤੇ ਚੌਥੀ ਸ਼ਰਤ ਨੂੰ ਪੂਰਾ ਕਰਨ ਬਦਲੇ

ਜ਼ਰੂਰੀ ਹੈ। ਇਸ ਵਾਸਤੇ, ਇਕ ਅੱਠ ਸ਼ਰਤਾਂ ਵਾਲਾ ਅਹਿਦਨਾਮਾ ਪਾਸ ਕੀਤਾ ਜਾਂਦਾ ਹੈ :

"1, ਅੰਗਰੇਜ਼ੀ ਸਰਕਾਰ 1846 ਈ। ਦੇ ਅਖ਼ੀਰ ਤਕ, ਜਦ ਤਕ ਨਵੀਂ ਸਿੱਖ ਫ਼ੌਜ ਛੇਵੀਂ ਸ਼ਰਤ ਦੇ ਮੁਤਾਬਕ ਠੀਕ ਨਹੀਂ ਹੋ ਜਾਂਦੀ, ਓਨੀ ਅੰਗਰੇਜ਼ੀ ਫ਼ੌਜ ਲਾਹੌਰ ਰੱਖੇਗੀ, ਜਿੰਨੀ ਗਵਰਨਰ-ਜੈਨਰਲ ਮਹਾਰਾਜੇ ਤੇ ਲਾਹੌਰ ਵਾਸੀਆਂ ਦੀ ਰੱਖਿਆ ਵਾਸਤੇ ਠੀਕ ਸਮਝੇਗਾ। ਇਹ ਫ਼ੌਜ ਸਾਲ ਮੁੱਕਣ ਤੋਂ ਪਹਿਲਾਂ ਜਿਸ ਵੇਲੇ ਲਾਹੌਰ ਦਰਬਾਰ ਚਾਹਵੇ, ਹਟਾ ਲਈ ਜਾਵੇਗੀ। ਅੰਗਰੇਜ਼ੀ ਫ਼ੌਜ ਸਾਲ ਮੁਕਣ ਤੋਂ ਪਿਛੋਂ ਲਾਹੌਰ ਨਹੀਂ ਰਹੇਗੀ।

"2 ਲਾਹੌਰ ਸਰਕਾਰ ਏਸ ਗੱਲ ਨਾਲ ਸਹਿਮਤ ਹੈ, ਕਿ ਅੰਗਰੇਜ਼ੀ ਫ਼ੌਜ, ਜੋ ਉੱਪਰ ਦੱਸੇ ਕੰਮ ਵਾਸਤੇ ਲਾਹੌਰ ਰਹੇਗੀ, ਉਸਨੂੰ ਲਾਹੌਰ ਸ਼ਹਿਰ ਤੇ ਕਿਲ੍ਹੇ ਦਾ ਕਬਜ਼ਾ ਦਿੱਤਾ ਜਾਵੇਗਾ ਤੇ ਲਾਹੌਰ ਦੀ ਫ਼ੌਜ ਸ਼ਹਿਰੋਂ ਬਾਹਰ ਕੱਢ ਦਿੱਤੀ ਜਾਵੇਗੀ। ਲਾਹੌਰ ਸਰਕਾਰ ਅੰਗਰੇਜ਼ੀ ਫ਼ੌਜ ਦੇ ਸਿਪਾਹੀਆਂ ਤੇ ਅਫ਼ਸਰਾਂ ਦੇ ਰਹਿਣ ਵਾਸਤੇ ਮਕਾਨ ਦੇਵੇਗੀ ਤੇ ਸਾਰੇ ਵਾਧੂ ਖ਼ਰਚ-ਜੋ ਅੰਗਰੇਜ਼ੀ ਫ਼ੌਜ ਨੂੰ ਆਪਣੀਆਂ ਛਾਉਣੀਆਂ ਤੋਂ ਬਾਹਰ ਬਿਗਾਨੇ ਇਲਾਕੇ ਵਿਚ ਰਹਿਣ ਕਰਕੇ ਝੱਲਣੇ ਪੈਣਗੇ-ਅੰਗਰੇਜ਼ਾਂ ਨੂੰ ਦੇਵੇਗੀ।

3. ਲਾਹੌਰ ਸਰਕਾਰ ਛੇਤੀ ਤੇ ਉੱਦਮ ਨਾਲ ਆਪਣੀ ਨਵੀਂ ਫ਼ੌਜ ਨੂੰ ਪੱਕੀਆਂ ਹੋਈਆਂ ਸ਼ਰਤਾਂ ਅਨੁਸਾਰ-ਜਥੇਬੰਦ ਕਰਨਾ ਆਰੰਭ ਦੇਵੇਗੀ ਤੇ ਲਾਹੌਰ ਰਹਿਣ ਵਾਲੇ ਅੰਗਰੇਜ਼ੀ ਅਫ਼ਸਰਾਂ ਦੀ ਸਲਾਹ ਨਾਲ ਨਵੀਂ ਫ਼ੌਜ ਰੱਖੀ ਜਾਵੇਗੀ।



4. ਜੋ ਲਾਹੌਰ ਸਰਕਾਰ ਪਹਿਲਾਂ ਲਿਖੀ ਸ਼ਰਤ ਨੂੰ ਪੂਰਾ ਕਰਨ ਵਿਚ ਅਸਫਲ ਰਹੀ, ਤਾਂ ਸਰਕਾਰ ਅੰਗਰੇਜ਼ੀ ਨੂੰ ਹੱਕ ਹੋਵੇਗਾ, ਕਿ ਉਹ ਆਪਣੀ ਫ਼ੌਜ ਸਾਲ ਮੁੱਕਣ ਤੋਂ ਪਹਿਲਾਂ ਹੀ ਲਾਹੌਰੋਂ ਵਾਪਸ ਬੁਲਾ ਲਵੇ।

5. ਸਰਕਾਰ ਅੰਗਰੇਜ਼ੀ ਉਹਨਾਂ ਸਾਰੇ ਜਾਗੀਰਦਾਰਾਂ ਦੇ ਹੱਕ ਦਾ ਸਤਿਕਾਰ ਕਰੇਗੀ, ਜੋ ਲਾਹੌਰ ਦੀ ਪਹਿਲੀ ਸੁਲ੍ਹਾ ਦੀ ਸ਼ਰਤ ਨੰ: ।-੪ ਅਨੁਸਾਰ ਇਲਾਕਿਆਂ ਦੇ ਮਾਲਕ ਹਨ ਤੇ ਜਿੰਨ੍ਹਾਂ ਦਾ ਸੰਬੰਧ ਮ. ਰਣਜੀਤ ਸਿੰਘ, ਮ, ਖੜਕ ਸਿੰਘ ਤੇ ਮ। ਸ਼ੇਰ ਸਿੰਘ ਦੇ ਖ਼ਾਨਦਾਨ ਨਾਲ ਹੈ। ਸਰਕਾਰ ਅੰਗਰੇਜ਼ੀ, ਉਹਨਾਂ ਜਾਗੀਰਦਾਰਾਂ ਦੀ ਉਮਰ ਤਕ, ਉਹਨਾਂ ਦਾ ਕਬਜ਼ਾ ਉਹਨਾਂ ਦੀਆਂ ਜਾਗੀਰਾਂ ਉੱਤੇ ਬਹਾਲ ਰਖੇਗੀ।

6. ਉਹਨਾਂ ਕਾਰਦਾਰਾਂ ਤੇ ਮੈਨੇਜਰਾਂ ਪਾਸੋਂ-ਜੇ ਲਾਹੌਰ ਸੁਲ੍ਹਾ ਦੀ ਸ਼ਰਤ ਨੰ: ।-੪ ਅਨੁਸਾਰ ਹਨ- ਮਾਮਲਾ ਉਗਰਾਹੁਣ ਵਿਚ ਸਰਕਾਰ ਅੰਗਰੇਜ਼ੀ ਲਾਹੌਰ ਦਰਬਾਰ ਦੀ ਮਦਦ ਕਰੇਗੀ।

7. ਲਾਹੌਰ ਸਰਕਾਰ ਨੂੰ, ਉਹਨਾਂ ਸਾਰੇ ਕਿਲ੍ਹਿਆਂ ਤੇ ਇਲਾਕਿਆਂ ਵਿਚੋਂ ਜਿੰਨ੍ਹਾਂ ਦਾ ਜ਼ਿਕਰ ਪਹਿਲੀਆਂ ਸ਼ਰਤਾਂ ਵਿਚ ਹੈ ਖ਼ਜ਼ਾਨਾ ਤੇ ਹੋਰ ਸਰਕਾਰੀ ਜਾਇਦਾਦ ਲੈ ਜਾਣ ਦੀ- ਬਿਨਾਂ ਤੋਪਾਂ ਦੇ-ਖੁੱਲ੍ਹ ਹੋਵੇਗੀ। ਸਰਕਾਰ ਅੰਗਰੇਜ਼ੀ ਉਹਨਾਂ ਵਿਚੋਂ ਕੋਈ ਚੀਜ਼ ਰੱਖਣੀ ਚਾਹੇ, ਤਾਂ ਪੂਰੀ ਕੀਮਤ ਦੇ ਕੇ ਰੱਖ ਸਕੇਗੀ। ਸਰਕਾਰ ਅੰਗਰੇਜ਼ੀ ਅਜਿਹੀਆਂ ਚੀਜ਼ਾਂ ਲੈ ਜਾਣ ਵਿਚ ਮਦਦ ਕਰੇਗੀ।

8. ਦੋਵੇਂ ਸਰਕਾਰਾਂ ਆਪਣੇ ਕਮਿਸ਼ਨਰ ਪੱਕੇ ਕਰਨਗੀਆਂ, ਜੋ ਦੋਹਾਂ ਸਰਕਾਰਾਂ ਦੀ ਵਿਚਲੀ ਹੱਦ ਪੱਕੀ ਕਰਨਗੇ, ਜੋ ਲਾਹੌਰ ਦੀ ਸੁਲ੍ਹਾ 9 ਮਾਰਚ, 1746 ਈ। ਅਨੁਸਾਰ ਹੋਵੇਗੀ।"

ਖ਼ਜ਼ਾਨੇ ਵਿਚ 12 ਕਰੋੜੋਂ ਰੁਪਿਆ ਛੱਡ ਕੇ ਮਹਾਰਾਜਾ ਰਣਜੀਤ ਸਿੰਘ ਸੁਰਗਵਾਸ ਹੋਇਆ ਸੀ, ਪਰ ਹੁਣ ਡੂਢ ਕਰੋੜ ਵੀ ਨਾ ਨਿਕਲੇ। ਇਕ ਕਰੋੜ ਬਦਲੇ ਤਾਂ ਜੰਮੂ ਤੇ ਕਸ਼ਮੀਰ ਦਾ ਪਹਾੜੀ ਇਲਾਕਾ ਸਿੱਖਾਂ ਨੇ ਅੰਗੇਰਜ਼ਾਂ ਕੋਲ ਵੇਚਿਆ ਤੇ ਬਾਕੀ 50 ਲੱਖ, ਕੁਛ ਖ਼ਜ਼ਾਨੇ ਵਿਚੋਂ ਤੇ ਕੁਛ ਕਈਆਂ ਸਿੱਖ ਸਰਦਾਰਾਂ (ਖਾਸ ਕਰ ਚਤਰ ਸਿੰਘ ਅਟਾਰੀ) ਕੋਲੋਂ ਲੈ ਕੇ ਪੂਰਾ ਕੀਤਾ ਗਿਆ।

16 ਮਾਰਚ, 1846 ਈ। ਨੂੰ ਅੰਮ੍ਰਿਤਸਰ ਵਿਚ ਗੁਲਾਬ ਸਿੰਘ ਨਾਲ ਹਾਰਡਿੰਗ ਨੇ ਬੁਲਾ ਪੱਕੀ ਕੀਤੀ। 75 ਲੱਖ ਰੁਪਿਆ (ਇਸ ਵਿਚੋਂ ਸੁਚੇਤ ਸਿੰਘ ਦਾ ੧ ਲੱਖ ਕੱਟਕੇ) ਲੈਕੇ ਗੁਲਾਬ ਸਿੰਘ ਨੂੰ ਜੰਮੂ ਤੇ ਕਸ਼ਮੀਰ (ਦਰਿਆ ਰਾਵੀ ਤੇ ਅਟਕ ਵਿਚਲਾ ਪਹਾੜੀ ਇਲਾਕਾ) ਦਾ ਸੁਤੰਤਰ 'ਮਹਾਰਾਜਾ! ਬਣਾ ਦਿੱਤਾ।

ਏਸ ਤਰ੍ਹਾਂ ਸਾਰਾ ਪ੍ਰਬੰਧ ਕਰਕੇ ਲੋੜੀਂਦੀ ਫ਼ੌਜ ਲਾਹੌਰ ਛੱਡ ਕੇ ਬਾਕੀ ਅੰਗਰੇਜ਼ੀ ਫ਼ੌਜ 23 ਮਾਰਚ ਨੂੰ ਲਾਹੌਰੋਂ ਤੁਰੀ ਤੇ 26 ਮਾਰਚ ਨੂੰ ਸਤਲੁਜੋਂ ਪਾਰ ਹੋ ਗਈ।

## ਪੰਜਾਬ ਕਿਉਂ ਨਾ ਜ਼ਬਤ ਕੀਤਾ

ਲਾਰਡ ਹਾਰਡਿੰਗ ਨੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਨਹੀਂ ਮਿਲਾਇਆ। ਏਸ ਗੱਲ ਤੋਂ ਕਈ ਅੰਗਰੇਜ਼ ਅਫ਼ਸਰ ਉਸਦੇ ਵਿਰੁਧ ਸਨ। ਪਰ ਉਸਨੇ ਪੰਜਾਬ ਕਿਉਂ ਆਪਣੇ ਰਾਜ ਵਿਚ ਨਹੀਂ ਮਿਲਾਇਆ। ਕੇਵਲ ਇਸ ਬਦਲੇ, ਕਿ ਉਹ ਨਹੀਂ ਸੀ ਮਿਲਾ ਸਕਦਾ। ਨਿਰਾ ਜ਼ਬਾਨੀ ਕਹਿ ਦੇਣ ਨਾਲ, ਜਾਂ ਐਲਾਨ ਕਰ ਦੇਣ ਨਾਲ ਹੀ ਇਹ ਕੰਮ ਨਹੀਂ ਸੀ ਮੁੱਕ ਚੱਲਿਆ,

• ਬਾਕੀ ਅਗਲੇ ਅੰਕ ਵਿੱਚ




# ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਤੇ ਹਾਪਕਿਨਸਨ ਦਾ ਕਤਲ

ਲੇਖਕ : ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)



ਕੈਨੇਡਾ ਦੀ ਧਰਤੀ 'ਤੇ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਐਂਗਲੋ ਇੰਡੀਅਨ ਏਜੰਟ ਤੇ ਨਸਲਵਾਦੀ ਹਾਪਕਿਨਸਨ ਨੂੰ ਸੋਧ ਕੇ, ਕੈਨੇਡਾ 'ਚ ਬਹੁ- ਸੱਭਿਆਚਾਰਕ ਢਾਂਚੇ ਦਾ ਸ਼ਾਨਾਮੱਤਾ ਇਤਿਹਾਸ ਸਿਰਜਿਆ ਸੀ।

ਇਸ ਸਬੰਧ ਵਿੱਚ 20 ਅਕਤੂਬਰ ਸੰਨ 2024, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ''ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹੀਦੀ ਅਤੇ ਹਾਪਕਿਨਸਨ ਦਾ ਕਤਲ'' ਕਿਤਾਬ (ਲੇਖਕ ਇਤਿਹਾਸਕਾਰ ਸੋਹਣ ਸਿੰਘ ਪੂੰਨੀ) ਸਵੇਰ ਦੇ ਵਿਸ਼ੇਸ਼ ਦੀਵਾਨ ਦੌਰਾਨ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਮੌਕੇ ਤੇ ਸਮੂਹ ਸਾਧ ਸੰਗਤਾਂ, ਲੇਖਕਾਂ, ਚਿੰਤਕਾਂ ਬੁੱਧੀਜੀਵੀਆਂ ਅਤੇ ਸਾਹਿਤ ਸੰਸਥਾਵਾਂ ਨੂੰ ਪਹੁੰਚਣ ਦਾ ਸੱਦਾ ਹੈ।ਇਸ ਤੋਂ ਪਹਿਲਾਂ ਵੀ ਇਤਿਹਾਸਕਾਰ ਪੂੰਨੀ ਨੇ 'ਕਨੇਡਾ ਦੇ ਗਦਰੀ ਯੋਧੇ' ਸਮੇਤ ਕਈ ਕਿਤਾਬਾਂ ਲਿਖੀਆਂ ਹਨ ਅਤੇ ਇਹ ਕਿਤਾਬ ਖੋਜ ਵਜੋਂ ਇਤਿਹਾਸਿਕ ਮਹੱਤਵ ਵਾਲੀ ਹੈ। ਕਿਤਾਬ ਰਿਲੀਜ਼ ਦੀ ਜਾਣਕਾਰੀ ਸਮੇਤ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਵੱਲੋਂ ਹਾਪਕਿਨਸਨ ਨੂੰ ਸੋਧੇ ਜਾਣ ਦੇ ਇਤਿਹਾਸ ਬਾਰੇ ਇਹ ਲੇਖ ਵਿਸ਼ੇਸ਼ ਤੌਰ 'ਤੇ ਸਾਂਝਾ ਕਰ ਰਹੇ ਹਾਂ। ਗੁਲਾਮ ਹਿੰਦੁਸਤਾਨ ਦੀ ਬ੍ਰਿਟਿਸ਼ ਸਰਕਾਰ ਦੇ ਏਜੰਟ ਐਂਗਲੋ -ਇੰਡੀਅਨ ਵਿਲੀਅਮ ਹਾਪਕਿਨਸਨ ਨੇ 1914 ਵਿੱਚ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੂੰ ਸ਼ਹੀਦ ਕਰਵਾਇਆ ਸੀ। ਸਰਕਾਰੀ ਸ਼ਹਿ 'ਤੇ ਏਜੰਟ ਵੱਲੋਂ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਗੁਰਦੁਆਰਾ ਸਾਹਿਬ ਉੱਪਰ ਕੀਤੇ ਹਮਲੇ ਅਤੇ ਗੁਰੂ ਦੀ ਹਜ਼ੂਰੀ ਵਿੱਚ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੂੰ ਸ਼ਹੀਦ ਕਰਾਉਣ ਦੇ ਦੋਸ਼ ਕਾਰਨ, ਜੁਝਾਰੂ ਸਿੱਖ ਭਾਈ ਮੇਵਾ ਸਿੰਘ ਲੋਪੋਕੇ ਨੇ, ਦੁਸ਼ਟ ਸੂਹੀਏ ਵਿਲੀਅਮ ਹਾਪਕਿਨਸਨ ਨੂੰ 21 ਅਕਤੂਬਰ 1914 ਨੂੰ ਸੋਧਿਆ ਸੀ।

### ਚਿੱਟੇ ਕੈਨੇਡਾ ਦੇ ਕਾਲੇ ਇਤਿਹਾਸ ਦੇ ਪੰਨੇ

ਇਹ ਇਤਿਹਾਸਕ ਸੱਚਾਈ ਹੈ ਕਿ ਕੈਨੇਡਾ ਦੀ ਧਰਤੀ 'ਤੇ ਕਿਸੇ ਸਮੇਂ ਚਿੱਟੇ ਨਸਲਵਾਦ ਦਾ ਖੁੱਲ੍ਹੇਆਮ ਬੋਲਬਾਲਾ ਸੀ, ਭਾਵੇਂ ਅੱਜ ਵੀ ਇਹ ਲੁਕਵੇਂ ਰੂਪ ਵਿੱਚ ਕਿਤੇ ਨਾ ਕਿਤੇ ਮੌਜੂਦ ਹੈ। ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਕੈਨੇਡਾ ਨੂੰ ''ਚਿੱਟੀ ਚਮੜੀ ਵਾਲਿਆਂ ਦਾ ਦੇਸ਼'' ਸਾਬਤ ਕਰਨ ਦੀ ਕੋਸ਼ਿਸ਼ 'ਚ ਲੱਗੇ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਸਬਕ ਸਿਖਾਇਆ ਸੀ। ਭਾਈ ਮੇਵਾ ਸਿੰਘ ਵਲੋਂ ਚੁੱਕੇ ਇਨਕਲਾਬੀ ਕਦਮ ਤੋਂ ਬਾਅਦ ਸਹੀ ਅਰਥਾਂ ਵਿੱਚ ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਦਾ ਪਹਿਲਾ ਅਧਿਆਇ ਲਿਖਿਆ ਗਿਆ ਸੀ। ਦੁੱਖ ਇਸ ਗੱਲ ਦਾ ਹੈ ਕਿ ਸ਼ਹੀਦ ਭਾਈ ਮੇਵਾ ਸਿੰਘ ਦੀ ਮਹਾਨ ਕੁਰਬਾਨੀ ਦਾ, ਭਾਰਤ ਦੀ ਆਜ਼ਾਦੀ ਦੇ ਸੰਘਰਸ਼ 'ਚ ਜ਼ਿਕਰ ਨਾਮਾਤਰ ਹੀ ਮਿਲਦਾ ਹੈ। ਕੈਨੇਡਾ ਦੀ ਮੋਢੀ ਜੁਝਾਰੂ ਸਿੱਖਾਂ 'ਚ ਗਿਣੇ ਜਾਂਦੇ ਭਾਈ ਮੇਵਾ ਸਿੰਘ ਕੈਨੇਡਾ 'ਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਪਹਿਲੇ ਸ਼ਹੀਦ ਸਨ। ਭਾਈ ਮੇਵਾ ਸਿੰਘ ਦਾ ਇਤਿਹਾਸ ਜਾਣਨਾ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਇਹਨਾਂ ਦੀ ਕੁਰਬਾਨੀ ਹੀ ਅੱਗਿਓ ਅਨੇਕਾਂ ਗਦਰੀ ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ। ਹਿੰਦੁਸਤਾਨੀ ਬ੍ਰਿਟਿਸ਼ ਏਜੰਟ ਵਿਲੀਅਮ ਹਾਪਕਿਨਸਨ ਨੂੰ ਸੋਧਣ ਕਾਰਨ ਭਾਈ ਸਾਹਿਬ ਨੂੰ ਫਾਂਸੀ ਹੋਈ ਸੀ।

### ਵਿਲੀਅਮ ਹਾਪਕਿਨਸਨ ਕੌਣ ਸੀ?

ਹਾਪਕਿਨਸਨ ਦਾ ਜਨਮ ਭਾਰਤ ਦੇ ਇਲਾਹਾਬਾਦ ਸ਼ਹਿਰ ਵਿੱਚ 16 ਜੂਨ 1880 ਵਿੱਚ ਹੋਇਆ ਸੀ। ਵਿਲੀਅਮ ਹਾਪਕਿਨਸਨ ਦਾ ਬਾਪ ਵਿਲੀਅਮ ਅੰਗਰੇਜ਼ ਸੀ ਅਤੇ ਮਾਂ ਜਲੰਧਰ ਛਾਉਣੀ ਵਿੱਚ ਰਹਿੰਦੇ ਹਿੰਦੂ ਬ੍ਰਾਹਮਣ ਪਰਿਵਾਰ ਵਿੱਚੋਂ ਸੀ, ਪਰ ਉਸ ਨੇ ਮਗਰੋਂ ਆਪਣਾ ਨਾਮ ਬਦਲ ਕੇ ਐਗਨਿਸ ਰੱਖ ਲਿਆ ਸੀ, ਇਸੇ ਕਾਰਨ ਹਾਪਕਿਨਸਨ ਦੇ ਯੂਰੇਸ਼ੀਅਨ ਐਂਗਲੋ ਇੰਡੀਅਨ ਵੰਸ਼ ਵਿੱਚ ਹੋਣ ਦਾ ਪਿਛੋਕੜ ਮਿਲਦਾ ਹੈ। ਉਹ 16 ਸਾਲ ਦੀ ਉਮਰ ਤੋਂ ਪੰਜਾਬ ਪੁਲਿਸ ਵਿੱਚ ਵੀ ਕੁਝ ਸਮਾਂ ਭਰਤੀ ਰਿਹਾ ਅਤੇ ਮਗਰੋਂ ਕੋਲਕਤਾ ਚਲਿਆ ਗਿਆ ਤੇ 21 ਸਾਲ ਦੀ ਉਮਰ ਵਿੱਚ ਕਲਕੱਤਾ ਪੁਲਿਸ ਵਿੱਚ ਭਰਤੀ ਹੋ ਗਿਆ। ਵਿਲੀਅਮ ਹਾਪਕਿਨਸਨ ਜਿੱਥੇ ਅੰਗਰੇਜ਼ੀ ਅਤੇ ਹਿੰਦੀ ਬੋਲ ਸਕਦਾ ਸੀ, ਉੱਥੇ ਕੁਝ ਸਮਾਂ ਪੰਜਾਬ 'ਚ ਰਹਿਣ ਕਾਰਨ ਉਸ ਨੂੰ ਪੰਜਾਬੀ ਵੀ ਸਮਝ ਆਉਂਦੀ ਸੀ। ਉਸਦੇ ਅੰਦਰ ਇਸ ਗੱਲ ਦੀ ਤੀਬਰ ਇੱਛਾ ਸੀ ਕਿ ਉਹ ਜਲਦੀ ਤੋਂ ਜਲਦੀ ਅੰਗਰੇਜ਼ ਸਰਕਾਰ ਖਿਲਾਫ ਲੜ ਰਹੇ 'ਬਾਗੀਆਂ ਦਾ ਖਾਤਮਾ' ਕਰ ਅਤੇ 'ਚਿੱਟੀ ਚਮੜੀ ਦੀ ਰਾਜ ਸੱਤਾ ਅਤੇ ਉੱਤਮਤਾ' ਦੇ ਹੱਕ ਵਿੱਚ ਭੁਗਤੇ।

ਵਿਲੀਅਮ ਚਾਰਲਸ ਹਾਪਕਿਨਸਨ 1908 ਵਿੱਚ ਕੈਨੇਡਾ ਪਹੁੰਚਿਆ, ਜਿੱਥੇ ਉਸ ਨੇ ਇੱਕ ਦੁਕਾਨਦਾਰ ਵਜੋਂ ਆਪਣਾ ਸਫਰ ਸ਼ੁਰੂ ਕੀਤਾ। ਕੁਝ ਸਮੇਂ ਬਾਅਦ ਹੀ ਹਾਪਕਿਨਸਨ ਨੇ ਕੈਨੇਡਾ ਦੇ ਕਿਰਤ ਉਪ ਮੰਤਰੀ ਮਕੈਂਜ਼ੀ ਕਿੰਗ ਨਾਲ ਮੁਲਾਕਾਤ ਕੀਤੀ। ਉਸ ਨੇ 'ਟਾਈਮਜ਼ ਆਫ ਲੰਡਨ' ਦੇ ਪੱਤਰਕਾਰ ਐਲ ਡਬਲਯੂ ਕਰੈਪਿਨ ਵੱਲੋਂ 1908 ਵਿੱਚ ਭਾਰਤੀ ਬ੍ਰਿਟਿਸ਼ ਹਕੂਮਤ ਦੇ ਬਾਗੀਆਂ ਦੀਆਂ ਗਤੀਵਿਧੀਆਂ ਬਾਰੇ ਪ੍ਰਕਾਸ਼ਤ ਇਕ ਰਿਪੋਰਟ ਲਈ ਵੱਧ ਤੋਂ ਵੱਧ ਖੁਫੀਆ ਜਾਣਕਾਰੀ ਮੁਹੱਈਆ ਕੀਤੀ। ਛੇਤੀ ਹੀ ਹਾਪਕਿਨਸਨ ਕੈਨੇਡਾ ਵਿੱਚ ਬ੍ਰਿਟਿਸ਼ ਭਾਰਤ ਦੇ ਏਜੰਟ, ਲੰਡਨ ਦੇ ਏਜੰਟ ਅਤੇ ਡੋਮੀਨੀਅਨ ਕੈਨੇਡਾ ਦੇ ਕਰਿੰਦੇ ਵਜੋਂ ਇਮੀਗ੍ਰੇਸ਼ਨ ਅਧਿਕਾਰੀ ਅਤੇ ਸੂਹੀਏ ਦੇ ਕੰਮ ਕਰਨ ਲੱਗਾ। ਕੈਨੇਡਾ ਦੇ ਗਵਰਨਰ ਜਨਰਲ ਲਾਰਡ ਗ੍ਰੇ ਅਤੇ ਇਸ ਤੋਂ ਇਲਾਵਾ ਕੇਂਦਰੀ ਅਮਰੀਕਾ ਵਿੱਚ ਅੰਗਰੇਜ਼ਾਂ ਦੀ ਬਸਤੀ ਬ੍ਰਿਟਿਸ਼ ਹੌਂਡੂਰਸ ਦੇ ਗਵਰਨਰ ਕਰਨਲ ਕਿੰਗ, ਕੈਨੇਡੀਅਨ ਸਰਕਾਰ ਲਈ ਕੰਮ ਕਰਦੇ ਈਜੀ ਸਵੈਨ ਸਮੇਤ ਸਾਰਿਆਂ ਨਾਲ ਸੰਪਰਕ ਕਾਇਮ ਕਰ ਲਿਆ।

### ਹਾਪਕਿਨਸਨ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ

ਅੰਗਰੇਜ਼ੀ, ਹਿੰਦੀ ਤੋਂ ਇਲਾਵਾ ਪੰਜਾਬੀ ਰਾਹੀਂ ਹਾਪਕਿਨਸਨ ਨੇ ਇਥੋਂ ਦੀ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਸੰਸਥਾ ਅੰਦਰ 'ਪੇਡ ਏਜੰਟਾਂ' ਦੀ ਇਮੀਗ੍ਰੇਸ਼ਨ ਧੜੇ ਰਾਹੀਂ ਘੁਸਪੈਠ ਕਰ ਲਿਆ। ਉਸਨੇ ਬੇਲਾ ਝੁੱਟੀ, ਪਿੰਡ ਜਿਆਣ, ਬਾਬੂ ਹੇਅਰ ਪਿੰਡ ਲਿਤਰਾਂ ਅਤੇ ਗੰਗਾ ਰਾਮ ਸਹੋਤਾ ਪਿੰਡ ਬੜੀਆਂ ਬਾੜੀਆਂ ਮਾਹਲਪੁਰ ਵਰਗੇ ਲਾਲਚੀ, ਵਿਕਾਊ ਅਤੇ ਗੱਦਾਰ ਅਤੇ ਝੋਲੀਚੁੱਕ ਲੱਭੇ ਅਤੇ ਹਿੰਦੁਸਤਾਨੀ ਬ੍ਰਿਟਿਸ਼ ਹਕੂਮਤ ਖਿਲਾਫ ਲੜਨ ਵਾਲੇ ਗਦਰੀ ਬਾਬਿਆਂ ਅਤੇ ਸਿੱਖ ਜੁਝਾਰੂਆਂ ਨੂੰ ਖਤਮ ਕਰਨ ਦਾ ਨਿਸ਼ਚਾ ਕਰ ਲਿਆ। ਹਾਪਕਿਨਸਨ ਦੀਆਂ ਨਸਲਵਾਦੀ ਅਤੇ ਭਰਿਸ਼ਟ ਕਾਰਵਾਈਆਂ ਜਾਹਰ ਹੋਣ ਲੱਗੀਆਂ, ਪਰ ਹਕੂਮਤ ਨੇ ਆਪਣੇ ਪਾਲੇ ਹੋਏ ਝੋਲੀ ਚੁੱਕਾਂ ਦਾ ਹਰ ਤਰ੍ਹਾਂ ਬਚਾਓ ਕੀਤਾ। 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਧੀਨ ਐਂਗਲੋ-ਇੰਡੀਅਨ ਹਾਪਕਿਨਸਨ ਨੇ ਕੈਨੇਡਾ ਵਸਦੇ ਭਾਰਤੀਆਂ ਨੂੰ ਦੋ ਧਿਰਾਂ ਵਿੱਚ ਵੰਡ ਦਿੱਤਾ। ਉਸ ਨੇ ਕੈਨੇਡਾ ਵਸਦੇ ਸਿੱਖਾਂ ਅਤੇ ਭਾਰਤੀਆਂ ਨੂੰ ਇਥੋਂ ਕੱਢਣ ਲਈ ਬ੍ਰਿਟਿਸ਼ ਹੌਂਡੂਰਸ ਦੀ ਸਾਜ਼ਿਸ਼ ਰਚੀ, ਭਾਰਤੀਆਂ ਖਿਲਾਫ ਨਸਲੀ ਕਾਲੇ ਕਾਨੂੰਨਾਂ ਲਈ ਸਰਗਰਮੀ ਦਿਖਾਈ ਤੇ ਗੁਰੂ ਨਾਨਕ ਜਹਾਜ਼ ਵਾਪਸ ਮੋੜੇ ਜਾਣ ਦੀ ਸਾਜਿਸ਼ ਦਾ ਮੁੱਖ ਭਾਗੀ ਬਣਿਆ। ਕਹਿਣ ਦਾ ਭਾਵ, ਕੋਈ ਵੀ ਅਜਿਹੀ ਨਫਰਤੀ ਅਤੇ ਨਸਲੀ ਗਤੀਵਿਧੀ ਨਹੀਂ ਸੀ, ਜਿਸ ਵਿੱਚ ਹਾਪਕਿਨਸਨ ਨੇ ਕੋਈ ਸਾਜਿਸ਼ ਨਾ ਰਚੀ ਹੋਵੇ। ਉਸ ਦੀ ਸਭ ਤੋਂ ਵੱਡੀ ਜ਼ਾਲਮਾਨਾ ਕਾਰਵਾਈ ਆਪਣੇ ਏਜੰਟਾਂ ਰਾਹੀਂ ਗੁਰਦੁਆਰਾ ਸਾਹਿਬ ਦੇ ਅੰਦਰ ਆਗੂ ਸਿੱਖਾਂ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੂੰ ਸ਼ਹੀਦ ਕਰਵਾਉਣ ਦੀ ਸੀ।

ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਕੇ ਦੋ ਸਿੱਖਾਂ ਦੀ ਹੱਤਿਆ ਕਰਵਾਉਣ ਕਰ ਕੇ ਵੈਨਕੂਵਰ ਸ਼ਹਿਰ ਦੀ ਬ੍ਰਿਟਿਸ਼ ਕੋਲੰਬਿਆ ਪ੍ਰੋਵਿੰਸ਼ਿਅਲ ਕੋਰਟ ਵਿੱਚ, ਭਾਈ ਮੇਵਾ ਸਿੰਘ ਨੇ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਸੋਧਿਆ ਤੇ ਮਗਰੋਂ ਖੁਦ ਨੂੰ ਪੁਲਿਸ ਹਵਾਲੇ ਕਰ ਦਿੱਤਾ। ਇਹ ਕਹਾਣੀ ਊਧਮ ਸਿੰਘ ਵਲੋਂ ਲੰਡਨ 'ਚ ਪੰਜਾਬ ਦੇ ਸਾਬਕਾ ਗਵਰਨਰ, ਮਾਈਕਲ ਓਡਵਾਇਰ ਨੂੰ ਸੰਨ 1940 ਵਿੱਚ ਮਾਰਨ ਨਾਲ ਕਾਫੀ ਮਿਲਦੀ ਹੈ, ਫਰਕ ਸਿਰਫ਼ ਏਨਾ ਹੈ ਕਿ ਸ਼ਹੀਦ ਮੇਵਾ ਸਿੰਘ ਨੇ ਇਹ ਕਾਰਨਾਮਾ 26 ਸਾਲ ਪਹਿਲਾਂ ਕੀਤਾ ਸੀ, ਜਿਹੜਾ ਇਤਿਹਾਸ ਦੀਆਂ ਕਿਤਾਬਾਂ ਦੇ ਅਣਗੌਲੇ ਪੰਨਿਆਂ ਦੀ ਧੂੜ 'ਚ ਹੀ ਗੁਆਚ ਗਿਆ। ਕਿੰਨਾ ਚੰਗਾ ਹੋਵੇ ਕਿ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਕੁਰਬਾਨੀ ਬਾਰੇ ਪੜ੍ਹਾਇਆ ਜਾਵੇ ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਲਈ ਜਾਵੇ। ਦੂਜੇ ਪਾਸੇ ਬੀਸੀ ਅਸੰਬਲੀ ਬਿਲਡਿੰਗ ਵਿਕਟੋਰੀਆ ਦੇ ਪਿਛਲੇ ਪਾਸੇ ਦੀ ਪਾਰਕ 'ਚ ਅਜੇ ਵੀ ਹਾਪਕਿਨਸਨ ਦਾ ਨਾਂ ਸ਼ਿਲਾਲੇਖ ਉਪਰ ਅੰਕਿਤ ਹੈ, ਉਸ ਨੂੰ ਤੁਰੰਤ ਹਟਾਇਆ ਜਾਵੇ ਅਤੇ ਬੀਸੀ ਵਿਧਾਨ ਸਭਾ ਦੇ ਅੱਗੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦਾ ਬੁੱਤ ਲਗਾਇਆ ਜਾਵੇ।

### ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਕੌਣ ਸਨ?

ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ 'ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ। ਪਰਿਵਾਰ ਵਿੱਚ ਭਾਈ ਮੇਵਾ ਸਿੰਘ ਅਤੇ ਦੇਵਾ ਸਿੰਘ ਦੋ ਭਰਾ ਸਨ। ਸਿੱਖੀ ਪਿਛੋਕੜ ਨਾਲ ਸਬੰਧਤ ਪਰਿਵਾਰ ਵਾਲੇ ਮੇਵਾ ਸਿੰਘ ਨੇ 20ਵੀਂ ਸਦੀ ਦੇ ਸ਼ੁਰੂ 'ਚ ਹੋਰਨਾਂ ਪੰਜਾਬੀਆਂ ਵਾਂਗ ਸੁਨਹਿਰੀ ਭਵਿੱਖ ਸਿਰਜਣ ਲਈ ਕਨੇਡਾ ਆਉਣ ਦਾ ਫੈਸਲਾ ਕੀਤਾ। ਉਹਨਾਂ ਵੇਲਿਆਂ 'ਚ ਪਾਸਪੋਰਟ ਨਹੀਂ ਸਨ ਹੁੰਦੇ ਅਤੇ ਭਾਈ ਮੇਵਾ ਸਿੰਘ ਨੇ ਕਲਕੱਤੇ ਤੋਂ ਹਾਂਗਕਾਂਗ ਅਤੇ ਉਥੋਂ ਵੈਨਕੂਵਰ ਦੀ ਟਿਕਟ ਲਈ ਅਤੇ 1906 ਈਂ ਵਿੱਚ ਜਾਰਡੀਨ ਸਮੁੰਦਰੀ ਜਹਾਜ਼ ਰਾਹੀਂ ਵੈਨਕੂਵਰ ਆ ਵਸੇ।

### ਬੀਸੀ ਕੰਜ਼ਰਵਟਿਵ ਸਰਕਾਰ ਦਾ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਣ ਦਾ ਨਸਲਵਾਦੀ ਫੈਸਲਾ

ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 27 ਮਾਰਚ 1907 ਵਿੱਚ, ਬੀਸੀ ਕੰਜ਼ਰਵਟਿਵ ਸਰਕਾਰ ਵੱਲੋਂ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫਰੇਜ਼ਰ ਮਿੱਲ 'ਚ ਕੰਮ ਕਰਦੇ ਸਨ। ਇੱਥੇ ਦੇ ਮਿਲ ਮੈਨੇਜਰ ਵੱਲੋਂ ਭਾਈ ਮੇਵਾ ਸਿੰਘ ਸਮੇਤ ਸਮੂਹ ਸਿੱਖ ਕਾਮਿਆਂ ਨੂੰ ਸਿਰਾਂ ਤੇ ਲੋਹ ਟੋਪ (ਹਾਰਡ ਹੈਟ) ਪਾਉਣ ਦਾ ਫੈਸਲਾ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਦਾ ਵਿਰੋਧ ਕਰਨ ਲਈ ਫਰੇਜ਼ਰ ਮਿਲ ਸਥਿਤ ਗੁਰਦੁਆਰਾ ਸਾਹਿਬ ਵਿਖੇ ਸਿੱਖ ਸੰਸਥਾਵਾਂ ਦੇ ਨੁਮਾਇਦੇ ਇਕੱਠੇ ਹੋਏ ਅਤੇ ਸਮੂਹ ਜਥਿਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿੱਚ ਇਸ ਦੇ ਖਿਲਾਫ ਮਤਾ ਪਾਸ ਕੀਤਾ। ਇਸ ਦੇ ਵਿਰੋਧ ਵਿੱਚ ਸਿੱਖ ਕਾਮਿਆਂ ਨੇ ਮੈਨੇਜਰ ਦੇ ਘਰ ਦਾ ਘਿਰਾਓ ਕੀਤਾ ਅਤੇ ਆਖਰਕਾਰ ਮਿਲ ਵਾਲਿਆਂ ਨੂੰ ਲੋਹਟੋਪ ਦਾ ਫੈਸਲਾ ਵਾਪਸ ਲੈਣਾ ਪਿਆ ਇਹ ਕੈਨੇਡਾ ਦੀ ਧਰਤੀ 'ਤੇ ਸਿੱਖਾਂ ਦੀ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਇਤਿਹਾਸਿਕ ਜਿੱਤ ਸੀ। ਭਾਈ ਮੇਵਾ ਸਿੰਘ ਦਾ ਸੰਪਰਕ ਆਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ। ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਸੱਚੇ -ਸੁੱਚੇ ਮਨੁੱਖਾਂ ਅੰਦਰ ਆਜ਼ਾਦੀ ਦੀ ਚਿਣਗ ਕਿਤੇ ਨਾ ਕਿਤੇ ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਆ ਕੇ ਉਸ ਨੂੰ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫਲਸਫਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ।

ਕੈਨੇਡਾ ਦੀ ਪਹਿਲੀ ਸੰਸਥਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ। ਇਹਨਾਂ ਮੋਢੀ ਸਿੱਖਾਂ ਨੇ ਮਿਲ ਕੇ 1907 ਵਿੱਚ ਵੈਨਕੂਵਰ ਵਿਖੇ ਗੁਰਦੁਆਰੇ ਲਈ ਜ਼ਮੀਨ ਖਰੀਦੀ ਅਤੇ 19 ਜਨਵਰੀ 1908 ਨੂੰ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਈ, ਜਿੱਥੇ 21 ਜੂਨ 1908 ਨੂੰ ਭਾਈ ਸਾਹਿਬ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਹੱਕ ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੁੰਦੀ ਹੈ ਕਿ ਅਜੇ ਵਿਆਹੇ ਨਹੀਂ ਸਨ, ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ।

### ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਧੱਕੇਸ਼ਾਹੀ ਦਾ ਭਾਈ ਮੇਵਾ ਸਿੰਘ 'ਤੇ ਅਸਰ

ਭਾਈ ਮੇਵਾ ਸਿੰਘ ਦੇ ਜੀਵਨ 'ਤੇ 'ਗੁਰੂ ਨਾਨਕ ਜਹਾਜ਼' ਨੂੰ ਕੈਨੇਡਾ ਤੋਂ ਵਾਪਿਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼', ਜਿਸਨੂੰ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਵਜੋਂ ਜਾਣਿਆ ਜਾਂਦਾ ਹੈ, ਦੇ ਵੈਨਕੂਵਰ ਪੁੱਜਣ ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫਿਰਾਂ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ। ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਗਦਰੀ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ,1914 ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ।

• ਬਾਕੀ ਅਗਲੇ ਅੰਕ ਵਿੱਚ

**TRUTH IS THE HIGHEST OF ALL THINGS: HIGHER STILL IS TRUTHFUL LIVING-GURU NANAK DEV JI**

# AKALI SINGH SIKH SOCIETY

ਦੇਗ ਤੇਗ ਫਤਹਿ

**1890 - SKEENA STREET, VANCOUVER, B.C., CANADA**
**Phone: (604) 254-2117 Fax: (604) 254-5309**

ਪੰਥ ਕੀ ਜੀਤ



# ਬੰਦੀ ਛੋੜ ਦਿਵਸ ਅਤੇ ਦੀਵਾਲੀ

## ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

1 ਨਵੰਬਰ, ਦਿਨ ਸ਼ੁੱਕਰਵਾਰ ਨੂੰ ਬੰਦੀ ਛੋੜ ਦਿਹਾੜਾ ਅਤੇ ਦੀਵਾਲੀ ਦਾ ਦਿਨ ਹੈ।

## ਇਸ ਮੌਕੇ ਸ਼ਾਮ ਨੂੰ 6:00 ਵਜੇ ਤੋਂ 8:00 ਵਜੇ ਤੱਕ

## ਧਾਰਮਿਕ ਦੀਵਾਨ ਸਜਣਗੇ

### ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਜੀ ਦਾ ਪਾਠ ਸਵੇਰੇ 10:30 ਵਜੇ ਤੋਂ 12:15 ਤੱਕ ਕੀਤਾ ਜਾਂਦਾ ਹੈ।**

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:30 ਵਜੇ ਤੱਕ ਗੁਰਦੁਆਰਾ ਸਾਹਿਬ ਦੇ ਨੰਬਰ-2 ਦਰਬਾਰ ਹਾਲ ਵਾਲੇ ਕਮਰੇ ਵਿੱਚ ਯੋਗਾ ਕਲਾਸ ਲੱਗਦੀ ਹੈ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤਨੇਮ ਅਤੇ ਸਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦੀਵਾਨ ਸਜਾਏ ਜਾਂਦੇ ਹਨ।

**ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ :-**
**ਪਿਆਰਾ ਸਿੰਘ ਬੱਸਨ : 604-254-2117, 604-254-3572, 604-325-0891**

ਸੰਗਤਾਂ ਦੇ ਦਾਸ : ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ

ਗੁਰਦੁਆਰਾ ਸਾਹਿਬ ਦਾ ਫੋਨ ਨੰਬਰ : (604) 254-2117



ਕੀ ਸਿਰਫ਼ ਪਰਾਲੀ ਜਲਾਉਣ ਨਾਲ ਹੀ ਹਵਾ ਪ੍ਰਦੂਸ਼ਣ ਹੁੰਦਾ ਹੈ। ਦਿੱਲੀ ਅਤੇ ਹੋਰ ਵੱਡੇ ਸ਼ਹਿਰਾਂ ਵਿੱਚ ਚੱਲਦੇ ਵਾਹਨ. ਮੋਟਰ ਗੱਡੀਆਂ, ਟਰੱਕ, ਇਹਨਾਂ ਖੇਤਰਾਂ ਵਿੱਚ ਲੱਗੀਆਂ ਫੈਕਟਰੀਆਂ ਬੇਇੰਤਹਾ ਬਿਨਾਂ ਰੋਕ-ਟੋਕ ਪ੍ਰਦੂਸ਼ਣ ਪੈਦਾ ਕਰਦੀਆਂ ਹਨ। ਉਹਨਾਂ ਦੀ ਨਿਗਰਾਨੀ ਕਰਨ ਤੋਂ ਸ਼ਾਸਨ, ਪ੍ਰਸ਼ਾਸਨ, ਸਰਕਾਰੀ ਸੰਸਥਾਵਾਂ ਆਖਿਰ ਚੁੱਪੀ ਕਿਉਂ ਵੱਟੀ ਬੈਠਦੀਆਂ ਹਨ? ਇਹਨਾਂ ਦਿਨਾਂ ਵਿੱਚ ਹੁੰਦੇ ਧਾਰਮਿਕ ਸਮਾਗਮਾਂ ਦੁਸਹਿਰਾ, ਦੀਵਾਲੀ ਤੇ ਹੋਰ ਤਿਉਹਾਰਾਂ 'ਤੇ ਹੁੰਦੀ ਪਟਾਕੇਬਾਜ਼ੀ ਵੱਡੇ ਹਵਾ ਪ੍ਰਦੂਸ਼ਣ ਦਾ ਕਾਰਨ ਬਣਦੀ ਹੈ। ਕੋਇਲਾ ਥਰਮਲ ਪਲਾਂਟ ਹਵਾ ਪ੍ਰਦੂਸ਼ਣ ਦਾ ਕਾਰਨ ਬਣਦੇ ਹਨ।

## ਪਰਾਲੀ ਦਾ ਮੁੱਦਾ

# ਹਵਾ ਪ੍ਰਦੂਸ਼ਣ

**ਲੇਖਕ : ਗੁਰਮੀਤ ਸਿੰਘ ਪਲਾਹੀ**

ਜਦੋਂ ਮੌਸਮ ਬਦਲਦਾ ਹੈ, ਸਰਦੀ ਦਰਵਾਜ਼ਾ ਖੜਕਾਉਂਦੀ ਹੈ, ਪਰਾਲੀ ਦਾ ਮੁੱਦਾ ਸਿਆਸੀ ਸਫਾਂ ਅਤੇ ਕੋਰਟ-ਕਚਹਿਰੀਆਂ ਵਿੱਚ ਵੱਡੀ ਚਰਚਾ ਬਣ ਜਾਂਦਾ ਹੈ। ਪਰਾਲੀ ਜਲਾਉਣ ਦੇ ਮਾਮਲੇ ਬਾਰੇ ਹਾਹਾਕਾਰ ਮਚਦੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ ਹਾਕਮ ਸਾਰਾ ਸਾਲ ਕੁੰਭਕਰਨ ਦੀ ਨੀਂਦ ਸੁੱਤੇ, ਸੁੱਤ-ਉਨੀਂਦੇ ਜਾਗਦੇ ਹਨ, ਫਰਮਾਨ ਜਾਰੀ ਕਰਦੇ ਹਨ, ਕਚਹਿਰੀਆਂ ਵਿੱਚ 'ਲੋਕ ਹਿਤੈਸ਼ੀ' ਰਿਟਾਂ ਪਾਉਂਦੇ ਹਨ, ਵੱਡੀ ਕਚਹਿਰੀ ਹੁਕਮ ਸਾਦਰ ਕਰਦੀ ਹੈ ਪਰ ਪਰਨਾਲਾ ਉੱਥੇ ਦਾ ਉੱਥੇ ਰਹਿੰਦਾ ਹੈ।

ਬਿਨਾਂ ਸ਼ੱਕ ਪਰਾਲੀ ਪ੍ਰਬੰਧਨ ਵੱਡਾ ਮਸਲਾ ਹੈ। ਬਹੁਤੇ ਕਿਸਾਨ ਅਗਲੀ ਫਸਲ ਦੀ ਤਿਆਰੀ ਲਈ ਇਸਦਾ ਸੌਖਾ ਹੱਲ ਇਸ ਨੂੰ ਜਲਾਉਣ ਵਿੱਚ ਵੇਖਦੇ ਹਨ। ਇਸ ਨਾਲ ਵੱਡਾ ਨੁਕਸਾਨ ਹੁੰਦਾ ਹੈ। ਪਰਾਲੀ ਜਲਾਉਣ ਨਾਲ ਜ਼ਮੀਨ ਦੀ ਕੁੱਖ ਵਿੱਚ ਮੌਜੂਦ ਅਨੇਕਾਂ ਲਾਭਦਾਇਕ ਸੂਖਮ ਜੀਵ-ਜੰਤੂ ਨਸ਼ਟ ਹੋ ਜਾਂਦੇ ਹਨ, ਜੋ ਖੇਤੀ ਉਪਜ ਲਈ ਸਹਾਇਕ ਹਨ। ਇੱਕ ਅਧਿਐਨ ਦੇ ਅਨੁਸਾਰ ਇੱਕ ਟਨ ਪਰਾਲੀ ਜਲਾਉਣ ਨਾਲ ਜ਼ਮੀਨ ਦੀ ਕੁੱਖ ਵਿੱਚ ਮੌਜੂਦ 5.5 ਕਿਲੋਗ੍ਰਾਮ ਨਾਈਟ੍ਰੋਜਨ 2.3 ਕਿਲੋਗ੍ਰਾਮ ਫਾਸਫੋਰਸ, 25 ਕਿਲੋਗ੍ਰਾਮ ਪੋਟਾਸ਼ੀਅਮ, 1.2 ਕਿਲੋਗ੍ਰਾਮ ਸਲਫਰ ਸਮੇਤ ਹੋਰ ਲਾਭਦਾਇਕ ਪੌਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ। ਅੰਤਰਰਾਸ਼ਟਰੀ ਖਾਧ ਨੀਤੀ ਅਨੁਸੰਧਾਨ ਸੰਸਥਾ ਦੀ ਇੱਕ ਰਿਪੋਰਟ ਮੁਤਾਬਿਕ ਭਾਰਤ ਦੇ ਵੱਖੋ-ਵੱਖਰੇ ਸੂਬਿਆਂ ਵਿੱਚ ਪਰਾਲੀ ਜਲਾਉਣ ਨਾਲ ਲਗਭਗ 2 ਲੱਖ ਕਰੋੜ ਰੁਪਏ ਦਾ ਵਿੱਤੀ ਨੁਕਸਾਨ ਪੁੱਜਦਾ ਹੈ।

ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਨੇ 24 ਸਤੰਬਰ 2024 ਨੂੰ ਪਰਾਲੀ ਜਲਾਉਣ ਦੇ ਮੁੱਦੇ ਉੱਤੇ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀ ਏ ਕਿਊ ਐੱਮ) ਤੋਂ ਜਵਾਬ ਤਲਬੀ ਕੀਤੀ ਅਤੇ ਪੁੱਛਿਆ ਕਿ ਪਿਛਲੇ ਹੁਕਮਾਂ ਦੀ ਤਾਮੀਲ ਕਿਉਂ ਨਹੀਂ ਕੀਤੀ ਗਈ ਅਤੇ 15 ਸਤੰਬਰ ਦੇ ਹਫ਼ਤੇ ਵਿੱਚ ਹੀ ਪਰਾਲੀ ਜਲਾਉਣ ਦੀਆਂ ਘਟਨਾਵਾਂ ਵਿੱਚ ਵਾਧਾ ਕਿਉਂ ਹੋਇਆ। ਸੀ ਏ ਕਿਊ ਐੱਮ ਐਕਟ ਦੀ ਧਾਰਾ-14 ਅਧੀਨ ਸਤੰਬਰ ਵਿੱਚ ਅਧਿਕਾਰੀਆਂ ਕਰਮਚਾਰੀਆਂ ਖਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ ਜੋ ਪਰਾਲੀ ਸਾੜਨ ਦੇ ਮਾਮਲੇ ਵਿੱਚ ਜ਼ਿੰਮੇਵਾਰ ਹਨ। ਅਦਾਲਤ ਨੇ ਪੰਜਾਬ-ਹਰਿਆਣਾ ਸਰਕਾਰਾਂ ਨੂੰ ਵੀ ਫਿਟਕਾਰ ਲਗਾਈ ਕਿ ਉਹਨਾਂ ਨੇ ਕਿਸਾਨਾਂ ਵਿਰੁੱਧ ਪਰਾਲੀ ਜਲਾਉਣ ਦੇ ਅਮਲੇ ਵਿੱਚ ਕਠੋਰ ਕਾਰਵਾਈ ਕਿਉਂ ਨਹੀਂ ਕੀਤੀ?

ਅਸਲ ਵਿੱਚ ਵਰ੍ਹਿਆਂ ਤੋਂ ਸਰਕਾਰਾਂ ਚੁੱਪ ਹਨ, ਕਿਸਾਨਾਂ ਦੇ ਇਸ ਗੰਭੀਰ ਮਸਲੇ ਦਾ ਹੱਲ ਕਰਨ ਤੋਂ ਅਸਮਰੱਥ ਹਨ। ਜਿਹੜੇ ਨਿੱਕੇ-ਮੋਟੇ ਯਤਨ ਪਰਾਲੀ ਪ੍ਰਬੰਧਨ ਲਈ ਕੀਤੇ ਜਾਂਦੇ ਹਨ, ਉਹ ਸਹੀ ਅਰਥਾਂ ਵਿੱਚ 'ਸਰਕਾਰੀ ਸਕੀਮਾਂ' ਵਾਂਗ ਕਿਸਾਨਾਂ ਦੇ ਦਰ 'ਤੇ ਨਹੀਂ ਪੁੱਜਦੇ। ਬਹੁਤ ਸਾਰੀਆਂ ਯੋਜਨਾਵਾਂ ਬਣਦੀਆਂ ਹਨ, ਵਿੱਤੀ ਸਾਧਨਾਂ ਦੀ ਘਾਟ ਕਰਕੇ ਉਹ ਸਾਰੀਆਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ।

ਪਰਾਲੀ ਜਲਾਉਣ ਨਾਲ ਵਾਤਾਵਰਣ ਵਿਗੜਦਾ ਹੈ, ਪ੍ਰਦੂਸ਼ਿਤ ਹੁੰਦਾ ਹੈ। ਉਸ ਦਾ ਸਿਹਤ ਉੱਤੇ ਅਸਰ ਪੈਂਦਾ ਹੈ, ਸਿਰਫ਼ ਮਨੁੱਖੀ ਸਰੀਰ ਉੱਤੇ ਹੀ ਨਹੀਂ ਸਗੋਂ ਹੋਰ ਜੀਵ-ਜਾਨਵਰਾਂ ਉੱਤੇ ਵੀ। ਸਰਦੀਆਂ ਦੇ ਸ਼ੁਰੂਆਤੀ ਦਿਨਾਂ ਵਿੱਚ ਇਸ ਪ੍ਰਦੂਸ਼ਣ ਵਾਧੇ ਨਾਲ ਸਾਹ ਘੁੱਟਣ ਲਗਦਾ ਹੈ। 24 ਸਤੰਬਰ 2024 ਤਕ ਦਿੱਲੀ ਖੇਤਰ ਵਿੱਚ ਹਵਾ ਦਾ ਗੁਣਵੱਤਾ ਅੰਕ 203 ਦਰਜ ਕੀਤਾ ਗਿਆ ਅਤੇ ਇਸ ਵਾਧੇ ਦਾ ਕਾਰਨ ਪੰਜਾਬ-ਹਰਿਆਣਾ ਵਿੱਚ ਪਰਾਲੀ ਜਲਾਉਣ ਦੇ ਮਾਮਲੇ ਨੂੰ ਮਿਥਿਆ ਜਾ ਰਿਹਾ ਹੈ। ਝੋਨੇ ਦੀ ਕਟਾਈ ਦੇ ਮੁਢਲੇ ਦਿਨਾਂ ਵਿੱਚ ਹੀ ਪੰਜਾਬ ਵਿੱਚ 23 ਅਤੇ ਹਰਿਆਣਾ ਵਿੱਚ 70 ਮਾਮਲੇ ਨੋਟ ਕੀਤੇ ਗਏ।

ਪਰ ਵੇਖਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਕੀ ਸਿਰਫ਼ ਪਰਾਲੀ ਜਲਾਉਣ ਨਾਲ ਹੀ ਹਵਾ ਪ੍ਰਦੂਸ਼ਣ ਹੁੰਦਾ ਹੈ। ਦਿੱਲੀ ਅਤੇ ਹੋਰ ਵੱਡੇ ਸ਼ਹਿਰਾਂ ਵਿੱਚ ਚੱਲਦੇ ਵਾਹਨ. ਮੋਟਰ ਗੱਡੀਆਂ, ਟਰੱਕ, ਇਹਨਾਂ ਖੇਤਰਾਂ ਵਿੱਚ ਲੱਗੀਆਂ ਫੈਕਟਰੀਆਂ ਬੇਇੰਤਹਾ ਬਿਨਾਂ ਰੋਕ-ਟੋਕ ਪ੍ਰਦੂਸ਼ਣ ਪੈਦਾ ਕਰਦੀਆਂ ਹਨ। ਉਹਨਾਂ ਦੀ ਨਿਗਰਾਨੀ ਕਰਨ ਤੋਂ ਸ਼ਾਸਨ, ਪ੍ਰਸ਼ਾਸਨ, ਸਰਕਾਰੀ ਸੰਸਥਾਵਾਂ ਆਖਿਰ ਚੁੱਪੀ ਕਿਉਂ ਵੱਟੀ ਬੈਠਦੀਆਂ ਹਨ? ਇਹਨਾਂ ਦਿਨਾਂ ਵਿੱਚ ਹੁੰਦੇ ਧਾਰਮਿਕ ਸਮਾਗਮਾਂ ਦੁਸਹਿਰਾ, ਦੀਵਾਲੀ ਤੇ ਹੋਰ ਤਿਉਹਾਰਾਂ 'ਤੇ ਹੁੰਦੀ ਪਟਾਕੇਬਾਜ਼ੀ ਵੱਡੇ ਹਵਾ ਪ੍ਰਦੂਸ਼ਣ ਦਾ ਕਾਰਨ ਬਣਦੀ ਹੈ। ਕੋਇਲਾ ਥਰਮਲ ਪਲਾਂਟ ਹਵਾ ਪ੍ਰਦੂਸ਼ਣ ਦਾ ਕਾਰਨ ਬਣਦੇ ਹਨ। ਹਵਾ ਪ੍ਰਦੂਸ਼ਣ ਦੇ ਮਾਮਲੇ 'ਤੇ ਇੱਕ ਜਾਣਕਾਰੀ ਅਨੁਸਾਰ ਹੋਰ ਸ਼ਹਿਰਾਂ ਦੇ ਮੁਕਾਬਲੇ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਦੀ ਵੱਧ ਮਾਰ ਪੈ ਰਹੀ ਹੈ। ਇਸ ਪ੍ਰਦੂਸ਼ਣ ਨਾਲ ਦਿੱਲੀ ਵਾਸੀਆਂ ਦੀ ਉਮਰ ਵਿੱਚ ਸਾਢੇ ਛੇ ਸਾਲ ਦੀ ਕਮੀ ਆਈ ਹੈ। ਹਵਾ ਪ੍ਰਦੂਸ਼ਣ ਜਦੋਂ ਕਾਰਬਨ ਮੋਨੋਆਕਸਾਈਡ, ਕਾਰਬਨ ਡਾਇਆਕਸਾਈਡ, ਮੀਥੇਨ, ਹਾਈਡਰੋਕਾਰਬਨ ਜਿਹੀਆਂ ਜ਼ਹਿਰੀਲੀਆਂ ਗੈਸਾਂ ਪੈਦਾ ਕਰਦਾ ਹੈ ਤਾਂ ਦਮੇ, ਦਿਲ ਅਤੇ ਕੈਂਸਰ ਦੇ ਰੋਗੀਆਂ ਉੱਤੇ ਵੱਧ ਅਸਰ ਕਰਦਾ ਹੈ। ਇਹਦਾ ਸ਼ਿਕਾਰ ਬਜ਼ੁਰਗ ਅਤੇ ਬੱਚੇ ਜ਼ਿਆਦਾ ਹੁੰਦੇ ਹਨ।

ਸਾਇੰਸਦਾਨਾਂ ਦਾ ਕਹਿਣਾ ਹੈ ਕਿ ਹਵਾ ਪ੍ਰਦੂਸ਼ਣ ਦੁਨੀਆਂ ਦੀ ਵੱਡੀ ਸਿਹਤ ਮਹਾਂਮਾਰੀ ਹੈ। ਦੁਨੀਆਂ ਦੇ ਸਿਰਫ਼ 7 ਦੇਸ਼ ਸਾਫ਼-ਸੁਥਰੀ ਹਵਾ ਵਾਲੇ ਹਨ। ਇਹਨਾਂ ਦੇਸ਼ਾਂ ਵਿੱਚ ਨਿਊਜ਼ੀਲੈਂਡ ਅਤੇ ਫਿਨਲੈਂਡ ਸ਼ਾਮਲ ਹਨ। ਭਾਰਤ ਦੁਨੀਆਂ ਦੇ 134 ਦੇਸ਼ਾਂ ਵਿੱਚੋਂ ਬੰਗਲਾ ਦੇਸ਼, ਪਾਕਿਸਤਾਨ ਤੋਂ ਬਾਅਦ ਤੀਜੇ ਨੰਬਰ 'ਤੇ ਹਵਾ ਪ੍ਰਦੂਸ਼ਿਤ ਦੇਸ਼ ਹੈ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਪ੍ਰਮੁੱਖ 10 ਹਵਾ ਪ੍ਰਦੂਸ਼ਿਤ ਸ਼ਹਿਰਾਂ ਵਿੱਚ ਪਹਿਲੇ ਨੰਬਰ 'ਤੇ ਹੈ।

ਹਵਾ ਪ੍ਰਦੂਸ਼ਣ ਤਦ ਹੁੰਦਾ ਹੈ ਜਦੋਂ ਹਾਨੀਕਾਰਕ ਗੈਸਾਂ ਅਤੇ ਧੂੜ ਵਾਤਾਵਰਣ ਵਿੱਚ ਵਿਖਰਦੀ ਹੈ। ਇਸਦੇ ਸਰੋਤਾਂ ਵਿੱਚ ਜੰਗਲਾਂ ਦੀ ਅੱਗ, ਜਵਾਲਾਮੁਖੀ ਵਿਸਫੋਟ, ਆਟੋਮੋਬਾਇਲ, ਬਿਜਲੀ ਉਪਕਰਨਾਂ ਦਾ ਜ਼ਿਆਦਾ ਯੋਗਦਾਨ ਹੈ। ਇਹ ਪ੍ਰਦੂਸ਼ਣ ਮਨੁੱਖੀ ਸਰੀਰ ਅਤੇ ਵਾਤਾਵਰਣ ਉੱਤੇ ਵਿਰੋਧੀ ਅਸਰ ਪਹੁੰਚਾਉਂਦਾ ਹੈ। ਇੱਕ ਅੰਤਰਰਾਸ਼ਟਰੀ ਖੋਜ ਅਨੁਸਾਰਾ ਵੱਲੋਂ ਕੀਤੇ 200 ਅਧਿਐਨਾਂ ਮੁਤਾਬਿਕ ਵਾਹਨਾਂ ਨਾਲ ਸਭ ਤੋਂ ਵੱਧ ਪ੍ਰਦੂਸ਼ਣ ਹੁੰਦਾ ਹੈ, ਜੋ ਸਿਹਤ ਲਈ ਅਤਿਅੰਤ ਖ਼ਤਰਨਾਕ ਹੈ। ਦੁਨੀਆਂ ਭਰ ਵਿੱਚ ਚਲਦੀਆਂ ਅਰਬਾਂ ਪ੍ਰਦੂਸ਼ਨੀ ਕਾਰਾਂ ਸਿਹਤ ਦੀਆਂ ਵੱਡੀਆਂ ਦੁਸ਼ਮਣ ਹਨ। ਇਸ ਹਵਾ ਪ੍ਰਦੂਸ਼ਣ, ਫਸਲਾਂ ਦੀ ਰਹਿੰਦ-ਖੂੰਹਦ, ਪਰਾਲੀ ਆਦਿ ਮੌਸਮੀ ਪੱਧਰ 'ਤੇ ਵੱਡਾ ਅਸਰ ਪਾਉਂਦੇ ਹਨ ਕਿਉਂਕਿ ਵਾਹਨਾਂ ਆਦਿ ਨੂੰ ਲੋਕਾਂ ਨੇ 'ਪ੍ਰਦੂਸ਼ਨ' ਵਜੋਂ ਮਨੋਂ ਪ੍ਰਵਾਨ ਕੀਤਾ ਹੋਇਆ ਹੈ, ਪਰ ਲੱਗਦੀਆਂ ਅੱਗਾਂ, ਜੋ ਨਾਲੀ, ਪਰਾਲੀ ਅਤੇ ਰਹਿੰਦ-ਖੂੰਹਦ ਕਾਰਨ ਦਿਸਦੀਆਂ ਹਨ, ਉਹ ਵੱਡੀ ਚਰਚਾ ਦਾ ਵਿਸ਼ਾ ਬਣਦੀਆਂ ਹਨ।

ਇਸਦਾ ਭਾਵ ਇਹ ਨਹੀਂ ਹੈ ਕਿ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲਾਉਣਾ ਸਹੀ ਹੈ, ਸਗੋਂ ਇਸਦਾ ਪ੍ਰਬੰਧਨ ਅਤਿਅੰਤ ਜ਼ਰੂਰੀ ਹੈ ਤਾਂ ਕਿ ਮਨੁੱਖੀ ਜਾਨ ਨੂੰ ਦਰਪੇਸ਼ ਖ਼ਤਰਿਆਂ 'ਤੇ ਕਾਬੂ ਪਾਇਆ ਜਾਵੇ।

ਸਰਕਾਰ ਨੇ ਪਿਛਲੇ ਵਰ੍ਹਿਆਂ ਤੋਂ ਪਰਾਲੀ ਜਲਾਉਣ ਦੇ ਮਾਮਲੇ ਦੇ ਹੱਲ ਲਈ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਯਤਨ ਕੀਤੇ ਹਨ। ਸਰਕਾਰ ਨੇ ਪਰਾਲੀ ਜਲਾਉਣ ਦੇ ਦੋਸ਼ੀ ਕਿਸਾਨਾਂ ਨੂੰ ਫਸਲ ਤੋਂ ਘੱਟੋ-ਘੱਟ ਕੀਮਤ ਲਾਭ ਨਾ ਦੇਣ ਦਾ ਫੈਸਲਾ ਕੀਤਾ ਹੈ। ਉਂਜ ਵੀ ਪਰਾਲੀ ਜਲਾਉਣ ਦੇ ਕੇਸਾਂ ਨੂੰ ਘੱਟ ਕਰਨ ਲਈ ਸੈਟੇਲਾਈਟ ਨਿਗਰਾਨੀ ਕੀਤੀ ਜਾਂਦੀ ਹੈ। ਇਹ ਵੀ ਤੈਅ ਹੋਇਆ ਕਿ ਸਰਕਾਰ ਪਰਾਲੀ ਨਾ ਜਲਾਉਣ ਵਾਲਿਆਂ ਨੂੰ ਪ੍ਰਤੀ ਏਕੜ ਪੰਜ ਹਜ਼ਾਰ ਰੁਪਏ ਦੀ ਆਰਥਿਕ ਮਦਦ ਦੇਵੇਗੀ। ਪਰ ਇਹ ਸਭ ਕੁਝ ਕਾਰਗਰ ਨਹੀਂ ਹੋ ਰਿਹਾ ਹੈ।

ਪਰਾਲੀ ਜਲਾਉਣ ਦਾ ਹੱਲ ਸਿਰਫ਼ ਸਰਕਾਰ ਹੀ ਨਹੀਂ ਕਰ ਸਕਦੀ, ਇਸ ਵਾਸਤੇ ਸਾਂਝੇ ਯਤਨਾਂ ਦੀ ਲੋੜ ਹੈ। ਕਿਸਾਨਾਂ ਨੂੰ ਵੀ ਜਾਗਰੂਕ ਹੋਣਾ ਪਵੇਗਾ ਕਿ ਪਰਾਲੀ ਜਲਾਉਣਾ ਉਹਨਾਂ ਦੀ ਜ਼ਮੀਨ ਲਈ ਹਾਨੀਕਾਰਕ ਹੈ। ਝੋਨੇ ਦੀਆਂ ਸੁਧਰੀਆਂ ਕਿਸਮਾਂ, ਜੋ ਪਰਾਲੀ ਘੱਟ ਪੈਦਾ ਕਰਨ, ਲਗਾਉਣ ਦੀ ਜ਼ਰੂਰਤ ਹੋਏਗੀ। ਧਾਨ ਦੀ ਸਿੱਧੀ ਬਿਜਾਈ ਇਸ ਕੰਮ ਲਈ ਸਹਾਈ ਹੋ ਸਕਦੀ ਹੈ। ਪਰਾਲੀ ਦੇ ਬੰਡਲ ਬਣਾ ਕੇ ਇਹ ਥਰਮਲ ਪਲਾਟਾਂ ਵਿੱਚ ਵਰਤੇ ਜਾ ਸਕਦੇ ਹਨ। ਇਸ ਪਰਾਲੀ ਵਿੱਚ ਗੋਬਰ ਮਿਲਾ ਕੇ ਖਾਦ ਬਣਾਈ ਜਾ ਸਕਦੀ ਹੈ। ਗੋਬਰ ਗੈਸ ਪਲਾਟਾਂ ਵਿੱਚ ਇਸਦੀ ਵਰਤੋਂ ਸਹਾਇਕ ਸਿੱਧ ਹੋ ਸਕਦੀ ਹੈ।

ਪਰਾਲੀ ਵਰਗੀ ਰਹਿੰਦ-ਖੂੰਹਦ ਜਲਾਉਣ ਸੰਬੰਧੀ ਸਿਆਸਤ ਕਰਨ ਦੀ ਥਾਂ ਹਵਾ ਪ੍ਰਦੂਸ਼ਣ ਦੇ ਮੁੱਖ ਮੁੱਦੇ ਨੂੰ ਸਮਝਣਾ ਹੋਵੇਗਾ। ਕਿੰਨਾ ਚੰਗਾ ਹੋਵੇਗਾ ਜੇਕਰ ਵਾਹਣਾਂ ਦੀ ਗਿਣਤੀ ਘੱਟ ਕਰਕੇ ਬਾਈ-ਸਾਈਕਲ ਅਪਣਾਇਆ ਜਾਏ, ਪੈਰੀਂ ਤੁਰਿਆ ਜਾਏ।

ਕਰੋਨਾ-ਮਹਾਂਮਾਰੀ ਦੇ ਦਿਨ ਯਾਦ ਕਰਨ ਦੀ ਲੋੜ ਹੈ। ਜਦੋਂ ਸੜਕਾਂ 'ਤੇ ਵਾਹਣ ਨਾ ਦਿਸੇ, ਪ੍ਰਦੂਸ਼ਣ ਮੁਕਤ ਵਾਤਾਵਰਣ ਨੇ ਮਨੁੱਖ ਨੂੰ ਰਾਹਤ ਦਿੱਤੀ। ਮੈਦਾਨੀ ਇਲਾਕਿਆਂ ਵਿੱਚ ਪਹਾੜ ਪਰਬਤ ਦਿਸੇ।

ਪ੍ਰਦੂਸ਼ਣ ਰੋਕਣ ਸੰਬੰਧੀ ਬਣੇ ਕਾਨੂੰਨ ਲਾਗੂ ਕਰਨ ਨਾਲ ਇਸ ਸਮੱਸਿਆ ਉੱਤੇ ਕਾਬੂ ਪਾਉਣਾ ਸੌਖਾ ਹੋਏਗਾ। ਪ੍ਰਦੂਸ਼ਣ ਪੈਦਾ ਕਰਨ ਵਾਲੇ ਕਾਰਖਾਨੇਦਾਰਾਂ ਵਿਰੁੱਧ ਕਾਰਵਾਈ ਦੀ ਲੋੜ ਹੈ। ਖੇਤਾਂ ਵਿੱਚ ਕੀਟਨਾਸ਼ਕ ਅਤੇ ਖਾਦਾਂ ਸੀਮਤ ਤੌਰ 'ਤੇ ਵਰਤੀਆਂ ਜਾਣ। ਫਸਲੀ ਰਹਿੰਦ-ਖੂੰਹਦ ਲਈ ਜਿੱਥੇ 'ਕੰਪੋਸਟ ਬਾਇਓ ਗੈਸ' ਪਲਾਂਟ ਸਹਾਈ ਹੋ ਸਕਦੇ ਹਨ, ਉੱਥੇ ਪੰਜਾਬ-ਹਰਿਆਣਾ ਅਤੇ ਹੋਰ ਖੇਤੀ ਖੇਤਰਾਂ ਵਿੱਚ ਬਾਇਓ ਵੇਸਟ ਡੀਕੰਪੋਜ਼ਰ ਤਿਆਰ ਕੀਤੇ ਜਾਣ ਨਾਲ ਰਹਿੰਦ-ਖੂੰਹਦ ਤੋਂ ਖਾਦ ਤਿਆਰ ਹੋ ਸਕਦੀ ਹੈ, ਜੋ ਖੇਤਾਂ ਦੀ ਉਪਜਾਊ ਸ਼ਕਤੀ ਵਧਾਉਣ ਯੋਗ ਹੁੰਦੀ ਹੈ।

ਪੁਰਾਣੇ ਵਹੀਕਲਾਂ ਉੱਤੇ ਪਾਬੰਦੀ, ਸੋਲਰ ਊਰਜਾ ਅਤੇ ਆਵਾਜਾਈ ਲਈ ਸਾਂਝੇ ਵਹੀਕਲਾਂ, ਬੱਸਾਂ ਆਦਿ ਦੀ ਵਰਤੋਂ ਸਹਾਇਕ ਸਾਬਤ ਹੋ ਸਕਦੀ ਹੈ।

ਸਰਕਾਰ ਸੰਜੀਦਾ ਹੋਵੇ, ਕਿਸਾਨਾਂ ਲਈ ਕਿਸਾਨ ਹਿਤੈਸ਼ੀ ਖੇਤੀ ਨੀਤੀ ਬਣਾਵੇ ਅਤੇ ਫਸਲਾਂ ਦਾ ਯੋਗ ਮੁੱਲ ਦੇਵੇ ਤਾਂ ਕਿ ਕਿਸਾਨਾਂ ਨੂੰ ਘਾਟੇ ਦੀ ਖੇਤੀ ਤੋਂ ਮੁਕਤੀ ਮਿਲੇ, ਉਹ ਫਸਲੀ ਰਹਿੰਦ-ਖੂੰਹਦ ਸੰਭਾਲ ਕੇ ਇਸ ਤੋਂ ਵੀ ਵਿੱਤੀ ਲਾਭ ਪ੍ਰਾਪਤ ਕਰਨ ਦੀ ਸਕੀਮਾਂ ਨੂੰ ਮਨੋਂ ਪ੍ਰਵਾਨ ਕਰਨ।

# ਔਰਤਾਂ ਮਰਦਾਂ ਨਾਲੋਂ ਜ਼ਿਆਦਾ ਮਾਨਸਿਕ ਰੋਗਾਂ ਦੀਆਂ ਸ਼ਿਕਾਰ ਕਿਉਂ ਹੁੰਦੀਆਂ ਹਨ?

**ਲੇਖਕ : ਰਵਿੰਦਰ ਚੋਟ**
**ਸੰਪਰਕ : 98726-73703**



ਇਹ ਆਮ ਦੇਖਿਆ ਗਿਆ ਹੈ ਕਿ ਦੇਸ਼ ਵਿਦੇਸ਼ ਵਿਚ ਔਰਤਾਂ ਮਾਨਸਿਕ ਤੌਰ 'ਤੇ ਜ਼ਿਆਦਾ ਬੀਮਾਰ ਹੁੰਦੀਆਂ ਹਨ। ਬਹੁਤ ਸਾਰੇ ਸਰਵੇ ਇਸ ਦੇ ਗਵਾਹ ਹਨ ਕਿ ਸਾਡੇ ਦੇਸ਼ ਦੇ ਪਿੰਡਾਂ ਵਿਚ ਔਰਤਾਂ ਨੂੰ ਮਾਨਸਿਕ ਵਿਕਾਰ ਜ਼ਿਆਦਾ ਘੇਰਦੇ ਰਹੇ ਹਨ। ਪੰਜਾਬ ਦੇ ਪਿੰਡਾਂ ਅਤੇ ਪਛੜੇ ਇਲਾਕਿਆਂ ਵਿਚ ਹਰ ਪੰਜਵੀਂ ਔਰਤ (19%) ਕਿਸੇ ਨਾ ਕਿਸੇ ਮਾਨਸਿਕ ਸਮੱਸਿਆ ਨਾਲ ਜੂਝ ਰਹੀ ਹੁੰਦੀ ਹੈ ਭਾਵੇਂ ਇਹ ਰੋਗ ਗੰਭੀਰ ਨਾ ਵੀ ਹੋਵੇ ਪਰ ਦੂਸਰੇ ਪਾਸੇ ਮਰਦਾਂ ਦੀ ਗਿਣਤੀ ਇਨ੍ਹਾਂ ਦੇ ਮੁਕਾਬਲੇ 12 ਫੀਸਦੀ ਹੀ ਵੇਖੀ ਗਈ ਹੈ। ਚਿੰਤਾ ਰੋਗ ਅਤੇ ਡਿਪਰੈਸ਼ਨ ਦੇ ਸਬੰਧ ਵਿਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਦੁੱਗਣੀ ਹੈ। ਹਿਸਟੀਰੀਆ ਤੇ ਸ਼ੀਜ਼ੋਫਰੀਨਿਆ ਆਦਿ ਗੰਭੀਰ ਮਾਨਸਿਕ ਵਿਕਾਰਾਂ ਦੀ ਨੀਂਹ ਔਰਤਾਂ ਵਿਚ 20 ਤੋਂ 30 ਸਾਲ ਦੀ ਉਮਰ ਵਿਚ ਰੱਖੀ ਜਾਂਦੀ ਹੈ। ਜਿਨ੍ਹਾਂ ਦੇਸ਼ਾਂ ਨੂੰ ਅਸੀਂ ਬਹੁਤ ਤਰੱਕੀ ਜ਼ਾਫਤਾ ਮੰਨਦੇ ਹਾਂ ਉਨ੍ਹਾਂ ਦੇ ਵਾਸੀ ਵੀ ਮਾਨਸਿਕ ਰੋਗਾਂ ਤੋਂ ਨਹੀਂ ਬਚ ਸਕੇ। ਅਮਰੀਕਾ ਵਿਚ 2021 ਵਿਚ ਕੀਤੇ ਸਰਵੇ ਦੱਸਦੇ ਹਨ ਕਿ ਉੱਥੇ 18 ਸਾਲ ਉਮਰ ਦੇ 57.8 ਮਿਲੀਅਨ ਬਾਲਗਾਂ ਵਿਚੋਂ 22.8% ਕਿਸੇ ਨਾ ਕਿਸੇ ਮਾਨਸਿਕ ਰੋਗ ਤੋਂ ਪੀੜਤ ਸਨ। ਇਨ੍ਹਾਂ ਵਿਚੋਂ 27.2% ਔਰਤਾਂ ਸਨ ਅਤੇ ਮਰਦ 18.1% ਸਨ। ਭਾਵ ਇਥੇ ਵੀ ਔਰਤਾਂ ਦੀ ਗਿਣਤੀ ਜ਼ਿਆਦਾ ਹੈ। ਅਮਰੀਕਾ ਦੀ ਮਾਨਸਿਕ ਸਿਹਤ ਨਾਲ ਸਬੰਧਤ ਕੌਮੀ ਸੰਸਥਾ (ੀ) ਨੇ ਵੀ ਇਨ੍ਹਾਂ ਅੰਕੜਿਆਂ 'ਤੇ ਆਪਣੀ ਮੋਹਰ ਲਾਈ ਹੈ। ਕੈਨੇਡਾ ਵਰਗੇ ਦੇਸ਼ ਵਿਚ ਵੀ ਬਹੁਤ ਸਾਰੇ ਮਨੋਵਿਗਿਆਨਕ ਸਰਵੇ ਕੀਤੇ ਗਏ ਜਿਨ੍ਹਾਂ ਦੇ ਨਤੀਜੇ ਵੀ ਇਸੇ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਔਰਤਾਂ (ਖਾਸ ਕਰਕੇ ਪੰਜਾਬੀ ਔਰਤਾਂ) ਮਰਦਾਂ ਨਾਲੋਂ ਜ਼ਿਆਦਾ ਮਾਨਸਿਕ ਰੋਗਾਂ ਨਾਲ ਗ੍ਰਸਤ ਹਨ। ਇਹ ਵੀ ਦੇਖਿਆ ਗਿਆ ਹੈ ਕਿ ਸਾਡੇ ਦੇਸ਼ ਵਿਚ ਮਾਨਸਿਕ ਰੋਗਾਂ ਦੇ ਸ਼ਿਕਾਰ ਔਰਤਾਂ ਤੇ ਮਰਦਾਂ ਵਿਚੋਂ 80% ਲੋਕ ਕਿਸੇ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਕੋਲ ਨਹੀਂ ਜਾਂਦੇ। ਪੁਰਾਣੇ ਜ਼ਮਾਨੇ ਵਿਚ ਇਨ੍ਹਾਂ ਦਾ ਇਲਾਜ ਆਮ ਕਰਕੇ ਅਨਪੜ੍ਹ ਸਾਧਾਂ ਸੰਤਾਂ ਜਾਂ ਭੂਤ ਕੱਢਣ ਵਾਲੇ ਚੇਲਿਆਂ ਆਦਿ ਤੋਂ ਧਾਗੇ ਤਵੀਤ ਲੈ ਕੇ ਕੀਤਾ ਜਾਂਦਾ ਰਿਹਾ ਹੈ। ਬਚਪਨ ਵਿਚ ਅਸੀਂ ਪਿੰਡਾਂ ਵਿਚ ਵੇਖਦੇ ਰਹੇ ਹਾਂ ਇਹ ਚੇਲੇ ਕਈ ਵਾਰੀ ਔਰਤਾਂ 'ਤੇ ਬਹੁਤ ਅਤਿਆਚਾਰ ਕਰਦੇ ਅਤੇ ਉਨ੍ਹਾਂ ਦੇ ਸਰੀਰ ਨਾਲ ਵੀ ਖੇਡਦੇ। ਉਨ੍ਹਾਂ ਨੂੰ ਲਾਲ ਮਿਰਚਾਂ ਦੀਆਂ ਧੂਣੀਆਂ ਦਿਤੀਆਂ ਜਾਂਦੀਆਂ ਸਨ। ਇਹ ਸਾਰੀ ਖੇਡ ਭੂਤ ਜਾਂ ਚੁੜੇਲ ਨੂੰ ਕੱਢਣ ਦੇ ਨਾਂ 'ਤੇ ਖੇਡੀ ਜਾਂਦੀ ਸੀ। ਬਾਕੀ ਪਰਿਵਾਰਕ ਮੈਂਬਰ ਅਨਪੜ੍ਹ ਹੋਣ ਕਰਕੇ ਸਹਿਮੇ ਹੋਏ, ਬੇਬਸ ਦੇਖਦੇ ਵੀ ਅਤੇ ਜਰਦੇ ਵੀ ਸਨ। ਜੇਕਰ ਉਨ੍ਹਾਂ ਦਾ ਤਸ਼ੱਦਦ ਵੀ ਕੁੱਝ ਨਾ ਸੰਵਾਰ ਸਕਦਾ ਤਾਂ ਉੱਚੇ ਪਹਾੜਾਂ 'ਤੇ ਬਣੇ ਵੱਡੇ ਡੇਰਿਆਂ ਕੋਲੋਂ ਇਨ੍ਹਾਂ ਦਾ ਇਲਾਜ ਲੱਭਿਆ ਜਾਂਦਾ ਰਿਹਾ ਹੈ। ਪਹਾੜੀ ਝਰਨਿਆਂ ਦੀ ਪਾਣੀ ਦੀ ਭਾਰੀ ਧਾਰ ਹੇਠ ਕਰ ਦਿੱਤਾ ਜਾਂਦਾ ਜਿਸ ਨਾਲ ਮਰੀਜ਼ ਨੂੰ ਕੁੱਝ ਦੇਰ ਅਰਾਮ ਮਿਲਦਾ ਪਰ ਕੁੱਝ ਸਮੇਂ ਪਿੱਛੋਂ ਫਿਰ ਉਹ ਪਹਿਲਾਂ ਵਾਲੀ ਹਾਲਤ ਵਿਚ ਪਹੁੰਚ ਜਾਂਦਾ। ਅਸਲ ਵਿਚ ਨਾ ਤਾਂ ਇਨ੍ਹਾਂ ਰੋਗਾਂ ਨੂੰ ਕੋਈ ਰੋਗ ਸਮਝਦਾ ਸੀ ਸਗੋਂ ਇਨ੍ਹਾਂ ਨੂੰ ਬਾਹਰਲੀਆ ਕਸਰਾਂ ਨਾਲ ਜੋੜ ਕੇ ਵੇਖਿਆ ਜਾਂਦਾ ਸੀ। ਜਿਵੇਂ ਜਿਵੇਂ ਵਿਗਿਆਨ ਤੇ ਮਨੋਵਿਗਿਆਨ ਦਾ ਗਿਆਨ ਵਧਿਆ ਤਾਂ ਹੁਣ ਇਨ੍ਹਾਂ ਰੋਗਾਂ ਨੂੰ ਮਾਨਸਿਕ ਰੋਗ ਸਮਝ ਕੇ ਇਲਾਜ ਕੀਤਾ ਜਾਣ ਲੱਗਾ ਹੈ। ਉਪਰੋਕਤ ਅੰਕੜੇ ਇਹ ਗੱਲ ਸਿੱਧ ਕਰਦੇ ਹਨ ਕਿ ਔਰਤਾਂ ਮਰਦਾਂ ਨਾਲੋਂ ਵੱਧ ਗਿਣਤੀ ਵਿਚ ਮਾਨਸਿਕ ਰੋਗਾਂ ਦੀਆਂ ਸ਼ਿਕਾਰ ਹੁੰਦੀਆਂ ਰਹੀਆਂ ਹਨ। ਇਸ ਦਾ ਕਾਰਨ ਔਰਤਾਂ ਦਾ ਬਚਪਨ ਤੋਂ ਪਾਲਣ-ਪੋਸ਼ਣ ਦਾ ਢੰਗ, ਆਲਾ-ਦੁਆਲਾ, ਮਾਪਿਆਂ ਅਤੇ ਸਹੁਰਿਆਂ ਦਾ ਉਨ੍ਹਾਂ ਪ੍ਰਤੀ ਰਵੱਈਆ, ਸਮਾਜ ਦਾ ਉਨ੍ਹਾਂ ਪ੍ਰਤੀ ਵਿਵਹਾਰ ਜਾਂ ਸਮਾਜਿਕ ਵਿਤਕਰਾ ਅਤੇ ਮਰਦ ਪ੍ਰਧਾਨ ਪਰਿਵਾਰਕ ਸੰਗਠਨ ਆਦਿ ਕਾਰਕ ਇਸ ਦੇ ਜ਼ਿੰਮੇਵਾਰ ਬਣਦੇ ਹਨ। ਸਾਡੇ ਦੇਸ਼ ਵਿਚ ਕੁੱਝ ਪਰਿਵਾਰ ਅਨਪੜ੍ਹਤਾ ਕਾਰਨ ਲੜਕੀ ਨੂੰ ਅਜੇ ਵੀ ਲੜਕੇ ਨਾਲੋਂ ਘਟੀਆ, ਪੱਥਰ, ਬੋਝ, ਪਰਾਈ ਆਦਿ ਸਮਝ ਕੇ ਹੀ ਪਾਲਦੇ ਹਨ। ਉਸਦੇ ਖੰਭ ਬਚਪਨ ਤੋਂ ਹੀ ਕੱਟਣੇ ਸ਼ੁਰੂ ਕਰ ਦਿੰਦੇ ਹਨ ਤਾਂ ਕਿ ਉਨ੍ਹਾਂ ਦੇ ਹੁਕਮ ਤੋਂ ਬਿਨਾਂ ਉਹ ਜ਼ਿੰਦਗੀ ਦੀ ਕਿਸੇ ਵੀ ਪਰਵਾਜ਼ ਲਈ ਪਰ ਖੋਲ੍ਹ ਨਾ ਸਕੇ, ਸਗੋਂ ਇਕ ਇਕ ਕਦਮ ਉਨ੍ਹਾਂ ਦੀ ਆਗਿਆ ਤੋਂ ਬਾਅਦ ਹੀ ਚੁੱਕੇ। ਇਸ ਦੇ ਉਲਟ ਲੜਕੇ ਨੂੰ ਉਸ ਦੇ ਮੁਕਾਬਲੇ ਹਰ ਤਰ੍ਹਾਂ ਦੀ ਖੁੱਲ੍ਹ ਦੇ ਛੱਡਦੇ ਹਨ ਜਿਹੜੀ ਕਈ ਵਾਰੀ ਉਨ੍ਹਾਂ ਨੂੰ ਵਿਗਾੜਨ ਵਿਚ ਪੂਰਾ ਰੋਲ ਅਦਾ ਕਰਦੀ ਹੈ। ਘੱਟ ਵਿਕਸਤ ਅਤੇ ਅਨਪੜ੍ਹ ਪਰਿਵਾਰਾਂ ਵਿਚ ਲੜਕੀਆਂ ਨਾਲ ਅਜੇ ਵੀ ਖਾਣੇ ਵਿਚ ਅਤੇ ਹੋਰ ਵਰਤ-ਵਰਤਾਰੇ ਵਿਚ ਫਰਕ ਕੀਤਾ ਜਾਂਦਾ ਹੈ। ਅਜੇ ਵੀ ਇਹੀ ਸੋਚਿਆ ਜਾਂਦਾ ਹੈ ਕਿ ਕੁੜੀਆਂ ਤਾਂ ਬਿਗਾਨਾ ਧਨ ਹੈ-ਘਰ ਲਈ ਕਮਾਈ ਤਾਂ ਲੜਕਿਆਂ ਨੇ ਹੀ ਕਰਨੀ ਹੈ। ਉਹ ਇਸ ਗੱਲ ਤੋਂ ਅਵੇਸਲੇ ਰਹਿੰਦੇ ਹਨ ਕਿ ਲੜਕੀ ਨੇ ਤਾਂ ਪੂਰੇ ਪਰਿਵਾਰ ਦਾ ਭਾਰ ਚੁਕਣਾ ਹੁੰਦਾ ਹੈ। ਉਸ ਨੂੰ ਹੋਰ ਸਹੂਲਤਾਂ ਦੇਣ ਵੇਲੇ ਵੀ ਵੀਹ ਵਾਰੀ ਸੋਚਿਆ ਜਾਂਦਾ ਹੈ। ਹਮੇਸ਼ਾ ਇਹੀ ਸੋਚਿਆ ਜਾਂਦਾ ਹੈ ਕਿ ਜੇ ਲੜਕੀ ਘਰੋਂ ਬਾਹਰ ਗਈ ਤਾਂ ਵਿਗੜ ਜਾਵੇਗੀ ਪਰ ਲੜਕੇ ਬਾਰੇ ਇਸ ਤਰ੍ਹਾਂ ਨਹੀਂ ਸੋਚਿਆ ਜਾਂਦਾ। ਜ਼ਿਹਨੀ ਤੌਰ 'ਤੇ ਲੜਕੀ ਸਾਰੀ ਜ਼ਿੰਦਗੀ ਪੇਕੇ-ਸਹੁਰੇ ਪਰਾਈ ਰਹਿੰਦੀ ਹੈ। ਜਵਾਨ ਹੋਈ ਲੜਕੀ ਨਾਲ ਬਾਹਰ ਜਾਣ ਵੇਲੇ ਸੱਤ-ਅੱਠ ਸਾਲ ਦੇ ਭਰਾ ਨੂੰ ਉਸ ਦੀ ਰੱਖਿਆ ਲਈ ਭੇਜਿਆ ਜਾਂਦਾ ਹੈ, ਉਸ ਦਾ ਆਤਮ ਵਿਸ਼ਵਾਸ ਤੇ ਸਵੈ-ਮਾਣ ਬਣਨ ਹੀ ਨਹੀਂ ਦਿਤਾ ਜਾਂਦਾ। ਸੋ ਲੜਕੀ ਲਈ ਮਾਨਸਿਕ ਰੋਗਾਂ ਦੀ ਨੀਂਹ ਅਸੀਂ ਬਚਪਨ ਵਿਚ ਹੀ ਉਸਦੇ ਜ਼ਿਹਨ ਵਿਚ ਰੱਖ ਦਿੰਦੇ ਹਾਂ। ਗਰੀਬ ਤੇ ਅਨਪੜ੍ਹ ਪਰਿਵਾਰਾਂ ਵਿਚ ਲੜਕੀਆਂ ਤੇ ਔਰਤਾਂ ਨਾਲ ਮਰਦਾਂ ਵਲੋਂ ਗ਼ਾਲੀ ਗਲੋਚ ਤੇ ਕੁੱਟਮਾਰ ਕਰਨੀ ਆਮ ਵਰਤਾਰਾ ਹੈ। ਮਰਦ ਤਾਂ ਲੜਦੇ ਵਕਤ ਵੀ ਗ਼ਾਲਾਂ ਮਾਂ, ਧੀ, ਭੈਣ ਦੀਆਂ ਹੀ ਕੱਢਦੇ ਹਨ। ਇਹੀ ਗੱਲਾਂ ਔਰਤਾਂ ਵਿਚ ਮਾਨਸਿਕ ਗੁੰਝਲਾਂ ਬਣ ਜਾਂਦੀਆਂ ਹਨ ਜਿਹੜੀਆਂ ਅੱਗੇ ਜਾ ਕੇ ਵੱਡੀਆਂ ਸਮੱਸਿਆਵਾਂ ਵਿਚ ਬਦਲ ਜਾਂਦੀਆਂ ਹਨ। ਸਾਧਾਰਨ ਉਦਾਸੀ ਮਾਨਸਿਕ ਰੋਗ ਨਹੀਂ ਹੁੰਦੀ ਸਗੋਂ ਇਹ ਕੁਝ ਸਮੇਂ ਲਈ ਮਹਿਸੂਸ ਹੋ ਰਹੀ ਇਕ ਭਾਵਨਾ ਹੁੰਦੀ ਹੈ ਜਿਹੜੀ ਸਾਰੇ ਪ੍ਰਾਣੀਆਂ ਨੂੰ ਸਮੇਂ ਸਮੇਂ ਮਹਿਸੂਸ ਹੁੰਦੀ ਹੈ ਪਰ ਇਸ ਨਾਲ ਸਾਡੇ ਰੋਜ਼ਾਨਾ ਕੰਮਕਾਰ ਜਿਵੇਂ ਪੜ੍ਹਾਈ, ਕਾਰੋਬਾਰ ਜਾਂ ਹੋਰ ਜ਼ਿਮੇਵਾਰੀਆਂ ਨਿਭਾਉਣ ਵਿਚ ਕੋਈ ਖਲਲ ਨਹੀ ਪੈਂਦਾ। ਇਹ ਸਾਧਾਰਨ ਗੱਲਬਾਤ ਨਾਲ ਹੀ ਠੀਕ ਹੋ ਸਕਦੀ ਹੈ। ਜਦੋਂ ਇਹ ਮਾਨਸਿਕ ਵਿਕਾਰ ਜਾਂ ਉਦਾਸੀ ਰੋਗ (ਡਿਪਰੈਸ਼ਨ) ਬਣਨਾ ਸ਼ੁਰੂ ਹੋ ਜਾਂਦਾ ਹੈ ਤਾਂ ਔਰਤ/ਮਰਦ ਨੂੰ ਸਹੀ ਤਰ੍ਹਾਂ ਸੋਚਣ, ਪੜ੍ਹਨ-ਲਿਖਣ, ਆਪਣੇ ਜਜ਼ਬਾਤਾਂ 'ਤੇ ਕੰਟਰੋਲ ਕਰਨ ਵਿਚ, ਦੂਸਰਿਆਂ ਨਾਲ ਸਹੀ ਵਿਵਹਾਰ ਕਰਨ ਵਿਚ, ਸਮਾਜਿਕ ਰਿਸ਼ਤੇ ਨਿਭਾਉਣ ਵਿਚ ਅਤੇ ਦੂਸਰਿਆਂ ਨੂੰ ਤੇ ਆਪਣੇ ਆਪ ਨੂੰ ਸਮਝਣ ਵਿਚ ਔਖ ਮਹਿਸੂਸ ਹੋਣ ਲੱਗਦੀ ਹੈ। ਇਸ ਦੇ ਨਾਲ ਕਈ ਸਰੀਰਕ ਲੱਛਣ ਵੀ ਪ੍ਰਗਟ ਹੋਣ ਲੱਗਦੇ ਹਨ। ਭੁੱਖ ਤੇ ਨੀਂਦਰ ਜਾਂ ਤਾਂ ਘਟ ਜਾਂਦੀ ਹੈ ਜਾਂ ਬਹੁਤ ਵਧ ਜਾਂਦੀ ਹੈ। ਰੋਜ਼ਾਨਾ ਦੇ ਕੰਮਕਾਰ ਵਿਚ ਦਿਲਚਸਪੀ ਘਟ ਜਾਂਦੀ ਹੈ। ਘਰ ਦੇ ਮੈਂਬਰਾਂ ਨਾਲ ਤੇ ਮਿੱਤਰਾਂ ਦੋਸਤਾਂ ਵਿਚ ਵੀ ਲਗਾਅ ਨਹੀਂ ਰਹਿੰਦਾ। ਮਾਨਸਿਕ ਤੇ ਸਰੀਰਕ ਸੰਤੁਲਨ ਵੀ ਵਿਗੜਨ ਲੱਗਦਾ ਹੈ। ਉਸ ਦੇ ਅੰਦਰ ਆਪਣੇ ਆਪ ਲਈ ਅਤੇ ਦੂਸਰਿਆਂ ਲਈ ਖਤਰਨਾਕ ਰੁਝਾਨ ਪੈਦਾ ਹੋਣ ਲਗਦੇ ਹਨ। ਇਹ ਸਭ ਕੁੱਝ ਉਦਾਸੀ ਰੋਗ ਦੀਆਂ ਪਹਿਲੀਆਂ ਸਟੇਜਾਂ ਵਿਚ ਔਰਤਾਂ ਵਿਚ ਜਲਦੀ ਪ੍ਰਗਟ ਹੋਣ ਲੱਗਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਮ ਕਰਕੇ ਔਰਤਾਂ ਮਰਦਾਂ ਨਾਲੋਂ ਜ਼ਿਆਦਾ ਸੰਵੇਦਨਸ਼ੀਲ ਹੁੰਦੀਆਂ ਹਨ। ਜੇਕਰ ਇਹ ਵਿਕਾਰ ਦੋ ਜਾਂ ਤਿੰਨ ਹਫਤਿਆਂ ਤੋਂ ਜ਼ਿਆਦਾ ਸਮਾਂ ਚਲੇ ਤਾਂ ਕਿਸੇ ਮਨੋ ਵਿਗਿਆਨੀ ਜਾਂ ਮਨੋ-ਚਕਿਤਸਕ ਦੀ ਲੋੜ ਪੈ ਸਕਦੀ ਹੈ ਕਿਉਂਕਿ ਰੋਗੀ ਅਕੇਵਾਂ, ਥਕੇਵਾਂ, ਨਿਰਾਸ਼ਾ, ਨਮੋਸ਼ੀ, ਨੀਂਦ ਤੇ ਭੁੱਖ ਘਟਣਾ ਜਾਂ ਬਹੁਤ ਵਧ ਜਾਣਾ, ਯਾਦਦਾਸ਼ਤ ਘਟਣਾ, ਛੋਟੇ ਮੋਟੇ ਫੈਸਲੇ ਨਾ ਕਰ ਸਕਣਾ ਆਦਿ ਮਹਿਸੂਸ ਕਰਨ ਲੱਗਦਾ ਹੈ। ਰੋਗੀ ਔਰਤ ਹਮੇਸ਼ਾ ਉਦਾਸੀ ਅਤੇ ਗੰਭੀਰ ਮੂਡ ਵਿਚ ਰਹਿਣ ਲੱਗਦੀ ਹੈ। ਉਸਦੀ ਯਾਦਦਾਸ਼ਤ ਘਟਣ ਲੱਗਦੀ ਹੈ। ਔਰਤ ਜਵਾਨੀ ਵਿਚ ਹੀ ਬੁੱਢਾ ਮਹਿਸੂਸ ਕਰਨ ਲੱਗਦੀ ਹੈ। ਜ਼ਿੰਦਗੀ ਵਿਚ ਉਸਦੀ ਦਿਲਚਸਪੀ ਘਟਣ ਲੱਗਦੀ ਹੈ। ਜੇਕਰ ਇਲਾਜ ਨਾ ਕਰਾਇਆ ਤਾਂ ਇਹ ਰੋਗ ਹੌਲੀ-ਹੌਲੀ ਗੰਭੀਰ ਹੁੰਦਾ ਜਾਂਦਾ ਹੈ। ਇਸ ਦੇ ਕਾਰਨ ਸਰੀਰਕ ਬਿਮਾਰੀਆਂ ਜਿਵੇਂ ਕਿ ਬਲੱਡ ਪ੍ਰੈਸ਼ਰ, ਸ਼ਕਰ ਰੋਗ ਅਤੇ ਪਹਿਲਾਂ ਲੱਗੀਆਂ ਹੋਰ ਬਿਮਾਰੀਆਂ ਵੀ ਗੰਭੀਰ ਹੋਣ ਲੱਗਦੀਆਂ ਹਨ। ਪਰ ਰੋਗੀ ਦਾ ਇਨ੍ਹਾਂ ਵੱਲ ਧਿਆਨ ਹੀ ਨਹੀਂ ਜਾਂਦਾ ਸਗੋਂ ਉਹ ਹਰ ਤਰ੍ਹਾਂ ਅਨਿਯਮਤ ਹੋਣ ਲੱਗਦੀ/ ਲੱਗਦਾ ਹੈ। ਆਤਮ ਵਿਸ਼ਵਾਸ ਬਿਲਕੁਲ ਨਹੀਂ ਰਹਿੰਦਾ, ਹਰ ਗੱਲ ਵਿਚ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰਨਾ, ਇਕਾਗਰਤਾ ਘਟਣੀ, ਬੇਬਸੀ ਤੇ ਨਮੋਸ਼ੀ ਦੀ ਭਾਵਨਾ ਪੈਦਾ ਹੋਣਾ ਆਦਿ। ਕਈ ਵਾਰੀ ਔਰਤਾਂ ਨੂੰ ਗੰਭੀਰ ਮਾਨਸਿਕ ਰੋਗ ਕਾਰਨ ਸਰੀਰ ਦੇ ਕਈ ਅੰਗਾਂ ਵਿਚ ਰੁਮਾਂਟਿਕ ਪੀੜਾਂ ਮਹਿਸੂਸ ਹੁੰਦੀਆਂ ਹਨ ਜਿਨ੍ਹਾਂ ਦਾ ਕੋਈ ਕਾਰਨ ਸਰੀਰਕ ਟੈਸਟਾਂ ਵਿਚ ਵੀ ਨਹੀਂ ਲੱਭਦਾ, ਹਮੇਸ਼ਾਂ ਘਬਰਾਹਟ ਮਹਿਸੂਸ ਹੋਣ ਲੱਗਦੀ ਹੈ। ਬਹੁਤੇ ਵਿਕਸਤ ਦੇਸ਼ਾਂ ਵਿਚ ਤਾਂ ਔਰਤਾਂ ਮਰਦਾਂ ਵਾਂਗ ਹੀ ਨਸ਼ਿਆਂ ਵੱਲ ਹੋ ਤੁਰਦੀਆਂ ਹਨ, ਸਾਡੇ ਦੇਸ਼ ਵਿਚ ਇਹ ਘੱਟ ਵਾਪਰਦਾ ਹੈ ਪਰ ਆਪਣੇ ਆਪ ਵਿਚ ਹੀ ਕੁੜਦੀਆਂ ਰਹਿੰਦੀਆਂ ਹਨ। ਰੋਗੀ ਔਰਤ ਆਮ ਲੋਕਾਂ ਵਿਚ ਵਿਚਰਣ ਤੋਂ ਗੁਰੇਜ਼ ਕਰਨ ਲੱਗਦੀ ਹੈ। ਸਮੇਂ -ਸਮੇਂ ਹਿਸਟਿਰੀਆ ਦੇ ਦੌਰੇ ਵੀ ਪੈਣ ਲੱਗਦੇ ਹਨ-ਜਲਦੀ ਭੜਕ ਪੈਣਾ, ਹੱਸਦਿਆਂ ਹੱਸਦਿਆਂ ਅਚਾਨਕ ਉੱਚੀ ਰੋਣ ਲੱਗ ਜਾਣਾ ਜਾਂ ਤਰ੍ਹਾਂ ਤਰ੍ਹਾਂ ਦੀਆਂ ਅਜੀਬ ਅਵਾਜ਼ਾਂ ਸੁਣਾਈ ਦੇਣੀਆਂ ਆਦਿ। ਜ਼ਿੰਦਗੀ ਬੋਝ ਮਹਿਸੂਸ ਹੋਣ ਲੱਗਦੀ ਹੈ ਤੇ ਕਈ ਵਾਰੀ ਖੁਦਕੁਸ਼ੀ ਦੇ ਵਿਚਾਰ ਵੀ ਆਉਣ ਲੱਗਦੇ ਹਨ। ਔਰਤ ਦੀ ਜ਼ਿੰਦਗੀ ਵਿਚ ਮਰਦ ਨਾਲੋਂ ਬਹੁਤ ਵੱਖਰੇ ਪੜਾਅ ਆਉਂਦੇ ਹਨ। ਔਰਤ ਬਚਪਨ ਵਿਚ ਆਪਣੇ ਮਾਪਿਆਂ ਦੇ ਦਬਾਅ ਹੇਠ ਰਹਿੰਦੀ ਹੈ, ਜਵਾਨੀ ਵੇਲੇ ਭਰਾ ਉਸਨੂੰ ਆਪਣੀ ਨਿਗਰਾਨੀ ਵਿਚ ਰੱਖਦੇ ਹਨ, ਵਿਆਹ ਤੋਂ ਬਾਅਦ ਪਤੀ ਪਰਮੇਸ਼ਰ ਬਣਿਆ ਰਹਿੰਦਾ ਹੈ ਅਤੇ ਬੁਢਾਪਾ ਪੁੱਤਰਾਂ ਦੇ ਦਬਾਅ ਹੇਠ ਕੱਟਦੀ ਹੈ। ਹਰ ਸਟੇਜ 'ਤੇ ਮਰਦ ਦੀ ਪ੍ਰਧਾਨਗੀ ਚਲਦੀ ਹੈ। ਭਾਵੇਂ ਹੁਣ ਇਹ ਵਰਤਾਰਾ ਵਿਦਿਆ ਦੇ ਚਾਨਣ ਨਾਲ ਕੁੱਝ ਸੁਧਰ ਰਿਹਾ ਹੈ ਪਰ ਫਿਰ ਵੀ ਇਸ ਦੇ ਪ੍ਰਭਾਵ ਨੂੰ ਨਕਾਰਿਆ ਨਹੀਂ ਜਾ ਸਕਦਾ। ਨੈਸ਼ਨਲ ਫੈਮਲੀ ਹੈਲਥ ਸਰਵੇ 2019-21 ਮੁਤਾਬਕ ਅਜੇ ਵੀ 30% ਔਰਤਾਂ ਕਦੇ ਨਾ ਕਦੇ ਮਰਦਾਂ ਦੀ ਮਾਰ ਕੁੱਟ ਦਾ ਸ਼ਿਕਾਰ ਹੁੰਦੀਆਂ ਹਨ, ਜਿਸ ਕਾਰਨ ਉਹ ਚਿੰਤਾ-ਰੋਗ ਅਤੇ ਉਦਾਸੀ ਰੋਗ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ। ਔਰਤ ਗਰਭ ਧਾਰਨ ਕਰਨ ਤੋਂ ਲੈ ਕੇ ਬੱਚੇ ਦੇ ਜਨਮ ਤਕ ਬਹੁਤ ਗੰਭੀਰ ਪੜਾਵਾਂ ਵਿਚੋਂ ਗੁਜ਼ਰਦੀ ਹੈ। ਸਾਡੇ ਸਮਾਜ ਵਿਚ ਉਸਨੂੰ ਲੜਕਾ-ਲੜਕੀ ਦੇ ਵਿਚਾਰ ਹੀ ਘੇਰੀ ਰੱਖਦੇ ਹਨ ਜਦੋਂਕਿ ਉਸਦੇ ਆਲੇ-ਦੁਆਲੇ ਲੜਕੇ ਦੀਆਂ ਅਵਾਜ਼ਾਂ ਗੂੰਜਦੀਆਂ ਰਹਿੰਦੀਆਂ ਹਨ। ਇਹ ਵਰਤਾ ਵੀ ਉਸਨੂੰ ਡਿਪਰੈਸ਼ਨ ਵੱਲ ਲੈ ਕੇ ਜਾਂਦਾ ਹੈ। ਬੱਚਿਆਂ ਦਾ ਪਾਲਣ-ਪੋਸ਼ਣ, ਬਜ਼ੁਰਗਾਂ ਦੀ ਸਾਂਭ ਸੰਭਾਲ, ਘਰ-ਰਸੋਈ ਦੇ ਕੰਮ ਵੀ ਉਸਦੀ ਬਾਹਰਲੀ ਨੌਕਰੀ ਤੋਂ ਇਲਾਵਾ ਉਸਦੀ ਸਿਰਦਰਦੀ ਬਣਿਆ ਰਹਿੰਦਾ ਹੈ। ਸਾਡੇ ਦੇਸ਼ ਵਿਚ ਬਹੁਤੀਆਂ ਔਰਤਾਂ ਨੂੰ ਪੜ੍ਹਾਈ ਅਤੇ ਰੁਜ਼ਗਾਰ ਦੇ ਸੀਮਤ ਮੌਕੇ ਮਿਲਦੇ ਹਨ ਜਿਸ ਕਾਰਨ ਉਸ ਦੇ ਆਤਮ ਵਿਸ਼ਵਾਸ ਤੇ ਹਉਮੈ ਨੂੰ ਸੱਟ ਵੱਜਦੀ ਹੈ। ਜਿਸ ਨਾਲ ਉਸਦੀ ਸੁਰਤ ਢਹਿੰਦੀ ਕਲਾ ਵੱਲ ਜਾਂਦੀ ਹੈ। ਮੀਨੋਪਾਜ਼ ਦਾ ਸਮਾਂ ਔਰਤ ਲਈ ਬਹੁਤ ਹੀ ਸੰਵੇਦਨਸ਼ੀਲ ਪੜਾਅ ਹੁੰਦਾ ਹੈ। ਉਸ ਸਮੇਂ ਵਿਚ ਉਸ ਦੇ ਸਰੀਰਕ ਢਾਂਚੇ ਵਿਚ ਬਦਲਾਅ ਦੇ ਨਾਲ ਨਾਲ ਬਹੁਤ ਸਾਰੇ ਮਾਨਸਿਕ ਵਿਕਾਰ ਵੀ ਸ਼ੁਰੂ ਹੋ ਜਾਂਦੇ ਹਨ। ਹਾਰਮੋਨਜ਼ ਵਿਚ ਅਸੰਤੁਲਨ ਪੈਦਾ ਹੋਣ ਨਾਲ ਕਈ ਵਾਰੀ ਉਸਨੂੰ ਉਦਾਸੀ ਦੇ ਨਾਲ ਹਿਸਟੀਰੀਆ ਦੇ ਦੌਰੇ ਵੀ ਪੈਂਦੇ ਹਨ। ਇਹ ਦੌਰ ਪੰਤਾਲੀ ਸਾਲ ਦੀ ਉਮਰ ਤੋਂ ਪੰਜਾਹ ਸਾਲ ਦੀ ਉਮਰ ਤਕ ਵੀ ਚਲ ਸਕਦਾ ਹੈ। ਤਲਾਕਸ਼ੁਦਾ ਅਤੇ ਵਿਧਵਾ ਔਰਤਾਂ ਸਮਾਜ ਦੇ ਤਾਅਨੇ ਮਿਹਣਿਆਂ ਦਾ ਸ਼ਿਕਾਰ ਹੋਈਆਂ ਰਹਿੰਦੀਆਂ ਹਨ। ਬਹੁਤ ਸਾਰੀਆਂ ਸਮਾਜਿਕ ਰੀਤੀ-ਰਿਵਾਜ਼ਾਂ ਅਤੇ ਰਸਮਾਂ ਵੇਲੇ ਉਨ੍ਹਾਂ ਨੂੰ ਨਹਿਸ਼ ਸਮਝ ਕੇ ਗੁਸਤਾਖ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ ਜਿਸ ਕਾਰਨ ਉਨ੍ਹਾਂ ਦੇ ਮਾਨਸਿਕ ਢਾਂਚੇ 'ਤੇ ਬਹੁਤ ਡੂੰਘੀਆਂ ਦੁਖਦਾਈ ਲਕੀਰਾਂ ਖਿਚੀਆਂ ਜਾਂਦੀਆਂ ਹਨ-ਅੰਦਰੋਂ-ਅੰਦਰੀ ਉਨ੍ਹਾਂ ਨੂੰ ਖਾਈ ਜਾਂਦੀਆਂ ਹਨ ਜੋ ਕਿ ਮਾਨਸਿਕ ਸਿਹਤ ਲਈ ਘਾਤਕ ਸਿੱਧ ਹੁੰਦੀਆਂ ਹਨ। ਵੱਖਰੇ ਵੱਖਰੇ ਖੇਤਰਾਂ ਵਿਚ ਵਿਚਰਦੀਆਂ ਔਰਤਾਂ ਸਮਾਜਿਕ, ਆਰਥਕ ਤੇ ਘਰੇਲੂ ਸਮੱਸਿਆਵਾਂ ਨੂੰ ਵੱਖਰੀ ਤਰ੍ਹਾਂ ਮਹਿਸੂਸ ਕਰਦੀਆਂ ਹਨ ਅਤੇ ਵੱਖਰੀ ਤਰ੍ਹਾਂ ਦਾ ਪ੍ਰਭਾਵ ਕਬੂਲਦੀਆਂ ਹਨ। ਮੰਦਬੁੱਧੀ ਤੇ ਘੱਟ ਆਈ-ਕਿਉ ਵਾਲੀਆਂ ਔਰਤਾਂ ਮਾੜੇ-ਚੰਗੇ ਹਾਲਾਤਾਂ ਨੂੰ ਬਹੁਤਾ ਨਹੀਂ ਗੌਲਦੀਆਂ ਗੰਭੀਰ ਮਾਨਸਿਕ ਰੋਗਾਂ ਤੋਂ ਬਚੀਆਂ ਰਹਿੰਦੀਆਂ ਹਨ। ਆਮ ਔਰਤਾਂ ਲਈ ਕਈ ਵਾਰੀ ਧਾਰਮਿਕ ਕੱਟੜਤਾ ਵੀ ਮਾਨਸਿਕ ਰੋਗ ਬਣ ਜਾਂਦੀ ਹੈ। ਰਾਜਨੀਤਕ ਖੇਤਰ ਵਿਚ ਕੰਮ ਕਰਦੀਆਂ ਔਰਤਾਂ ਵਿਚ ਖਾਹਿਸ਼ਾਂ ਉੱਚੀਆਂ ਪਦਵੀਆਂ ਨਾਲ ਬੱਝੀਆਂ ਹੁੰਦੀਆਂ ਹਨ ਤੇ ਵੱਡੇ ਸੁਪਨੇ ਟੁੱਟਦੇ ਹਨ ਤਾਂ ਉਨ੍ਹਾਂ ਨੂੰ ਵੀ ਕਈ ਵਾਰੀ ਮਨੋਵਿਗਿਆਨਕਾਂ ਕੋਲ ਸਲਾਹ ਲੈਣ ਜਾਣਾ ਪੈਂਦਾ ਹੈ। ਔਰਤਾਂ ਤੇ ਮਰਦ ਲੇਖਕ, ਕਵੀ, ਕਲਾਕਾਰ ਆਮ ਲੋਕਾਂ ਨਾਲੋਂ ਜ਼ਿਆਦਾ ਸੰਵੇਦਨਸ਼ੀਲ ਹੁੰਦੇ ਹਨ, ਹਰ ਘਟਨਾ ਦੁਰਘਟਨਾ ਨੂੰ ਆਮ ਲੋਕਾਂ ਨਾਲੋਂ ਜ਼ਿਆਦਾ ਤੀਬਰਤਾ ਨਾਲ ਮਹਿਸੂਸ ਕਰਦੇ ਹਨ ਅਤੇ ਉਸਦਾ ਤੀਖਣ ਪ੍ਰਭਾਵ ਕਬੂਲਦੇ ਹਨ। ਉਹ ਇਨ੍ਹਾਂ ਨੂੰ ਆਪਣੇ ਵਿਚਾਰਾਂ ਵਿਚ ਢਾਲ ਕੇ ਖ਼ੂਬਸੂਰਤ ਰਚਨਾਵਾਂ, ਕਲਾਕ੍ਰਿਤੀਆਂ ਪੈਦਾ ਕਰਦੇ ਹਨ ਪਰ ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਨਵੀਂ ਕਰੀਅਸ਼ਨ ਤੇ ਮਾਨਸਿਕ ਰੋਗਾਂ ਦਾ ਡੂੰਘਾ ਸਬੰਧ ਹੈ। ਆਮ ਆਬਾਦੀ ਵਿਚ ਮਾਨਸਿਕ ਰੋਗੀ ਸਿਰਫ 5% ਹੁੰਦੇ ਹਨ ਪਰ ਲੇਖਕ-ਲੇਖਕਾਵਾਂ, ਕਵੀ ਕਵਿਤਰੀਆਂ, ਸਟੇਜੀ ਜਾਂ ਫਿਲਮੀ ਕਲਾਕਾਰਾਂ ਵਿਚ ਮਾਨਸਿਕ ਬਿਮਾਰਾਂ ਦੀ ਗਿਣਤੀ 30% ਤੋਂ 50% ਤਕ ਵੀ ਦੇਖੀ ਗਈ ਹੈ। ਕੰਮ ਦਾ ਬੋਝ, ਕੰਮ ਮਿਲਣ ਦੀ ਅਸਥਿਰਤਾ, ਭਵਿੱਖ ਦੀ ਅਨਿਸ਼ਚਤਾ, ਸਾਥੀਆਂ ਨਾਲ ਮੁਕਾਬਲੇਬਾਜ਼ੀ ਅਤੇ ਸ਼ੱਕੀ ਸੁਭਾਅ ਇਨ੍ਹਾਂ ਨੂੰ ਮਾਨਸਿਕ ਵਿਕਾਰਾਂ ਵਲ ਲੈ ਜਾਂਦੇ ਹਨ। ਬਹੁਤ ਧਨਵਾਨ ਤੇ ਮਹਾਨ ਔਰਤ ਹਸਤੀਆਂ ਵੀ ਘੋਰ ਡਿਪਰੈਸ਼ਨ ਵਿਚ ਘਿਰੀਆਂ ਵੇਖੀਆਂ ਗਈਆਂ ਹਨ। ਇਹ ਲੋਕ ਆਪਣੇ ਆਪ ਨੂੰ ਠੀਕ ਕਰਨ ਵਿਚ ਵੀ ਆਮ ਲੋਕਾਂ ਨਾਲੋਂ ਹੁਸ਼ਿਆਰ ਹੁੰਦੇ ਹਨ ਤੇ ਜਲਦੀ ਸੰਭਲ ਜਾਂਦੇ ਹਨ ਕਿਉਂਕਿ ਇਨ੍ਹਾਂ ਕੋਲ ਸਾਧਨ ਤੇ ਆਰਥਕ ਸਮਰੱਥਾ ਵੀ ਵੱਧ ਹੁੰਦੀ ਹੈ। ਆਮ ਜਨਤਾ ਲਈ ਇਹ ਵਿਕਾਰ ਵੱਡੀ ਸਮੱਸਿਆ ਬਣ ਜਾਂਦੇ ਹਨ। ਔਰਤਾਂ ਵਿਚ ਬਹੁਤੇ ਮਾਨਸਿਕ ਵਿਕਾਰ ਜਾਂ ਰੋਗ ਚਿੰਤਾ/ਹੋਰ ਉਦਾਸੀ ਤੋਂ ਹੀ ਸ਼ੁਰੂ ਹੁੰਦੇ ਹਨ। ਫਿਰ ਹੌਲੀ-ਹੌਲੀ ਖਾਣ-ਪੀਣ ਨਾਲ ਸਬੰਧਤ ਵਿਕਾਰ, ਸ਼ਖਸੀਅਤ ਸਬੰਧੀ ਵਿਕਾਰ, ਹਿਸਟਰੀਆ, ਬਾਈ-ਪੋਲਰ, ਭਰਮ ਰੋਗ ਅਤੇ ਸ਼ੀਜ਼ੋਫਰੀਨੀਆ ਵਰਗੇ ਮਾਨਸਿਕ ਰੋਗਾਂ ਤਕ ਪਹੁੰਚ ਸਕਦੇ ਹਨ। ਜਿਹੜੇ ਸਧਾਰਨ ਨਿਰੋਟਿਕ ਰੋਗ ਤਾਂ ਮਨੋਵਿਗਿਆਨੀ ਰੋਗੀ ਨਾਲ ਵਾਰਤਾਲਾਪ (ਮਨੋ ਵਿਸ਼ਲੇਸ਼ਣ) ਕਰਕੇ ਹੀ ਉਨ੍ਹਾਂ ਦੇ ਅੰਦਰ ਬਣੀਆਂ ਮਾਨਸਿਕ ਗੁੰਝਲਾਂ ਨੂੰ ਸੁਲਝਾਅ ਕੇ ਠੀਕ ਕਰ ਦਿੰਦੇ ਹਨ। ਘੋਰ ਡਿਪਰੈਸ਼ਨ ਅਤੇ ਵੱਡੀਆਂ ਵੱਡੀਆਂ ਮਾਨਸਿਕ ਬਿਮਾਰੀਆਂ ਦੇ ਇਲਾਜ ਲਈ ਮਨੋ ਚਕਿਤਸਕ ਦਵਾਈਆਂ ਦੀ ਮਦਦ ਲੈਂਦੇ ਹਨ। ਜ਼ਿਆਦਾ ਗੰਭੀਰ ਮਾਨਸਿਕ ਰੋਗਾਂ ਲਈ ਕਈ ਵਾਰੀ ਬਿਜਲੀ ਦੇ ਹਲਕੇ ਝਟਕੇ ਵੀ ਦੇਣੇ ਪੈਂਦੇ ਹਨ। ਜੇਕਰ ਪ੍ਰਾਣੀ ਆਪ ਹੀ ਆਪਣੇ ਆਪ ਨੂੰ ਸਮਝ ਕੇ ਆਪਣੇ ਆਪ ਨੂੰ ਮਾਨਸਿਕ ਰੋਗਾਂ ਤੋਂ ਬਚਾਉਣਾ ਚਾਹੁੰਦਾ ਹੋਵੇ ਤਾਂ ਉਸ ਨੂੰ ਹਰ ਰੋਜ਼ ਬਨਦੀ ਕਸਰਤ ਕਰਨੀ ਜ਼ਰੂਰੀ ਹੈ। ਸਕਾਰਾਤਮਕ ਵਿਚਾਰ, ਸਾਦਾ ਤੇ ਪੌਸ਼ਟਕ ਭੋਜਨ, ਕਾਫੀ ਮਾਤਰਾ ਵਿਚ ਸਾਫ ਪਾਣੀ ਦਾ ਸੇਵਨ ਅਤੇ ਲੋੜੀਂਦੀ ਵਧੀਆ ਨੀਂਦਰ ਆਮ ਮਨੁੱਖ ਨੂੰ ਮਾਨਸਿਕ ਰੋਗਾਂ ਤੋਂ ਬਚਾ ਸਕਦੀ ਹੈ।

# ਬਾਜ਼ ਵਾਲਾ ਪਾਸਪੋਰਟ





ਪਰਵਾਸ ਨਾਲ ਸਬੰਧਤ ਸਮੇਂ ਸਮੇਂ ਬਹੁਤ ਹੀ ਮੰਦਭਾਗੀਆਂ ਖਬਰਾਂ ਪੜ੍ਹਨ ਸੁਣਨ ਮਿਲਦੀਆਂ ਹਨ। ਕਈ ਵਾਰ ਪਰਵਾਸ ਕਰਦਿਆਂ ਇੰਨੇ ਦਰਦਨਾਕ ਹਾਦਸੇ ਵਾਪਰ ਜਾਂਦੇ ਹਨ ਕਿ ਸਵੇਦਨਸ਼ੀਲ ਬੰਦਾ ਕੰਬ ਜਾਂਦਾ ਹੈ। ਬਿਹਤਰ ਜ਼ਿੰਦਗੀ ਦੀ ਤਲਾਸ਼ ਲਈ ਜਾ ਰਹੇ ਪਰਵਾਸੀਆਂ ਨੂੰ ਚਿੱਤ-ਚੇਤਾ ਵੀ ਨਹੀਂ ਹੁੰਦਾ, ਰਾਹ ਵਿੱਚ ਮੌਤ ਉਨ੍ਹਾਂ ਨੂੰ ਉਡੀਕ ਰਹੀ ਹੈ। ਇਸ ਤਰ੍ਹਾਂ ਵੱਖ ਵੱਖ ਮੁਲਕਾਂ ਨੂੰ ਨਜਾਇਜ਼ ਢੰਗ ਨਾਲ ਜਾਣ ਵਾਲੇ ਹਜ਼ਾਰਾਂ ਪਰਵਾਸੀ ਰਾਹ ਵਿੱਚ ਹੀ ਮਰ ਖਪ ਜਾਂਦੇ ਹਨ, ਜਿਨ੍ਹਾਂ ਦਾ ਕੋਈ ਥੁਹ ਪਤਾ ਨਹੀਂ ਲੱਗਦਾ।

ਇਸੇ ਤਰ੍ਹਾਂ ਅਮਰੀਕਾ ਵਿੱਚ ਨਜਾਇਜ਼ ਦਾਖਲ ਹੋਣ ਵਾਲਿਆਂ ਨੂੰ ਵੀ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਸਫਰ ਅਮਰੀਕਾ, ਮੈਕਸੀਕੋ ਸਰਹੱਦ 'ਤੇ ਹੀ ਖਤਮ ਹੋ ਜਾਵੇਗਾ। ਹਰ ਸਾਲ ਸੈਕੜੇ ਲੋਕ ਸਰਹੱਦ ਪਾਰ ਕਰਨ ਤੋਂ ਪਹਿਲਾਂ ਹੀ ਮੌਤ ਦੇ ਮੂੰਹ ਵਿੱਚ ਜਾ ਡਿਗਦੇ ਹਨ। ਇੱਕ ਖਬਰ ਇਹ ਵੀ ਦੱਸਦੀ ਹੈ ਕਿ 2014 ਤੋਂ ਜੁਲਾਈ 2019 ਤਕ ਅਮਰੀਕਾ ਦੀ ਸਰਹੱਦ ਤਕ ਪਹੁੰਚਣ ਤੋਂ ਪਹਿਲਾਂ ਹੀ ਮੌਤ ਦੇ ਮੂੰਹ ਵਿੱਚ ਜਾਣ ਵਾਲਿਆਂ ਦੀ ਗਿਣਤੀ 32 ਹਜ਼ਾਰ ਤੋਂ ਵੱਧ ਹੈ। ਇੰਟਰਨੈਸ਼ਨਲ ਆਰਗੇਨਾਈਜੇਸ਼ਨ ਆਫ ਮਾਇਗ੍ਰੇਸ਼ਨ ਦੇ ਅੰਕੜੇ ਦਰਸਾਉਂਦੇ ਹਨ ਕਿ ਵੱਡੀ ਗਿਣਤੀ ਵਿੱਚ ਪਰਵਾਸੀ ਆਪਣਾ ਸਫਰ ਪੂਰਾ ਕਰਨ ਤੋਂ ਪਹਿਲਾਂ ਹੀ ਇਸ ਸੰਸਾਰ ਨੂੰ ਅਲਵਿਦਾ ਆਖ ਦਿੰਦੇ ਹਨ।

ਪਿਛਲੇ ਦਿਨੀਂ ਇਹ ਖਬਰ ਸੰਸਾਰ ਪੱਧਰ 'ਤੇ ਚਰਚਾ ਵਿੱਚ ਆਈ ਸੀ ਕਿ ਅਮਰੀਕਾ ਵਿੱਚ ਦਾਖਲ ਹੋਣ ਲਈ ਨਦੀ ਪਾਰ ਕਰਦਿਆਂ ਪਿਉ-ਧੀ ਦੀਆਂ ਲਾਸ਼ਾਂ ਨਦੀ ਦੇ ਕਿਨਾਰੇ ਮਿਲੀਆਂ। ਪਿਉ ਨੇ ਆਪਣੀ ਧੀ ਨੂੰ ਟੀ ਸ਼ਰਟ ਵਿੱਚ ਫਸਾਇਆ ਹੋਇਆ ਸੀ ਅਤੇ ਮਾਸੂਮ ਬੱਚੀ ਦੀਆਂ ਬਾਹਾਂ ਪਿਉ ਦੀ ਗਰਦਨ ਨੂੰ ਵਲੀਆਂ ਹੋਈਆਂ ਸਨ। ਇਸਦੇ ਨਾਲ ਹੀ ਇੱਕ ਹੋਰ ਖਬਰ ਸੀ ਕਿ ਗੁਰਪ੍ਰੀਤ ਨਾਂ ਦੀ ਬੱਚੀ ਅਤਿ ਦੀ ਗਰਮੀ ਅਤੇ ਪਿਆਸ ਨਾਲ ਰਾਹ ਵਿੱਚ ਹੀ ਦਮ ਤੋੜ ਗਈ ਜੋ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰ ਰਹੀ ਮਾਂ ਦੇ ਸੰਗ ਸੀ। ਇਸ ਤਰ੍ਹਾਂ ਦੀਆਂ ਸੈਕੜੇ ਘਟਨਾਵਾਂ ਹਨ ਜੋ ਕਿਸੇ ਦੇਸ ਵਿੱਚ ਨਾਜਾਇਜ਼ ਦਾਖਲ ਹੁੰਦਿਆਂ ਵਾਪਰਦੀਆਂ ਹਨ।

ਪਰਵਾਸ ਮਨੁੱਖ ਦੀ ਮੁੱਢ ਤੋਂ ਹੀ ਲੋੜ ਰਹੀ ਹੈ। ਮਨੁੱਖ ਚੰਗੇਰੇ ਭਵਿੱਖ ਦੀ ਤਲਾਸ਼ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਜਾਂਦਾ ਰਿਹਾ ਹੈ। ਮਨੱਖ ਨੂੰ ਜਦੋਂ ਇਹ ਲੱਗਦਾ ਹੈ ਕਿ ਇਹ ਥਾਂ ਉਸ ਦੇ ਜਿਊਣ ਦੀਆਂ ਹਾਲਤਾਂ ਦੇ ਅਨੁਕੂਲ ਨਹੀਂ ਹੈ, ਉਹ ਨਵੀਂਆਂ ਥਾਂਵਾਂ ਦੀ ਤਲਾਸ਼ ਕਰਦਾ ਹੈ। ਇਹ ਮਨੁੱਖ ਦੇ ਜਿਉਂਦੇ ਰਹਿਣ ਲਈ ਜ਼ਰੂਰੀ ਵੀ ਹੁੰਦਾ ਹੈ।

ਆਮ ਮਿੱਥ ਹੈ ਕਿ ਕੁਦਰਤ ਨੇ ਮਨੁੱਖ ਲਈ ਜਿੱਥੇ ਜਿੱਥੇ ਚੋਗ ਖਿਲਾਰੀ ਹੁੰਦੀ ਹੈ ਉਸ ਨੂੰ ਉੱਥੇ ਉੱਥੇ ਹੀ ਚੁਗਣੀ ਪੈਂਦੀ ਹੈ। ਪਰ ਪੰਜਾਬੀਆਂ ਲਈ ਇਹ ਚੋਗ ਪਤਾ ਨਹੀਂ ਸੰਸਾਰ ਦੇ ਕਿਹੜੇ ਕਿਹੜੇ ਕੋਨੇ ਵਿੱਚ ਖਿਲਾਰੀ ਪਈ ਹੈ। ਚੋਗ ਦੀ ਤਲਾਸ਼ ਵਿੱਚ ਬਹੁਤ ਸਾਰੇ ਲੋਕਾਂ ਨੂੰ ਤਾਂ ਕਈ ਕਈ ਮੁਲਕਾਂ ਦਾ ਟਿਕਾਣਾ-ਦਰ-ਟਿਕਾਣਾ ਬਦਲਣਾ ਪੈਂਦਾ ਹੈ। ਕਈਆਂ ਨੂੰ ਤਾਂ ਆਖਰ ਪੱਕਾ ਟਿਕਾਣਾ ਲੱਭ ਪੈਂਦਾ ਹੈ ਜਿੱਥੇ ਉਨ੍ਹਾਂ ਨੇ ਸਾਰੀ ਉਮਰ ਚੋਗ ਚੁਗਣੀ ਹੁੰਦੀ ਹੈ। ਪਰ ਕਈਆਂ ਦੇ ਹਿੱਸੇ ਵਿੱਚੋਂ ਪੱਕੇ ਟਿਕਾਣੇ ਵਾਲੀ ਚੋਗ ਗਵਾਚੀ ਰਹਿੰਦੀ ਹੈ ਅਤੇ ਕੋਈ ਥਹੁ ਨਹੀਂ ਮਿਲਦਾ।

ਪਰਵਾਸ ਦਾ ਕਾਰਨ ਕੋਈ ਵੀ ਹੋ ਸਕਦਾ ਹੈ – ਲਾਲਸਾ ਵੀ ਤੇ ਮਜਬੂਰੀ ਵੀ। ਕਿਸੇ ਲਈ ਚਾਅ ਮੱਤਾ ਵੀ ਹੋ ਸਕਦਾ ਤੇ ਕਿਸੇ ਲਈ ਸੰਤਾਪ ਵੀ। ਪਰਵਾਸ ਦਾ ਰੂਪ ਕੋਈ ਵੀ ਹੋ ਸਕਦਾ ਹੈ। ਪਰ ਪਰਵਾਸ ਮਨੁੱਖ ਦੇ ਹਿੱਸੇ ਆਇਆ ਜ਼ਰੂਰ ਹੈ।

ਜਦੋਂ ਪਹਿਲੀ ਵਾਰ ਮੈਂ ਅਮਰੀਕਾ ਅਇਆ, ਮੈਂਨੂੰ ਵੀ ਬੜਾ ਚਾਅ ਸੀ। ਪਹਿਲੀ ਵਾਰ ਆਪਣੇ ਦੇਸ ਤੋਂ ਬਾਹਰ ਕਿਸੇ ਹੋਰ ਦੇਸ ਨੂੰ ਵੇਖਣ ਦਾ ਮੌਕਾ ਮਿਲਣਾ ਸੀ। ਦੇਸ ਵੀ ਉਹ, ਜਿੱਥੇ ਜਾਣ ਲਈ ਬਹੁਤੇ ਲੋਕੀਂ ਸਾਰੀ ਉਮਰ ਤਰਸਦੇ ਰਹਿੰਦੇ ਹਨ। ਜਦ ਮੈਂ ਅਮਰੀਕਾ ਦੀ ਧਰਤੀ 'ਤੇ ਪੈਰ ਰੱਖਿਆ ਤਾਂ ਹੈਰਾਨ ਹੋ ਗਿਆ। ਖੁੱਲ੍ਹੀਆਂ ਸੜਕਾਂ ਤੇ ਤੇਜ਼ ਦੌੜਦੀਆਂ ਕਾਰਾਂ, ਵੱਡੇ ਵੱਡੇ ਪੁਲ, ਉੱਚੀਆਂ ਉੱਚੀਆਂ ਇਮਾਰਤਾਂ, ਸਭ ਕੁਝ ਇੱਕ ਕਰੀਨੇ ਵਿੱਚ ਬੱਝਿਆ ਹੋਇਆ। ਮੈਂਨੂੰ ਇਹ ਸਾਰਾ ਕੁਝ ਵੱਖਰਾ ਵੱਖਰਾ ਲੱਗਿਆ। ਜਦੋਂ ਮੈਂ ਇਸ ਸਭ ਕੁਝ ਨੂੰ ਆਪਣੇ ਦੇਸ਼ ਭਾਰਤ ਨਾਲ ਮਿਲਾ ਕੇ ਦੇਖਦਾ, ਆਪਣਾ ਦੇਸ਼ ਗਰੀਬੜਾ ਜਿਹਾ, ਗੰਦਗੀ ਦੇ ਢੇਰਾਂ ਵਾਲਾ, ਭ੍ਰਿਸ਼ਟਾਚਾਰ ਵਿੱਚ ਡੁੱਬਿਆ ਹੋਇਆ, ਮਾੜਚੂ ਜਿਹਾ ਲਗਦਾ। ਅਮਰੀਕਾ ਦੀ ਹਰ ਚੀਜ਼ ਵੇਖਣ ਨੂੰ ਚੰਗੀ ਲਗਦੀ ਤੇ ਅੱਖਾਂ ਨੂੰ ਚੁੰਧਿਆਉਂਦੀ।

ਮੈਂ ਤੇ ਪਤਨੀ ਤੇ ਦੋਨੋਂ ਬੇਟੀਆਂ ਅਸੀਂ ਆਪਣੇ ਛੋਟੇ ਭਰਾ ਕੋਲ ਠਹਿਰੇ ਹੋਏ ਸਾਂ। ਉਸ ਦਾ ਕਾਫੀ ਚੰਗਾ ਕਾਰੋਬਾਰ ਹੈ। ਕਈ ਦਿਨ ਤਾਂ ਭੈਣ ਭਰਾਵਾਂ ਤੇ ਰਿਸ਼ਤੇਦਾਰਾਂ ਨੂੰ ਮਿਲਣ ਵਿੱਚ ਬੀਤ ਗਏ। ਚੰਗੀ ਖਾਤਰਦਾਰੀ ਵੀ ਹੋਈ ਕਿਉਂਕਿ ਮੇਰੇ ਸਾਰੇ ਭੈਣ ਭਰਾ, ਮੈਥੋਂ ਪਹਿਲਾਂ ਹੀ ਇੱਥੇ ਰਹਿ ਰਹੇ ਸਨ। ਪਰ ਕੁਝ ਦਿਨ ਬਾਅਦ ਹੀ ਕੰਮ ਦੀਆਂ ਗੱਲਾਂ ਹੋਣ ਲੱਗ ਪਈਆਂ। ਜਿਵੇਂ ਸਾਡੇ ਆਉਣ ਤੋਂ ਪਹਿਲਾਂ ਹੀ ਸਾਡੇ ਲਈ ਕੰਮ ਭਾਲੇ ਹੋਏ ਹੋਣ। ਮੈਂਨੂੰ ਸਾਡੀ ਭੈਣ ਦੇ ਗੈਸ ਸਟੇਸ਼ਨ 'ਤੇ ਕੰਮ ਸਿੱਖਣ ਲਈ ਤੋਰ ਦਿੱਤਾ। ਅਤੇ ਮੇਰੀ ਪਤਨੀ ਨੂੰ ਛੋਟੇ ਭਰਾ ਦੇ ਸਬਵੇ 'ਤੇ ਕੰਮ ਸਿੱਖਣ ਲਾ ਦਿੱਤਾ। ਬੱਚਿਆਂ ਨੂੰ ਸਕੂਲ ਦਾਖਲ ਕਰਾ ਦਿੱਤਾ। ਸਾਡੀ ਗੱਡੀ ਨੂੰ ਲੀਹ 'ਤੇ ਲਿਆਉਣ ਲਈ ਜਿਵੇਂ ਉਹ ਕਾਹਲੇ ਸਨ। ਮੈਂਨੂੰ ਮੇਰਾ ਭਰਾ ਤੜਕੇ ਹੀ ਕੁਝ ਖੁਆ ਪਿਆ ਕੇ ਗੈਸ ਸਟੇਸ਼ਨ 'ਤੇ ਛੱਡ ਜਾਂਦਾ ਅਤੇ ਮੇਰੀ ਪਤਨੀ ਨੂੰ ਆਪਣੇ ਸਬਵੇ 'ਤੇ ਲਾਹ ਦਿੰਦਾ। ਜਦੋਂ ਮੈਂ ਗੈਸ ਸਟੇਸ਼ਨ ਵਿੱਚ ਵੜਦਾ ਤਾਂ ਉੱਥੇ ਪਹਿਲਾਂ ਕੰਮ ਕਰਦਾ ਮੁੰਡਾ ਮੈਂਨੂੰ ਕੰਮ ਬਾਰੇ ਦੱਸਦਾ-ਕਿਵੇਂ ਗੈਸ ਸਟੇਸ਼ਨ 'ਤੇ ਪੰਪਾਂ ਦੀ ਸਫਾਈ ਕਰਨੀ ਹੈ, ਟਰੈਸ਼ ਬੈਗ ਕਿਵੇਂ ਖਾਲੀ ਕਰਨੇ ਹਨ। ਆਸੇ ਪਾਸੇ ਦੀ ਸਫਾਈ ਕਿਉਂ ਜ਼ਰੂਰੀ ਹੈ। ਬਾਥਰੂਪ ਦੀ ਸਫਾਈ ਦਾ ਧਿਆਨ ਕਿਵੇਂ ਰੱਖਣਾ ਹੈ। ਮੌਪ ਕਿਵੇਂ ਮਾਰਨਾ ਹੈ ? ਸੋਢੇ ਵਾਲੀ ਮਸ਼ੀਨ ਵਿੱਚ ਬਰਫ ਕਿਵੇਂ ਪਾਉਣੀ ਹੈ ? ਆਈਸ ਦੇ ਬੈਗ ਕਿਵੇਂ ਭਰਨੇ ਹਨ ? ਵੱਖ ਵੱਖ ਚੀਜ਼ਾਂ ਕੂਲਰ ਵਿੱਚ ਕਿਵੇਂ ਭਰਨੀਆਂ ਹਨ ? ਜਦੋਂ ਗਰੌਸਰੀ ਦੀ ਡਲਿਵਰੀ ਆਉਂਦੀ ਹੈ, ਕਿਵੇਂ ਰੈਕਾਂ ਵਿੱਚ ਸਜਾਉਣੀ ਹੈ ? ਆਦਿ। ਇਸ ਸਾਰੇ ਕੰਮਾਂ ਦੀ ਲਿਸਟ ਉਸ ਕੋਲ ਪਹਿਲਾਂ ਹੀ ਤਿਆਰ ਹੁੰਦੀ ਸੀ। ਇੱਥੇ ਬਹੁਤੇ ਮਾਲਕ ਆਪ ਮੁਲਾਜ਼ਮ ਨੂੰ ਘੱਟ ਕਹਿੰਦੇ ਹਨ, ਉਹ ਆਪਣੇ ਪਹਿਲੇ ਮੁਲਾਜ਼ਮ ਤੋਂ ਸਿੱਖਿਆ ਦੇ ਗੁਰ ਪੜ੍ਹਾਉਂਦੇ ਹਨ।

ਮੈਂ ਸਵੇਰ ਤੋਂ ਸ਼ਾਮ ਤਕ ਚੱਲੋ ਸੋ ਚੱਲ ਵਿੱਚ ਰਹਿੰਦਾ। ਇਸੇ ਭੱਜ ਦੌੜ ਵਿੱਚ ਮੈਂ ਹੰਭ ਜਾਂਦਾ। ਜਦੋਂ ਕਦੇ ਮੈਂ ਕੰਮ ਮੁਕਾ ਕੇ ਰਜਿਸਟਰ ਕੋਲ ਜਾ ਕੇ ਗਾਹਕ ਲੈਣ ਦੇ ਸਿਸਟਮ ਨੂੰ ਸਿੱਖਣ ਦੀ ਕੋਸ਼ਿਸ਼ ਕਰਦਾ, ਉਹ ਮੈਂਨੂੰ ਹੋਰ ਕੰਮ ਗਿਣਾ ਦਿੰਦਾ। ਅਮਰੀਕਾ ਵਾਲਾ ਬੁਖਾਰ ਹੁਣ ਉੱਤਰਣ ਲੱਗ ਪਿਆ ਸੀ। ਉਹ ਅਮਰੀਕਾ ਜਿਹੜਾ ਆਉਣ ਸਾਰ, ਬੜਾ ਮਹਾਨ ਲੱਗਦਾ ਸੀ, ਹੁਣ ਬੜਾ ਚੁੱਭਣ ਲੱਗ ਪਿਆ ਸੀ। ਬਾਹਰ ਪੰਪ ਸਾਫ ਕਰਦਿਆਂ, ਜਾਂ ਟਰੈਸ਼ ਦੇ ਬੈਗ ਚੁੱਕਦਿਆਂ ਸੋਚਦਾ, ਆਹ ਅਮਰੀਕਾ ਜਿਸ ਪਿੱਛੇ ਅੱਡੀਆਂ ਚੁੱਕ ਕੇ ਫਾਹਾ ਲੈਣ ਨੂੰ ਫਿਰਦਾ ਸੀ ? ਇੰਡੀਆ ਚੰਗੀ ਭਲੀ ਸਾਡੀ ਦੋਹਾਂ ਜਣਿਆਂ ਦੀ ਸਰਕਾਰੀ ਨੌਕਰੀ ਸੀ – ਇੱਜ਼ਤ ਮਾਣ ਵਾਲੀ। ਸੁਹਣਾ ਘਰ ਸੀ, ਆਉਣ ਜਾਣ ਨੂੰ ਵਹੀਕਲ ਕੋਲ ਸਨ। ਕਾਸੇ ਦੀ ਥੁੜ ਨਹੀਂ ਸੀ। ਇਹ ਸੋਚ ਕੇ ਮਨ ਪਛਤਾਉਣ ਲੱਗ ਪੈਂਦਾ –ਕਾਹਨੂੰ ਇਹ ਪੰਗਾ ਲੈਣ ਸੀ। ਸ਼ਾਮ ਨੂੰ ਘਰ ਪਰਤਦਾ, ਪਤਨੀ ਦਾ ਵੀ ਇਹੀ ਰੋਣਾ ਹੁੰਦਾ। ਅਮਰੀਕਾ ਆਉਣ ਦਾ ਫੈਸਲਾ ਸਾਨੂੰ ਗਲਤ ਲੱਗਦਾ। ਪਤਨੀ ਹਮੇਸ਼ਾ ਪੰਜਾਬ ਵਿੱਚਲੇ ਘਰ ਦੀਆਂ ਗੱਲਾਂ ਲੈ ਬੈਠਦੀਉੱਥੋ ਦੀਆਂ ਸੁਖ ਸਹੂਲਤਾਂ ਦੀ ਕਹਾਣੀ ਛੁਹ ਲੈਂਦੀ।

ਦੋ ਕੁ ਮਹੀਨਿਆਂ ਬਾਅਦ ਮੈਂ ਰਜਿਸਟਰ 'ਤੇ ਖੜ੍ਹਨ ਲੱਗ ਪਿਆ ਸੀ। ਗਾਹਕਾਂ ਨੂੰ ਲੈਣ ਦਾ ਵੱਲ ਵੀ ਆ ਗਿਆ ਸੀ। ਤੇ ਮੇਰੀ ਤਨਖਾਹ ਵੀ ਸ਼ੁਰੂ ਹੋ ਗਈ। ਗਾਹਕਾਂ ਨਾਲ ਜਾਣ ਪਛਾਣ ਵੀ ਹੋਣ ਲੱਗ ਪਈ। ਡੰਗ ਸਾਰਨ ਜੋਗੀ ਅੰਗਰੇਜ਼ੀ ਨੂੰ ਵੀ ਮੂੰਹ ਮਾਰਨ ਲੱਗ ਪਿਆ। ਅਜੇ ਮੈਂਨੂੰ ਹਫਤਾ ਕੁ ਹੀ ਹੋਇਆ ਸੀ ਕਿ ਰਾਤ ਦੀ ਸਿਫਟ ਕਰਦਿਆਂ, ਕੋਈ ਨੌਂ ਕੁ ਵਜੇ ਗਾਹਕ ਦੇ ਰੂਪ ਆਏ ਲੁਟੇਰੇ ਨੇ ਪਸਤੌਲ ਦੀ ਨੋਕ 'ਤੇ ਮੇਰੇ 'ਤੇ ਹਮਲਾ ਕਰ ਦਿੱਤਾ ਅਤੇ ਸਾਰਾ ਕੈਸ਼ ਲੁੱਟ ਕੇ ਲੈ ਗਿਆ ਅਤੇ ਜਾਂਦੇ ਸਮੇਂ ਉਸ ਨੇ ਫਾਇਰ ਵੀ ਕਰ ਦਿੱਤਾ। ਮੇਰੀ ਜਾਨ ਤਾਂ ਬਚ ਗਈ ਪਰ ਮੈਂ ਬਹੁਤ ਡਰ ਗਿਆ ਸਾਂ। ਰਾਤ ਨੂੰ ਕੰਮ ਕਰਨਾ ਹੁਣ ਮੈਂਨੂੰ ਔਖਾ ਲੱਗਣ ਲੱਗ ਪਿਆ। ਪਰ ਮਜਬੂਰੀ ਸੀ, ਹੋਰ ਕੋਈ ਕੰਮ ਨਹੀਂ ਸੀ ਆਉਂਦਾ। ਪਤਨੀ ਦੀ ਖਿੱਚ-ਖਿੱਚ ਹਰ ਰੋਜ਼ ਵਧਦੀ ਜਾ ਰਹੀ ਸੀ। ਅਮਰੀਕਾ ਤੋਂ ਜੀਅ ਹੁਣ ਉਕਤਾ ਗਿਆ। ਵਾਪਸ ਜਾਣ ਦੀਆਂ ਗੱਲਾਂ ਹੋਣ ਲੱਗ ਪਈਆਂ।

ਐਤਵਾਰ ਆਮ ਪੰਜਾਬੀਆਂ ਦੀ ਤਰ੍ਹਾਂ ਮੈਂ ਵੀ ਆਪਣੇ ਭਰਾ ਨਾਲ ਗੁਰਦੁਆਰੇ ਚਲਾ ਜਾਂਦਾ। ਜਾਣ ਪਛਾਣ ਵਾਲੇ ਲੋਕਾਂ ਨਾਲ ਗੱਲਾਂ ਕਰਕੇ ਦਿਲ ਹੌਲਾ ਕਰ ਲੈਂਦਾ। ਇੱਕ ਦਿਨ ਗੱਲਾਂ ਗੱਲਾਂ ਵਿੱਚ ਮੈਂ ਕਿਹਾ. ਮੈਂ ਤਾਂ ਇੰਡੀਆ ਜਾਣ ਦਾ ਮਨ ਬਣਾ ਲਿਆ ਹੈ। ਮੇਰੇ ਭਰਾ ਦਾ ਦੋਸਤ ਜੀਹਨੂੰ ਸਾਰੇ ਢਿੱਲੋਂ ਬਾਈ ਸੱਦਦੇ ਹਨ, ਕਹਿੰਦਾ 'ਔਖਾ ਸੌਖਾ ਹੋ ਕੇ 'ਕੇਰਾਂ ਬਾਜ਼ ਵਾਲਾ ਪਾਸਪੋਰਟ ਲੈ ਲਾ, ਫੇਰ ਭਾਵੇਂ ਜਿੱਥੇ ਮਰਜ਼ੀ ਰਹੀ ਜਾਵੀਂ।' ਉਹਦੀ ਗੱਲ ਭਾਵੇਂ ਮੈਂਨੂੰ ਜੱਚਦੀ ਸੀ ਪਰ ਸਟੋਰ 'ਤੇ ਕੰਮ ਕਰਨਾ ਹੁਣ ਔਖਾ ਲੱਗ ਰਿਹਾ ਸੀ। ਪਰ ਢਿੱਲੋਂ ਬਾਈ ਦੀ ਗੱਲ ਨੇ ਮੈਂਨੂੰ ਸੋਚਣ ਜ਼ਰੂਰ ਲਾ ਦਿੱਤਾ ਸੀ। ਅਜੇ ਤਾਂ ਸਾਨੂੰ ਕੁਝ ਮਹੀਨੇ ਹੀ ਹੋਏ ਸਨ ਆਇਆ ਨੂੰ, ਕਿੱਥੇ ਪੰਜ ਸਾਲ, ਮੇਰੇ ਲਈ ਇੰਨਾ ਸਮਾਂ ਇੰਤਜ਼ਾਰ ਕਰਨਾ ਔਖਾ ਲੱਗਦਾ ਸੀ।

ਸ਼ਾਮ ਦੇ ਕੋਈ ਸੱਤ ਕੁ ਵੱਜੇ ਹੋਣਗੇ ਮੇਰੀ ਪਤਨੀ ਤੇ ਮੇਰਾ ਭਤੀਜਾ ਤੇ ਇੱਕ ਹੋਰ ਲੜਕੀ ਸਬਵੇ ਸਟੋਰ 'ਤੇ ਕੰਮ ਕਰ ਰਹੇ ਸਨ। ਇੱਕ ਹੱਟੇ ਕਟੇ ਕਾਲੇ ਨੇ ਮੇਰੇ ਭਤੀਜੇ 'ਤੇ ਹਮਲਾ ਕਰ ਦਿੱਤਾ ਜੋ ਉਸ ਵੇਲੇ ਕੈਸ਼ ਰਜਿਸਟਰ 'ਤੇ ਖੜ੍ਹਾ ਸੀ। ਲੁਟੇਰਾ ਸਾਰੀ ਕੈਸ਼ ਲੁੱਟ ਕੇ ਦੌੜ ਗਿਆ। ਮੇਰੇ ਭਤੀਜੇ ਦੇ ਮੂੰਹ ਵਿੱਚੋਂ ਲਹੂ ਵੱਗ ਰਿਹਾ ਸੀ ਮੇਰੀ ਪਤਨੀ ਇਹ ਸਾਰਾ ਕੁਝ ਵੇਖ ਕੇ ਡਰ ਗਈ। ਅਗਲੇ ਦਿਨ ਉਸ ਨੇ ਸਟੋਰ 'ਤੇ ਕੰਮ ਕਰਨਾ ਬੰਦ ਕਰ ਦਿੱਤਾ। ਇੰਡੀਆ ਵਾਪਸ ਜਾਣ ਦੀ ਉਸ ਦੀ ਰਟ ਜ਼ੋਰ ਫੜ ਗਈ। ਅਸਲ ਵਿੱਚ ਇਸ ਤਰ੍ਹਾਂ ਦਾ ਮਾਹੌਲ ਉਸ ਨੇ ਪਹਿਲੀ ਵਾਰ ਵੇਖਿਆ ਸੀ। ਮੈਂ ਬੱਚਿਆਂ ਦੇ ਅਤੇ ਆਪਣੇ ਗਰੀਨ ਕਾਰਡ ਦੇ ਰੱਦ ਹੋਣ ਦੀ ਸੰਭਾਵਨਾ ਬਾਰੇ ਵੀ ਗੱਲ ਕੀਤੀ। ਪਰ ਉਹ ਆਪਣੀ ਜ਼ਿੱਦ 'ਤੇ ਅੜੀ ਹੋਈ ਸੀ।

ਮੈਂ ਸੋਚ ਰਿਹਾ ਸੀ ਕਿ ਕਿਵੇਂ ਲੋਕ ਅਮਰੀਕਾ ਆਉਣ ਲਈ ਤਰਲੋਮੱਛੀ ਹੋਈ ਫਿਰਦੇ ਹਨ। ਉਨ੍ਹਾਂ ਦੀ ਇੱਕੋ ਖ਼ਾਹਿਸ਼ ਹੁੰਦੀ ਹੈ ਕਿਵੇਂ ਨਾ ਕਿਵੇਂ ਅਮਰੀਕਾ ਵਿੱਚ ਦਾਖਲ ਹੋਇਆ ਜਾ ਸਕੇ। ਉਹ ਆਪਣੀ ਜਾਨ ਵੀ ਜੋਖਮ ਵਿੱਚ ਪਾ ਕੇ ਵੱਡੇ ਵੱਡੇ ਰਿਸਕ ਲੈ ਲੈਂਦੇ ਹਨ। ਵੱਡੀ ਗਿਣਤੀ ਵਿੱਚ ਲੋਕ ਅਜਿਹੇ ਵੀ ਹਨ ਜੋ ਵਰ੍ਹਿਆਂ ਤੋਂ ਗਰੀਨ ਕਾਰਡ ਦੀ ਉਡੀਕ ਵਿੱਚ ਹਨ ਅਤੇ ਉਨ੍ਹਾਂ ਦੀ ਸਾਰੀ ਕਮਾਈ ਵਕੀਲ ਖਾਈ ਜਾ ਰਹੇ ਹਨ। ਪਰ ਸਾਨੂੰ ਤਾਂ ਆਉਂਦਿਆਂ ਹੀ ਗਰੀਨ ਕਾਰਡ ਮਿਲ ਗਿਆ ਸੀ। ਇਸ ਲਈ ਸਾਡੇ ਲਈ ਗਰੀਨ ਕਾਰਡ ਦੀ ਕੀਮਤ ਉੰਨੀ ਨਹੀਂ ਸੀ ਜਿੰਨੀ ਹੋਰ ਲੋਕਾਂ ਲਈ ਹੁੰਦੀ ਹੈ। ਆਖਰ ਕੁਝ ਦਿਨਾਂ ਦੇ ਬਹਿਸ ਮੁਬਾਹਿਸੇ ਬਾਅਦ ਇੰਡੀਆ ਮੁੜ ਜਾਣ ਦਾ ਫੈਸਲਾ ਕਰ ਲਿਆ। ਟਿਕਟਾਂ ਬੁੱਕ ਕਰਾ ਲਈਆਂ। ਜਾਣ ਦੀਆਂ ਤਿਆਰੀਆਂ ਹੋਣ ਲੱਗ ਪਈਆਂ।

ਹਰ ਐਤਵਾਰ ਰੁਟੀਨ ਵਾਂਗ ਜਦ ਗੁਰਦੁਆਰੇ ਗਏ ਤਾਂ ਬਹੁਤ ਸਾਰੇ ਜਾਣ ਪਛਾਣ ਵਾਲੇ ਮਿਲ ਗਏ। ਮੇਰੇ ਛੋਟੇ ਭਰਾ ਦਾ ਦੋਸਤ ਢਿੱਲੋਂ ਬਾਈ ਵੀ ਮਿਲ ਪਿਆ ਸੀ ਜਿਸ ਨੇ ਸਮਝਾਇਆ ਸੀ ਕਿ ਔਖਾ ਸੌਖਾ ਹੋ ਕੇ 'ਕੇਰਾਂ ਬਾਜ਼ ਵਾਲਾ ਪਾਸਪੋਰਟ ਲੈ ਲਾ, ਫੇਰ ਭਾਵੇਂ ਇੰਡੀਆ ਜਿੰਨਾ ਚਿਰ ਮਰਜ਼ੀ ਰਹਿ ਲਵੀਂ। ਉਹ ਕਹਿਣ ਲੱਗਾ, "ਬਣਾ ਲਿਆ ਮਨ ਫੇਰ ਰਹਿਣ ਦਾ।"

ਛੋਟਾ ਭਰਾ ਕਹਿਣ ਲੱਗਾ, "ਭਾਜੀ ਨੇ ਟਿਕਟਾਂ ਬੁੱਕ ਕਰਾ ਲਈਆਂ, ਅਗਲੇ ਹਫਤੇ ਵਾਪਸ ਚਲੇ ਜਾਣਾ।"


"ਫਿਰ ਨਹੀਂ ਬਣਿਆ ਮਨ, ਬਾਜ਼ ਵਾਲਾ ਪਾਸਪੋਰਟ ਲੈਣ ਦਾ।" ਢਿੱਲੋਂ ਨੇ ਕਿਹਾ।

ਮੈਂ ਕੱਚਾ ਜਿਹਾ ਹੁੰਦੇ ਆਖਿਆ, "ਅਜੇ ਸ਼ੇਰ ਵਾਲਾ ਹੀ ਚੰਗਾ।"

"ਇਹ ਤੇਰੀ ਮਰਜ਼ੀ ਐ, ਪਰ ਬਾਜ਼ ਵਾਲਾ ਪਾਸਪੋਰਟ, ਬਾਜ਼ ਵਾਲਾ ਹੀ ਹੈ, ਜਦੋਂ ਤੇਰੇ ਜਵਾਕ ਵੱਡੇ ਹੋਗੇ, ਇਸਦੀ ਅਹਿਮੀਅਤ ਦਾ ਸ਼ਾਇਦ ਤੈਨੂੰ ਉਦੋਂ ਪਤਾ ਲੱਗੇ।" ਢਿੱਲੋਂ ਬਾਈ ਸੀਰੀਅਸ ਹੋ ਗਿਆ ਸੀ।

ਮੈਂ ਛੇ ਕੁ ਮਹੀਨੇ ਬਾਅਦ ਫਿਰ ਵਾਪਸ ਅਮਰੀਕਾ ਆ ਗਿਆ ਸਾਂ। ਜਦੋਂ ਭਾਰਤ ਤੇ ਪੰਜਾਬ ਦੇ ਹਾਲਾਤ ਦੇਖਦਾਂ ਮੈਂ ਅੱਜ ਵੀ ਸੋਚਦਾ ਹਾਂ ਕਿ ਮੇਰਾ ਵਾਪਸ ਅਮਰੀਕਾ ਆਉਣ ਦਾ ਫੈਸਲਾ ਸਹੀ ਸੀ। ਢਿੱਲੋਂ ਬਾਈ ਦੇ ਬੋਲ ਕਦੇ ਕਦੇ ਮਨ ਵਿੱਚ ਬਿਜਲੀ ਵਾਂਗ ਚਮਕਦੇ ਹਨ, "ਬਾਜ਼ ਵਾਲਾ ਪਾਸਪੋਰਟ, ਬਾਜ਼ ਵਾਲਾ ਹੀ ਹੈ।"

**ਸੰਤੋਖ ਮਿਨਹਾਸ**




ਜ਼ਿੰਦਗੀ ਸੈਂਕੜੇ ਸਹੂਲਤਾਂ ਦੇ ਬਾਵਜੂਦ ਦਿਨ-ਬ-ਦਿਨ ਹੋਰ ਸੰਘਰਸ਼ਮਈ ਅਤੇ ਗੁੰਝਲਦਾਰ ਹੁੰਦੀ ਜਾ ਰਹੀ ਹੈ। ਬੇਸ਼ੱਕ ਆਰਥਿਕਤਾ ਹਮੇਸ਼ਾ ਹੀ ਖ਼ੁਦਕੁਸ਼ੀਆਂ ਦਾ ਕਾਰਨ ਰਹੀ ਹੈ ਪਰ ਅੱਜ ਦੇ ਦੌਰ 'ਚ ਮਾਨਸਿਕ ਦਬਾਅ ਨਾਲ ਜਿੰਨੀਆਂ ਮੌਤਾਂ ਹੁੰਦੀਆਂ ਹਨ,ਓਨੀਆਂ ਆਰਥਿਕਤਾ ਕਾਰਨ ਨਹੀਂ ਹੁੰਦੀਆਂ। ਅੱਜਕੱਲ੍ਹ ਲੋਕ ਸਾਹਮਣੇ ਵਾਲੇ ਤੋਂ ਮਾਨਸਿਕ ਦਬਾਅ ਦਾ ਸ਼ਿਕਾਰ ਹੁੰਦੇ ਹਨ ਬੇਸ਼ੱਕ ਉਹ ਦੋਸਤ ਹੋਣ, ਪਰਿਵਾਰਕ ਮੈਂਬਰ ਜਾਂ ਕੋਈ ਹੋਰ। ਜਦੋਂ ਕਿਸੇ ਨੂੰ ਆਪਣੀ ਗੱਲ ਮਨਵਾਉਣ ਲਈ ਵਾਰ -ਵਾਰ ਤੰਗ ਕੀਤਾ ਜਾਂਦਾ ਹੈ, ਭਾਵਨਾਤਮਕ ਤੌਰ 'ਤੇ ਡਰਾਇਆ ਧਮਕਾਇਆ ਜਾਂਦਾ ਹੈ ਤੇ ਉਸ ਨੂੰ ਖ਼ੁਦ ਲਈ ਹਰ ਰਸਤਾ ਬੰਦ ਜਾਪਦਾ ਹੈ ਤਾਂ ਉਹ ਇਸ ਜ਼ੋਰ ਜਬਰਦਸਤੀ ਦੇ ਚੱਕਰਵਿਊ 'ਚੋਂ ਬਾਹਰ ਨਿਕਲਣ ਲਈ ਮੌਤ ਨੂੰ ਗਲੇ ਲਾ ਲੈਂਦਾ ਹੈ। ਭਾਵੇਂ ਸਾਹਮਣੇ ਵਾਲਿਆਂ ਨੇ ਇਹ ਕਦੇ ਚਾਹਿਆ ਨਹੀਂ ਹੁੰਦਾ ਪਰ ਇਹ ਉਨ੍ਹਾਂ ਲੋਕਾਂ ਵੱਲੋਂ ਅਸਿੱਧੇ ਤੌਰ 'ਤੇ ਕੀਤਾ ਗਿਆ ਕਤਲ ਹੁੰਦਾ ਹੈ, ਜਿਸ ਕਾਰਨ ਫਿਰ ਉਹੀ ਲੋਕ ਸਾਰੀ ਉਮਰ ਉਸ ਵਿਅਕਤੀ ਦੀ ਮੌਤ ਦਾ ਕਾਰਨ ਖ਼ੁਦ ਨੂੰ ਮੰਨਦੇ ਹੋਏ ਇਕ ਬੋਝ ਹੇਠ ਜਿਉਣ ਲਈ ਮਜਬੂਰ ਹੋ ਜਾਂਦੇ ਹਨ। ਕੁਦਰਤ ਦੀ ਬਖ਼ਸ਼ੀ ਅਨਮੋਲ ਜ਼ਿੰਦਗੀ 'ਚ ਸਾਲਾਂ ਤਕ ਦੀ ਯੋਜਨਾ ਬਣਾ ਕੇ ਚੱਲਣ ਵਾਲਾ ਮਨੁੱਖ ਕਿਹੜੇ ਪਲ ਅਲਵਿਦਾ ਕਹਿ ਜਾਵੇ, ਇਹ ਤਾਂ ਕੁਦਰਤ ਹੀ ਜਾਣਦੀ ਹੈ ਪਰ ਹਾਸੇ, ਖ਼ੁਸ਼ੀਆਂ ਤੇ ਮਿਲ-ਜੁਲ ਕੇ ਜਿਉਈ ਜਾ ਸਕਣ ਵਾਲੀ ਜ਼ਿੰਦਗੀ ਨੂੰ ਕਦੇ ਵੀ ਅਜਿਹੀ ਸਥਿਤੀ 'ਚ ਘਿਰਨ ਨਹੀਂ ਦੇਣਾ ਚਾਹੀਦਾ ਕਿ ਜੀਵਨ ਤੋਂ ਪਿਆਰੀ ਮੌਤ ਲੱਗਣ ਲੱਗੇ। ਜ਼ਿੰਦਗੀ ਦੀ ਬਾਜ਼ੀ ਅੱਗੇ ਹਾਰ ਮੰਨ ਕੇ ਹੱਥ ਖੜ੍ਹੇ ਕਰਨ ਵਾਲੇ ਵਿਅਕਤੀ ਲੋਕਾਂ ਨੂੰ ਉਂਝ ਤਾਂ ਪ੍ਰੇਰਿਤ ਨਹੀਂ ਕਰਦੇ ਪਰ ਆਪਣੇ ਵਰਗਿਆਂ ਨੂੰ ਅਜਿਹੀ ਬੁਜ਼ਦਿਲੀ ਨੂੰ ਅੰਜਾਮ ਦੇਣ ਲਈ ਜ਼ਰੂਰ ਪ੍ਰੇਰਿਤ ਕਰਦੇ ਹਨ। ਹਾਲਾਤ ਕਿੰਨੇ ਵੀ ਮਾੜੇ ਕਿਉਂ ਨਾ ਹੋਣ, ਖ਼ੁਦਕੁਸ਼ੀ ਹੱਲ ਨਹੀਂ ਹੈ। ਆਪਣੇ ਬੱਚਿਆਂ ਨੂੰ ਲੜਨਾ ਸਿਖਾਓ, ਡਰਨਾ ਨਹੀਂ। ਜੀਵਨ 'ਚ ਤਰ੍ਹਾਂ-ਤਰ੍ਹਾਂ ਦੇ ਮੋੜ ਆਉਂਦੇ ਹਨ। ਅਕਸਰ ਮੋਹ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਹੀ ਅਸਲ 'ਚ ਬੰਦੇ ਦੀ ਆਜ਼ਾਦੀ ਖੋਹ ਲੈਂਦੀਆਂ ਹਨ, ਜਿਸ ਵਿਚ ਫਸ ਕੇ ਉਹ ਪਤਾ ਨਹੀਂ ਕਿੰਨੀਆਂ ਕੁ ਚੀਜ਼ਾਂ ਦੀ ਕੁਰਬਾਨੀ ਦਿੰਦਾ ਹੈ। ਇਹੀ ਨਾਤੇ, ਇਹੀ ਚੀਜ਼ਾਂ ਫਿਰ ਉਸ ਦੇ ਮਾਨਸਿਕ ਦਬਾਅ ਦਾ ਕਾਰਨ ਬਣਦੀਆਂ ਹਨ। ਜ਼ਿੰਦਗੀ ਇਕ ਨਹੀਂ ਸਗੋਂ ਅਨੇਕਾਂ ਮੌਕੇ ਦਿੰਦੀ ਹੈ ਕਿ ਵਿਅਕਤੀ ਖ਼ੁਦ ਨੂੰ ਸਾਬਿਤ ਕਰ ਸਕੇ ਪਰ ਇਹ ਸਾਹਮਣੇ ਵਾਲੇ 'ਤੇ ਹੈ ਕਿ ਉਹ ਕਿਹੜਾ ਰਸਤਾ ਚੁਣਦਾ ਹੈ। ਇਕ ਇਨਸਾਨ ਦੇ ਮਰਨ ਨਾਲ ਕਿੰਨੇ ਹੀ ਚਾਅ ਤੇ ਰਿਸ਼ਤੇ ਨਾਲ ਹੀ ਖ਼ਤਮ ਹੋ ਜਾਂਦੇ ਹਨ। ਮਾਨਸਿਕ ਦਬਾਅ ਹੇਠ ਚੱਲ ਰਹੇ ਵਿਅਕਤੀ ਨੂੰ ਦਿੱਤੀ ਸਹੀ ਗਾਈਡੈਂਸ ਉਸ ਨੂੰ ਮਰਨ ਤੋਂ ਬਚਾ ਸਕਦੀ ਹੈ, ਉਸੇ ਤਰ੍ਹਾਂ ਹੀ ਗੁੱਸੇ 'ਚ ਭੜਕ ਕੇ ਬੋਲੇ ਕੁਝ ਸ਼ਬਦ ਕਿਸੇ ਦੀ ਮੌਤ ਦਾ ਕਾਰਨ ਬਣ ਸਕਦੇ ਹਨ। ਸਾਨੂੰ ਇਸ ਜੀਵਨ ਦੇ ਰਸਤੇ ਨੂੰ ਮਿਲ-ਜੁਲ ਕੇ ਪੂਰਾ ਕਰਨਾ ਚਾਹੀਦਾ ਹੈ ਕਿਉਂਕਿ ਇੱਥੇ ਸਦਾ ਕਿਸੇ ਨੇ ਨਹੀਂ ਰਹਿਣਾ ਪਰ ਖ਼ੁਦਕੁਸ਼ੀ ਦਾ ਕਾਰਨ ਬਣ ਕੇ ਵਿਅਕਤੀ ਨੂੰ ਉੱਥੇ ਖ਼ੁਦ ਨਹੀਂ ਭੇਜਣਾ ਚਾਹੀਦਾ, ਜਿੱਥੇ ਲਿਜਾਣ ਲਈ ਮੌਤ ਕਿਸੇ ਹੋਰ ਰੂਪ 'ਚ ਜਾਵੇਗੀ।

**-ਹਰਪ੍ਰੀਤ ਕੌਰ ਘੁੰਨਸ**

ਲੇਖਕ : ਨਰਿੰਦਰ ਸਿੰਘ ਜ਼ੀਰਾ
ਸੰਪਰਕ : 98146 - 62260



# ਬੇਲਗਾਮ ਹੋਈ ਮਹਿੰਗਾਈ

ਵਿਸ਼ਵ ਭਰ ਵਿੱਚ ਜਨਤਾ ਮਹਿੰਗਾਈ ਨਾਲ ਜੂਝ ਰਹੀ ਹੈ। ਮਹਿੰਗਾਈ ਸਾਰਿਆਂ 'ਤੇ ਹਾਵੀ ਹੈ। ਇੰਡੋਨੇਸ਼ੀਆਂ ਵਿੱਚ ਹਰੇ ਪਿਆਜ ਦੀਆਂ ਕੀਮਤਾਂ ਤੋਂ ਲੈ ਕੇ ਯੂਰਪ ਭਰ ਵਿੱਚ ਈਧਨ ਦੀ ਮਹਿੰਗਾਈ ਤਕ ਖਾਣ-ਪੀਣ, ਊਰਜਾ ਅਤੇ ਬੁਨਿਆਦੀ ਸਹੂਲਤਾਂ ਦੀਆਂ ਵਧਦੀਆਂ ਕੀਮਤਾਂ ਨੇ ਪੂਰੀ ਦੁਨੀਆਂ ਵਿੱਚ ਲੋਕਾਂ ਦੇ ਜੀਵਨ ਪੱਧਰ 'ਤੇ ਖ਼ਾਸਾ ਅਸਰ ਪਾਇਆ ਹੈ। ਦੁਨੀਆਂ ਭਰ ਵਿੱਚ ਆਰਥਿਕ ਨੀਤੀਆਂ ਬਣਾਉਣ ਵਾਲੇ ਮੰਨ ਰਹੇ ਹਨ ਕਿ ਮਹਿੰਗਾਈ ਹੌਲੀ-ਹੌਲੀ ਆਮ ਵਾਂਗ ਹੁੰਦੀ ਦਿਖਾਈ ਦੇ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਵੀ ਇਸ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ ਅਤੇ ਕਈ ਅਰਥ ਵਿਵਸਥਾਵਾਂ ਦੇ ਬਿਖਰਨ ਦਾ ਡਰ ਬਣਿਆ ਹੋਇਆ ਹੈ। ਕੇਂਦਰੀ ਬੈਂਕਾਂ ਦੇ ਸਮੂਹ ਆਫ ਇੰਟਰਨੈਸ਼ਨਲ ਸੈਟਲਮੈਂਟਸ ਦੇ ਪ੍ਰਮੁੱਖ ਅਗਸਟਿਨ ਕਾਰਸਟੇਂਸ ਨੇ ਜੂਨ ਵਿੱਚ ਚਿਤਾਵਣੀ ਦਿੱਤੀ ਸੀ ਕਿ ਜੇਕਰ ਕਈ ਤਰ੍ਹਾਂ ਦੇ ਤਬਾਅ ਪਏ ਤਾਂ ਵਿਸ਼ਵ ਭਰ ਦੀ ਅਰਥ ਵਿਵਸਥਾ ਲੀਹੋਂ ਲੱਥ ਸਕਦੀ ਹੈ। ਵਿਸ਼ਵ ਭਰ ਵਿੱਚ ਮਹਿੰਗਾਈ ਬੇਲਗਾਮ ਹੁੰਦੀ ਜਾ ਰਹੀ ਹੈ।

ਭਾਰਤ ਵਿੱਚ ਇੱਕ ਪਾਸੇ ਜਿੱਥੇ ਇੱਕ ਤਿਹਾਈ ਅਬਾਦੀ ਦਾ ਆਰਥਿਕ ਵਿਕਾਸ ਤੇ ਤਰੱਕੀ ਹੋ ਰਹੀ ਹੈ, ਉੱਥੇ ਦੋ ਤਿਹਾਈ ਅਬਾਦੀ ਇਨ੍ਹੀਂ ਦਿਨੀਂ ਮਹਿੰਗਾਈ ਨੂੰ ਲੈ ਕੇ ਪ੍ਰੇਸ਼ਾਨ ਹੀ ਨਹੀਂ, ਸਗੋਂ ਮੁਸ਼ਕਿਲ ਵਿੱਚ ਵੀ ਹੈ। ਦੇਸ਼ ਦੀ ਅਬਾਦੀ ਦਾ ਇੱਕ ਬਹੁਤ ਵੱਡਾ ਹਿੱਸਾ ਮਹਿੰਗਾਈ ਦਾ ਸਤਾਇਆ ਹੋਇਆ ਹੈ। ਮਹਿੰਗਾਈ ਦੇ ਆਮ ਉਭਾਰ ਵਿੱਚ ਸਭ ਤੋਂ ਜ਼ਿਆਦਾ ਕੀਮਤਾਂ ਖ਼ੁਰਾਕੀ ਵਸਤਾਂ ਦੀਆਂ ਵਧ ਰਹੀਆਂ ਹਨ। ਭਾਰਤ ਵਿੱਚ ਪਿਛਲੇ ਸਾਲ ਤੋਂ ਖ਼ੁਰਾਕੀ ਪਦਾਰਥਾਂ ਦੀਆਂ ਕੀਮਤਾਂ 65 ਤੋਂ 70 ਫ਼ੀਸਦੀ ਵਧ ਚੁੱਕੀਆਂ ਹਨ। ਦਾਲਾਂ ਦੀਆਂ ਕੀਮਤਾਂ ਵਿੱਚ 27 ਫ਼ੀਸਦੀ ਦਾ ਵਾਧਾ ਹੋ ਚੁੱਕਾ ਹੈ। ਪਿਆਜ ਦੀਆਂ ਕੀਮਤਾਂ ਵਿੱਚ 65 ਫ਼ੀਸਦੀ ਵਾਧਾ ਅਤੇ ਆਲੂ ਦੀਆਂ ਕੀਮਤਾਂ ਵਿੱਚ 44 ਫ਼ੀਸਦੀ ਦਾ ਵਾਧਾ ਹੋ ਚੁੱਕਾ ਹੈ। ਤਾਜ਼ਾ ਸਰਵੇਖਣ ਅਨੁਸਾਰ ਪਿਛਲੇ ਦੋ ਸਾਲਾਂ ਵਿੱਚ ਰੋਜ਼ਾਨਾ ਘਰੇਲੂ ਵਰਤੋਂ ਦੇ ਸਮਾਨ ਦੀ ਕੀਮਤ 19 ਫ਼ੀਸਦੀ ਵਧ ਗਈ ਹੈ।

ਆਟੇ ਅਤੇ ਮੈਦੇ ਤੋਂ ਬਣਨ ਵਾਲੇ ਉਤਪਾਦਾਂ ਦੀਆਂ ਵਧੀਆਂ ਕੀਮਤਾਂ ਨੇ ਵੀ ਲੋਕਾਂ ਦੇ ਮੱਥੇ 'ਤੇ ਪਸੀਨਾ ਲਿਆ ਦਿੱਤਾ ਹੈ। ਕਣਕ ਦੀ ਭਾਰੀ ਕਮੀ ਕਰਕੇ ਅਤੇ ਲਗਾਤਾਰ ਮਹਿੰਗੀ ਹੋਣ ਕਰਕੇ ਸਿਰਫ਼ ਢਾਈ ਮਹੀਨੇ ਵਿੱਚ ਹੀ ਕਣਕ ਦੀਆਂ ਕੀਮਤਾਂ ਵਿੱਚ 600 ਰੁਪਏ ਤੋਂ ਲੈ ਕੇ 700 ਰੁਪਏ ਕੁਵਿੰਟਲ ਵਿੱਚ ਤੇਜ਼ੀ ਆਈ ਹੈ। ਐਫ ਸੀ.ਆਈ. ਵੱਲੋਂ ਖੁੱਲ੍ਹੇ ਬਾਜ਼ਾਰ ਵਿੱਚ ਜਾਰੀ ਕੀਤੀ ਜਾਣ ਵਾਲੀ ਕਣਕ 2275 ਰੁਪਏ ਪ੍ਰਤੀ ਕਵਿੰਟਲ ਤੋਂ ਵਧਕੇ 2750 ਰੁਪਏ ਤੋਂ ਲੈਕੇ 2800 ਰੁਪਏ ਪ੍ਰਤੀ ਕਵਿੰਟਲ ਤਕ ਪੁੱਜ ਗਈ ਹੈ। ਕੁਝ ਦਾਲਾਂ ਅਤੇ ਬੇਸਣ ਦੀਆਂ ਕੀਮਤਾਂ ਨੇ ਲੋਕਾਂ ਦਾ ਸਾਰਾ ਬੱਜਟ ਹੀ ਹਿਲਾ ਦਿੱਤਾ ਹੈ। ਚਨੇ ਦੀ ਦਾਲ 25 ਦਿਨ ਪਹਿਲਾਂ 72 ਰੁਪਏ ਕਿਲੋ ਵਿਕ ਰਹੀ ਸੀ ਜੋ ਹੁਣ 96 ਰੁਪਏ ਪ੍ਰਤੀ ਕਿਲੋ ਪੁੱਜ ਗਈ ਹੈ। ਕਾਲੇ ਛੋਲੇ 67 ਰੁਪਏ ਤੋਂ 92 ਰੁਪਏ, ਵੇਸਨ 80 ਰੁਪਏ ਤੋਂ ਵਧਕੇ 100 ਰੁਪਏ ਪ੍ਰਤੀ ਕਿਲੋ ਵਿਕ ਰਹੇ ਹਨ। 70 ਰੁਪਏ ਵਾਲੇ ਚਿੱਟੇ ਛੋਲੇ 120 ਤੋਂ 125 ਰੁਪਏ ਪ੍ਰਤੀ ਕਿਲੋ, ਚੰਗੇ ਛੋਲੇ ਪਹਿਲਾਂ 85 ਰੁਪਏ ਕਿਲੋ ਤੇ ਹੁਣ 160 ਰੁਪਏ ਤੋਂ 180 ਰੁਪਏ ਪ੍ਰਤੀ ਕਿਲੋ ਥੋਕ ਵਿੱਚ ਵਿਕ ਰਹੇ ਹਨ। ਚਿੱਟੇ ਛੋਲਿਆਂ ਦੀ ਕੀਮਤ ਤਾਂ ਆਉਣ ਵਾਲੇ ਸਮੇਂ ਵਿੱਚ 200 ਰੁਪਏ ਪ੍ਰਤੀ ਕਿਲੋ ਤਕ ਜਾ ਸਕਦੀ ਹੈ। ਦੱਸਿਆ ਜਾਂਦਾ ਹੈ ਕਿ ਜਿਨ੍ਹਾਂ ਦਾਲਾਂ ਦੀਆਂ ਕੀਮਤਾਂ ਵਿੱਚ ਤੇਜ਼ੀ ਹੈ, ਉਨ੍ਹਾਂ ਦੀਆਂ ਫਸਲਾਂ 'ਤੇ ਅਸਰ ਪੈਣ ਕਰਕੇ ਕੀਮਤਾਂ ਵਿੱਚ ਵਾਧਾ ਹੋਇਆ ਹੈ। ਕੀਮਤਾਂ ਵਧਣ ਕਾਰਨ ਤਿਓਹਾਰੀ ਸ਼ੀਜਨ ਮਹਿੰਗਾ ਹੀ ਰਹਿਣ ਦੀ ਸੰਭਾਵਨਾ ਹੈ।

ਸਬਜ਼ੀਆਂ ਅਤੇ ਫਲਾਂ ਦੀਆਂ ਕੀਮਤਾਂ ਦੁੱਗਣੀਆਂ ਹੋ ਗਈਆਂ ਹਨ। ਇਸ ਸਮੇਂ ਪਿਆਜ, ਟਮਾਟਰ, ਸਬਜ਼ੀਆਂ, ਦੁੱਧ, ਫਲ, ਦਾਲ਼, ਚਾਵਲ, ਆਟਾ, ਆਲੂ, ਤੇਲ ਆਦਿ ਖ਼ੁਰਾਕੀ ਪਦਾਰਥਾਂ ਦੀਆਂ ਕੀਮਤਾਂ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ। ਦੇਸ਼ ਦੇ ਉੱਪਰਲੇ ਤਬਕੇ ਨੂੰ ਛੱਡ ਕੇ ਜੋ ਕਿ ਅਬਾਦੀ ਦਾ ਮੁਸ਼ਕਿਲ ਨਾਲ 20 ਫ਼ੀਸਦੀ ਹੋਵੇਗਾ, ਹੇਠਾਂ ਦੀ ਸਾਰੀ ਦੀ ਸਾਰੀ ਅਬਾਦੀ ਅੱਜ ਖਾਣ-ਪੀਣ ਵਾਲੀਆਂ ਵਸਤਾਂ ਦੀ ਮਹਿੰਗਾਈ ਤੋਂ ਦੁਖੀ ਹੈ।

ਆਮ ਅਤੇ ਗਰੀਬ ਤਬਕੇ ਦੇ ਲੋਕਾਂ ਹੱਥੋਂ ਪੌਸ਼ਟਿਕ ਖ਼ੁਰਾਕ ਨਿਕਲਦੀ ਜਾ ਰਹੀ ਹੈ, ਜਿਸ ਨਾਲ ਉਨ੍ਹਾਂ ਨੂੰ ਅਗਾਂਹ ਜਾ ਕੇ ਕਈ ਤਰ੍ਹਾਂ ਦੀਆਂ ਔਕੜਾਂ ਘੇਰ ਸਕਦੀਆਂ ਹਨ। ਗਰੀਬ ਅਤੇ ਹੇਠਲੇ ਮੱਧ ਵਰਗ ਦੇ ਲੋਕ ਆਪਣੀ ਆਮਦਨ ਦਾ 70 ਫ਼ੀਸਦੀ ਖ਼ਰਚ ਖ਼ੁਰਾਕੀ ਵਸਤਾਂ 'ਤੇ ਕਰਦੇ ਹਨ। ਸਰਕਾਰ ਨੇ ਪੈਮਾਨਾ ਬਦਲਕੇ ਵੱਡੀ ਅਬਾਦੀ ਨਾਲ ਧ੍ਰੋਹ ਕਮਾਇਆ ਹੈ। ਆਮ ਭਾਰਤੀ ਮਹਿੰਗਾਈ ਹੇਠ ਪਿਸ ਰਿਹਾ ਹੈ। ਮਹਿੰਗਾਈ ਅਰਥਚਾਰੇ ਲਈ ਵੀ ਵੱਡੀ ਚੁਣੌਤੀ ਹੈ। ਮਹਿੰਗਾਈ ਨਾਲ ਵਿਕਾਸ ਯੋਜਨਾਵਾਂ ਦੀਆਂ ਲਾਗਤਾਂ ਵੀ ਵਧ ਜਾਂਦੀਆਂ ਹਨ।

ਖ਼ੁਰਾਕੀ ਵਸਤਾਂ ਦੀ ਮਹਿੰਗਾਈ ਆਮ ਭਾਰਤੀਆਂ ਲਈ ਸਹਿਣੀ ਮੁਸ਼ਕਿਲ ਬਣ ਚੁੱਕੀ ਹੈ। ਸਧਾਰਨ ਦੇਸ਼ ਵਾਸੀ ਪਹਿਲਾਂ ਹੀ ਆਪਣੀ ਖ਼ੁਰਾਕ ਵਿੱਚ ਕਟੌਤੀ ਕਰ ਚੁੱਕੇ ਹਨ। ਦਿਨੋ ਦਿਨ ਵਧ ਰਹੀ ਮਹਿੰਗਾਈ ਨੇ ਆਮ ਆਦਮੀ ਦੀ ਥਾਲੀ ਖ਼ਾਲੀ ਕਰ ਦਿੱਤੀ ਹੈ। ਸਰਕਾਰਾਂ ਦਾ ਮਹਿੰਗਾਈ 'ਤੇ ਕੋਈ ਕੰਟਰੋਲ ਨਹੀਂ ਰਿਹਾ। ਪਹਿਲਾਂ ਕਿਰਤੀਆਂ-ਕਾਮਿਆਂ ਦੇ ਚੌਂਕੇ-ਚੁੱਲ੍ਹੇ ਵਿੱਚ ਰਿੱਝਦੀ ਪੀਲੀ ਤੇ ਹਰੀ ਮੂੰਗੀ ਦੀ ਦਾਲ ਉਨ੍ਹਾਂ ਦੀ ਖਰੀਦ ਸ਼ਕਤੀ ਤੋਂ ਬਾਹਰ ਹੋ ਗਈ। ਪ੍ਰੰਤੂ ਹੁਣ ਆਮ ਆਦਮੀ ਦੀ ਥਾਲੀ ਵਿੱਚੋਂ ਦਾਲ ਦੇ ਨਾਲ-ਨਾਲ ਸਬਜ਼ੀ ਵੀ ਗਾਇਬ ਹੋ ਗਈ ਹੈ।

ਆਲੂ, ਪਿਆਜ, ਟਮਾਟਰ, ਅਧਰਕ ਦੀਆਂ ਕੀਮਤਾਂ ਨੂੰ ਅੱਗ ਲੱਗੀ ਹੋਈ ਹੈ। ਨਿੱਤ ਰੋਜ਼ ਕਮਾ ਕੇ ਖਾਣ ਵਾਲਿਆਂ ਲਈ ਮਹਿੰਗਾਈ ਕਾਲ ਬਣਕੇ ਆਈ ਹੈ, ਜਿਸ ਨੇ ਉਨ੍ਹਾਂ ਦੇ ਖਾਣ ਅਤੇ ਜਿਊਣ ਦੇ ਸੁਪਨੇ ਦਾ ਗਲਾ ਘੁੱਟ ਰੱਖਿਆ ਹੈ। ਸਰਕਾਰਾਂ ਦੀਆਂ ਨੀਤੀਆਂ ਕਾਰਨ ਕਾਰਪੋਰੇਟ ਘਰਾਣੇ, ਚੀਜ਼ਾਂ ਮਨਮਰਜ਼ੀ ਦੇ ਭਾਅ ਵੇਚ ਕੇ ਲੋਕਾਂ ਨੂੰ ਲੁੱਟ ਰਹੇ ਹਨ ਤੇ ਸਰਕਾਰਾਂ ਅੱਖਾਂ ਮੀਚੀ ਬੈਠੀਆਂ ਹਨ। ਨਿੱਤ ਵਰਤੋਂ ਦੀਆਂ ਵਸਤਾਂ ਦੇ ਅਸਮਾਨੀ ਛੂਹ ਰਹੇ ਭਾਅ ਆਮ ਲੋਕਾਂ ਲਈ ਵੱਡੀ ਸਿਰਦਰਦੀ ਬਣੇ ਹੋਏ ਹਨ।

ਜੀ ਐੱਸ ਟੀ ਵਰਗੇ ਹੋਰ ਕਰਾਂ ਦੀਆਂ ਭਾਰੀ ਦਰਾਂ ਵੀ ਮਹਿੰਗਾਈ ਵਧਣ ਦਾ ਕਾਰਨ ਹਨ। ਸੜਕ ਟਰਾਂਸਪੋਰਟ ਨੂੰ ਟੋਲ ਟੈਕਸ ਦੀਆਂ ਭਾਰੀ ਦਰਾਂ ਨੇ ਹੋਰ ਮਹਿੰਗਾ ਕੀਤਾ ਹੈ, ਕਿਉਂਕਿ ਜ਼ਿਆਦਾ ਜ਼ਰੂਰੀ ਖ਼ੁਰਾਕੀ ਵਸਤਾਂ ਦੀ ਢੋਆ-ਢੁਆਈ ਸੜਕਾਂ ਰਾਹੀਂ ਹੀ ਹੁੰਦੀ ਹੈ। ਟੋਲ ਟੈਕਸ ਕਾਰਨ ਘਰ ਬਣਾਉਣ, ਸੈਰ-ਸਪਾਟਾ ਅਤੇ ਹੋਰ ਰੋਜ਼ਮਰ੍ਹਾ ਦੇ ਕੰਮਾਂਕਾਰਾਂ ਲਈ ਆਉਣ-ਜਾਣ ਦੇ ਖ਼ਰਚੇ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਆਮ ਖਪਤਕਾਰ ਨੂੰ ਛੱਡਕੇ ਬਾਕੀ ਸਭ ਨੂੰ ਮਹਿੰਗਾਈ ਤੋਂ ਫ਼ਾਇਦਾ ਹੈ। ਦੇਸ਼ ਦੀ ਇੱਕ ਤਿਹਾਈ ਅਬਾਦੀ ਦਾ ਆਰਥਿਕ ਵਿਕਾਸ ਤੇ ਤਰੱਕੀ ਹੋ ਰਹੀ ਹੈ। ਦੇਸ਼ ਦੀਆਂ ਸਾਰੀਆਂ ਨੀਤੀਆਂ, ਯੋਜਨਾਵਾਂ ਅਤੇ ਪ੍ਰੋਗਰਾਮਾਂ 'ਤੇ ਇਨ੍ਹਾਂ ਦਾ ਕੰਟਰੋਲ ਹੈ। ਦੇਸ਼ ਦੇ ਤਿੰਨ ਚੌਥਾਈ ਸਾਧਨਾਂ ਉੱਤੇ ਇਨ੍ਹਾਂ ਦਾ ਕਬਜ਼ਾ ਹੈ। ਇਸ ਇੱਕ ਤਿਹਾਈ ਅਬਾਦੀ ਵਿੱਚ ਵੱਡੇ ਕਾਰੋਬਾਰੀ, ਕਾਰਪੋਰੇਟ ਘਰਾਣੇ, ਸਿਆਸੀ ਨੇਤਾ, ਸਰਕਾਰੀ ਤੇ ਗੈਰ-ਸਰਕਾਰੀ ਅਧਿਕਾਰੀ, ਕਾਰਪੋਰੇਟ ਕੰਪਨੀ ਆਦਿ ਵੱਡੇ ਹਿੱਸੇਦਾਰ ਹੁੰਦੇ ਹਨ।

ਗਰੀਬ ਲੋਕਾਂ ਨੇ ਉਹੀ ਕਮਾਉਣਾ ਹੁੰਦਾ ਹੈ ਤੇ ਉਹੀ ਖਾਣਾ ਹੁੰਦਾ ਹੈ। ਜੇਕਰ ਮਹਿੰਗਾਈ ਥਾਂ ਸਿਰ ਰਹੇ ਤਾਂ ਹੀ ਉਹ ਆਪਣੀ ਜੀਵਨ ਸਹੀ ਢੰਗ ਨਾਲ ਬਸਰ ਕਰ ਸਕਦੇ ਹਨ।

ਮਹਿੰਗਾਈ ਵਿੱਚ ਅੰਧਾ ਧੁੰਦ ਹੋ ਰਹੇ ਵਾਧੇ ਕਾਰਨ ਆਮ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ। ਮਹਿੰਗਾਈ ਵਧਣ ਨਾਲ ਲੋਕਾਂ 'ਤੇ ਮਾਨਸਿਕ ਦਬਾਅ ਵਧ ਰਿਹਾ ਹੈ, ਜਿਸ ਕਾਰਨ ਮਾਨਸਿਕ ਰੋਗੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਸਰਕਾਰਾਂ ਨੂੰ ਲੋਕਾਂ ਦੀ ਆਰਥਿਕ ਹਾਲਤ ਇੰਨੀ ਕਮਜ਼ੋਰ ਨਹੀਂ ਕਰਨੀ ਚਾਹੀਦੀ ਕਿ ਉਨ੍ਹਾਂ ਦੀਆਂ ਥਾਲੀਆਂ ਵਿੱਚੋਂ ਦਾਲ-ਰੋਟੀ ਤੇ ਸਬਜ਼ੀ ਗਾਇਬ ਹੋ ਜਾਵੇ। ਮਹਿੰਗਾਈ ਨਾਲ ਲੋਕ ਹਾਲੋਂ ਬੇਹਾਲ ਹੋਏ ਪਏ ਹਨ। ਸਬਜ਼ੀਆਂ, ਦਾਲਾਂ, ਫਲਾਂ, ਦੁੱਧ, ਡੀਜ਼ਲ, ਪੈਟਰੋਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਅਤੇ ਖਾਣ ਵਾਲੇ ਤੇਲਾਂ ਦੀਆਂ ਕੀਮਤਾਂ ਦਿਨੋ-ਦਿਨ ਅਸਮਾਨ ਛੂੰਹਦੀਆਂ ਜਾ ਰਹੀਆਂ ਹਨ। ਲੋਕਾਂ ਨੂੰ ਰਸੋਈ ਚਲਾਉਣੀ ਔਖੀ ਹੋ ਗਈ ਹੈ।


ਦੇਸ਼ ਦੀ ਜ਼ਿਆਦਾਤਰ ਅਬਾਦੀ ਗਰੀਬੀ ਰੇਖਾ ਤੋਂ ਵੀ ਹੇਠਾਂ ਜੀਵਨ ਬਸਰ ਕਰਨ ਲਈ ਮਜਬੂਰ ਹੈ। ਉਸਦਾ ਬੱਜਟ ਤਾਂ ਪਹਿਲਾਂ ਹੀ ਹਿੱਲਿਆ ਹੋਇਆ ਹੈ। ਮਹਿੰਗਾਈ ਵਧਣ ਨਾਲ ਅਮੀਰਾਂ ਨੂੰ ਤਾਂ ਬਹੁਤਾ ਫ਼ਰਕ ਨਹੀਂ ਪੈਂਦਾ ਪਰ ਹੇਠਲੇ ਅਤੇ ਮੱਧ ਵਰਗ ਦਾ ਕਚੂੰਮਰ ਨਿਕਲ ਜਾਂਦਾ ਹੈ। ਮਹਿੰਗਾਈ ਵਧਣ ਦੇ ਬਾਵਜੂਦ ਸਰਕਾਰ ਖਾਮੋਸ਼ ਹੈ। ਮਹਿੰਗਾਈ 'ਤੇ ਕਾਬੂ ਪਾਉਣਾ ਸਰਕਾਰਾਂ ਦੀ ਕੰਮ ਹੈ।

ਪਰ ਜਿਹੜੀ ਸਰਕਾਰ ਮਹਿੰਗਾਈ ਨੂੰ ਕੰਟਰੋਲ ਨਹੀਂ ਕਰ ਸਕਦੀ, ਉਸਦੇ ਕੰਮ ਕਰਨ ਦੇ ਤਰੀਕੇ ਅਤੇ ਨੀਅਤ ਲੋਕ ਪੱਖੀ ਨਹੀਂ ਹੁੰਦੇ। ਮਹਿੰਗਾਈ ਘਟਾਉਣ ਲਈ ਸਰਕਾਰ ਨੂੰ ਕਾਲਾ ਬਜ਼ਾਰੀਆਂ ਨੂੰ ਨੱਥ ਪਾਉਣੀ ਚਾਹੀਦੀ ਹੈ, ਕਿਉਂਕਿ ਮਹਿੰਗਾਈ ਵਧਾਉਣ ਲਈ ਉਹ ਜ਼ਿੰਮੇਵਾਰ ਹਨ।

ਸਰਕਾਰ ਨੂੰ ਜਲਦੀ ਹੀ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਸੰਜੀਦਾ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਆਮ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਮਿਲ ਸਕੇ। ਲੋਕਾਂ ਦਾ ਖ਼ਿਆਲ ਰੱਖਣਾ ਅਤੇ ਉਹਨਾਂ ਦੀ ਚਿੰਤਾ ਕਰਨੀ ਇੱਕ ਚੰਗੀ ਸਰਕਾਰੀ ਦੀ ਮੁਢਲੀ ਜ਼ਿੰਮੇਵਾਰੀ ਹੈ। ਉਂਜ ਵੀ ਕਿਸੇ ਦੇਸ਼ ਦੀ ਖੁਸ਼ਹਾਲੀ ਉੱਥੋਂ ਦੇ ਨਾਗਰਿਕਾਂ ਦੁਆਰਾ ਹੰਢਾਏ ਜਾ ਰਹੇ ਜੀਵਨ ਪੱਧਰ 'ਤੇ ਨਿਰਭਰ ਕਰਦੀ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.



ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4
Gurnek Bangar
(Pasla)

# ਮਨ ਦਾ ਡਰ

ਲੇਖਕ : ਰਾਬਿੰਦਰ ਸਿੰਘ ਰੱਬੀ, ਸੰਪਰਕ: 89689-46129

ਜੱਸੀ ਇਸ ਗੱਲ ਤੋਂ ਜਾਣੂ ਸੀ ਕਿ ਕਿਸੇ ਨੇ ਵੀ ਉਸ ਦੀ ਇਸ ਗੱਲ ਲਈ ਨਹੀਂ ਸੀ ਮੰਨਣਾ। ਉਹਨੇ ਬੀਬੀ ਨੂੰ ਕਿਹਾ, ''ਬੀਬੀ, ਜਾਣ ਦੇ ਨਾ ਮੈਨੂੰ।'' ਸਾਰੇ ਦਿਨ ਦੀ ਸਤੀ ਬੈਠੀ ਬੀਬੀ ਨੇ ਅੰਤ ਤੋੜਾ ਝਾੜ ਹੀ ਦਿੱਤਾ, ''ਪੁੱਛ ਲੈ ਫੇਰ ਆਪਣੇ ਬਾਪੂ ਨੂੰ। ਉਹਦੇ ਸਾਹਵੇਂ ਤਾਂ ਮੂੰਹ ਨਹੀਂ ਖੋਲ੍ਹਦਾ।''

ਗੱਲ ਸੱਚ ਵੀ ਸੀ। ਜੱਸੀ ਦਾ ਆਪਣੇ ਪਿਤਾ ਨੂੰ ਦੇਖਦਿਆਂ ਹੀ ਸੰਘ ਸੁੱਕ ਜਾਂਦਾ ਸੀ। ਜਦੋਂ ਉਸ ਦਾ ਪਿਤਾ ਗੁੱਸੇ ਵਿੱਚ ਉੱਚੀ-ਉੱਚੀ ਬੋਲਦਾ ਤਾਂ ਉਹ ਕੰਬ ਜਾਂਦਾ। ਉਹ ਆਪਣੇ ਪਿਤਾ ਨੂੰ ਇਹ ਗੱਲ ਕਿਵੇਂ ਕਹਿ ਸਕਦਾ ਸੀ।

ਅਸਲ ਵਿੱਚ ਜੱਸੀ ਆਪਣੇ ਪੰਜ ਭੈਣ ਭਰਾਵਾਂ ਵਿੱਚ ਤੀਜੇ ਨੰਬਰ ਉੱਤੇ ਸੀ। ਵੱਡੀ ਭੈਣ ਸਿਮਰਨ ਚਤਾਮਲੀ ਵਿਆਹੀ ਹੋਈ ਸੀ ਅਤੇ ਉਹ ਕਦੇ ਕਦਾਈਂ ਗੇੜਾ ਮਾਰਦੀ। ਜੱਸੀ ਵੀ ਆਪਣੀ ਮਾਂ ਨਾਲ ਕਦੇ ਕਦਾਈਂ ਭੈਣ ਨੂੰ ਮਿਲਣ ਚਲੇ ਜਾਂਦਾ। ਉਸ ਦਾ ਹੁਣ ਉੱਥੇ ਬੜਾ ਜੀਅ ਲੱਗਦਾ। ਇੱਥੋਂ ਤੱਕ ਕਿ ਆਪਣੇ ਨਾਨਕੇ ਪਿੰਡ ਮਕੜੌਨੇ ਵੀ ਉਹ ਜ਼ਿਆਦਾ ਨਾ ਜਾਂਦਾ, ਕਿਉਂਕਿ ਉਹਦੇ ਮਾਮੇ ਦੇ ਦੋਵੇਂ ਮੁੰਡੇ ਹੁਣ ਵੱਡੇ ਹੋ ਚੁੱਕੇ ਸਨ ਅਤੇ ਜੱਸੀ ਨੂੰ ਉਨ੍ਹਾਂ ਦੀਆਂ ਗੱਲਾਂ ਦੀ ਸਮਝ ਹੀ ਨਹੀਂ ਸੀ ਲੱਗਦੀ, ਪਰ ਭੈਣ ਦੇ ਮੁੰਡੇ ਨਾਲ ਉਹ ਪਰਚਿਆ ਰਹਿੰਦਾ। ਉਹ ਨਿੱਕਾ ਜਿਹਾ ਪ੍ਰੀਤ ਵੀ ਉਸ ਨੂੰ ਬਹੁਤ ਪਿਆਰ ਕਰਦਾ ਅਤੇ ਉਹ ਦੋਵੇਂ ਆਪਣੇ ਵਿੱਚ ਮਸਤ ਰਹਿੰਦੇ। ਸਿਮਰਨ ਭੈਣ ਪੜ੍ਹੀ ਲਿਖੀ ਹੋਣ ਕਾਰਨ ਆਪਣੇ ਪਿਤਾ ਨਾਲ ਬੇਝਿਜਕ ਹਰ ਗੱਲ ਕਰ ਲੈਂਦੀ ਸੀ। ਜੱਸੀ ਦਾ ਭਰਾ ਪ੍ਰੀਤ, ਜਿਸ ਨੂੰ ਸਾਰੇ ਗੱਬਰ ਕਹਿੰਦੇ ਸਨ, ਫੈਕਟਰੀ ਵਿੱਚ ਕੰਮ ਕਰਦਾ ਸੀ। ਉਹ ਸਾਝਰੇ ਹੀ ਚਲਾ ਜਾਂਦਾ ਅਤੇ ਨ੍ਹੇਰੇ ਹੋਏ ਘਰ ਵੜਦਾ। ਉਹ ਆਪਣੇ ਪਿਤਾ ਨਾਲ ਵੀ ਘੱਟ ਹੀ ਗੱਲ ਕਰਦਾ।

ਜੱਸੀ ਹੱਡਾਂ ਪੈਰਾਂ ਦਾ ਖੁੱਲ੍ਹਾ ਸੀ। ਉਂਝ ਤਾਂ ਅਜੇ ਭਾਵੇਂ ਉਹ ਅੱਠਵੀਂ ਹੀ ਪਾਸ ਕਰਕੇ ਮੋਰਿੰਡੇ ਵੱਡੇ ਸਕੂਲ ਵਿੱਚ ਪੜ੍ਹਨ ਲੱਗ ਗਿਆ ਸੀ ਪਰ ਉਹ ਛੋਟਾ ਲੱਗਦਾ ਨਹੀਂ ਸੀ। ਜੱਸੀ ਦੇ ਦੋਵੇਂ ਭਰਾ ਛੋਟੇ ਸਨ ਅਤੇ ਉਹ ਪੜ੍ਹ ਹੀ ਰਹੇ ਸਨ। ਉਨ੍ਹਾਂ ਤੋਂ ਜੱਸੀ ਨੂੰ ਉਂਝ ਵੀ ਕੋਈ ਆਸ ਨਹੀਂ ਸੀ। ਹੁਣ ਜੱਸੀ ਦੀ ਸਾਰੀ ਆਸ ਆਪਣੀ ਵੱਡੀ ਭੈਣ ਸਿਮਰਨ ਉੱਤੇ ਹੀ ਸੀ। ਉਸ ਨੇ ਸੋਚਿਆ ਕਿ ਸਿਮਰਨ ਭੈਣ ਹੀ ਮੇਰੇ ਮਨ ਦੀ ਗੱਲ ਪਿਤਾ ਜੀ ਨਾਲ ਸਾਂਝੀ ਕਰ ਸਕਦੀ ਹੈ।

ਜੱਸੀ ਦਾ ਪਿਤਾ ਸਖ਼ਤ ਮਿਜਾਜ਼ ਸੀ। ਜਦੋਂ ਉਹ ਗੜ੍ਹਕੇ ਨਾਲ ਬੋਲਦਾ ਤਾਂ ਸਾਹਮਣੇ ਵਾਲੇ ਦੀ ਜ਼ੁਬਾਨ ਥਥਲਾਉਣ ਲੱਗਦੀ। ਫ਼ੌਜ ਵਿੱਚ ਰਿਹਾ ਹੋਣ ਕਾਰਨ ਸਾਰੇ ਉਸ ਦਾ ਸਤਿਕਾਰ ਵੀ ਕਰਦੇ ਸਨ। ਹੁਣ ਤਾਂ ਫ਼ੌਜ ਵਿੱਚੋਂ ਪੈਨਸ਼ਨ ਆਏ ਨੂੰ ਵੀ ਉਸ ਨੂੰ ਕਈ ਸਾਲ ਹੋ ਗਏ ਸਨ ਪਰ ਉਸ ਦੇ ਬੋਲਾਂ ਵਿੱਚ ਫ਼ੌਜ ਵਾਲੀ ਗੜ੍ਹਕ ਅਤੇ ਮੜ੍ਹਕ ਕਾਇਮ ਸੀ। ਉਹ ਮਾਵਾ ਲੱਗੀ ਪੱਗ ਬੰਨ੍ਹ ਕੇ ਸਾਰਾ ਦਿਨ ਅਖ਼ਬਾਰ ਪੜ੍ਹਦਾ ਰਹਿੰਦਾ ਅਤੇ ਲੋਕਾਂ ਉੱਤੇ ਖ਼ਬਰਾਂ ਪੜ੍ਹ-ਪੜ੍ਹ ਕੇ ਤਵੇ ਲਾਉਂਦਾ ਰਹਿੰਦਾ। ਹਰ ਕੋਈ ਉਸ ਨਾਲ ਪੰਗਾ ਲੈਣੋਂ ਝਿਜਕਦਾ ਕਿਉਂ ਜੋ ਕੋਈ ਪਤਾ ਨਹੀਂ ਸੀ ਕਿ ਉਸ ਨੇ ਕਿਸ ਮੌਕੇ ਕਿਹੋ ਜਿਹੀ ਗੱਲ ਕਹਿ ਦੇਣੀ ਹੈ।

ਇਹੋ ਸੰਸਾ ਜੱਸੀ ਨੂੰ ਵੀ ਸੀ ਅਤੇ ਉੱਧਰੋਂ ਦਿਨ ਵੀ ਨੇੜੇ ਆ ਰਿਹਾ ਸੀ। ਉਸ ਨੇ ਕਈ ਵਾਰ ਮਾਂ ਨੂੰ ਚਤਾਮਲੀ ਜਾਣ ਲਈ ਕਿਹਾ ਪਰ ਘਰ ਦੇ ਝਮੇਲਿਆਂ ਵਿੱਚੋਂ ਮਾਂ ਨੂੰ ਫ਼ੁਰਸਤ ਕਿੱਥੇ? ਜੱਸੀ ਜਾਵੇ ਤਾਂ ਕਿੱਥੇ ਜਾਵੇ? ਉਹਦਾ ਦਿਲ ਜ਼ੋਰ-ਜ਼ੋਰ ਦੀ ਧੜਕਣ ਲੱਗਦਾ, ਕਿਤੇ ਇੰਝ ਹੀ ਸੋਚਾਂ ਵਿੱਚੇ ਟਾਈਮ ਨਾ ਲੰਘ ਜਾਵੇ।

ਉਸ ਦੇ ਮਾਸਟਰ ਬਲਵਿੰਦਰ ਸਿੰਘ ਨੇ ਇਕੇਰਾਂ ਤਾੜ ਕੇ ਕਿਹਾ ਵੀ ਸੀ, ''ਓਏ ਜੱਸੀ, ਤੂੰ ਨਾਂ ਲਿਖਾਤਾ? ਦੇਖੀਂ ਕਿਤੇ ਮੇਰੀ ਬੇਇੱਜ਼ਤੀ ਨਾ ਕਰਾ ਦੀਂ।'' ''ਹਾਂ ਜੀ, ਹਾਂ ਜੀ।'' ਉਹਨੇ ਘਬਰਾ ਕੇ ਝੂਠ ਹੀ ਕਹਿ ਦਿੱਤਾ। ਮਗਰੋਂ ਉਸ ਨੂੰ ਇਸ ਗੱਲ ਦਾ ਪਛਤਾਵਾ ਵੀ ਹੋਇਆ ਕਿ ਉਸ ਨੇ ਆਪਣੇ ਮਨਪਸੰਦ ਅਧਿਆਪਕ ਅੱਗੇ ਝੂਠ ਬੋਲਿਆ ਹੈ।

ਅਜੇ ਉਹ ਇਸ ਉਧੇੜਬੁਣ ਵਿੱਚ ਹੀ ਸੀ ਕਿ ਰੱਖੜੀਆਂ ਦਾ ਤਿਉਹਾਰ ਆ ਗਿਆ। ਇਸ ਬਾਬਤ ਤਾਂ ਜੱਸੀ ਦੇ ਮਨ ਵਿੱਚ ਚੇਤਾ ਵੀ ਨਹੀਂ ਸੀ ਕਿਉਂਕਿ ਉਹ ਆਪਣੀ ਹੀ ਸਮੱਸਿਆ ਵਿੱਚ ਉਲਝਿਆ ਹੋਇਆ ਸੀ। ਜੱਸੀ ਦੇ ਭਾਣੇ ਤਾਂ ਜਿਵੇਂ ਚੰਦ ਚੜ੍ਹ ਪਿਆ ਹੋਵੇ। ਉਹਦਾ ਖ਼ੁਸ਼ੀ ਵਿੱਚ ਸਾਹ ਨਹੀਂ ਸੀ ਰਲ ਰਿਹਾ ਅਤੇ ਉਹਨੇ ਸਹੀ ਟਾਈਮ ਜਿਹਾ ਦੇਖ ਕੇ ਸਿਮਰਨ ਭੈਣ ਨੂੰ ਸਾਰੀ ਗੱਲ ਦੱਸ ਦਿੱਤੀ। ਸਿਮਰਨ ਵੀ ਸਾਰੀ ਗੱਲ ਆਪਣੇ ਪਿਤਾ ਜੀ ਨੂੰ ਦੱਸ ਕੇ ਆਪ ਚਤਾਮਲੀ ਚਲੇ ਗਈ।

ਜੱਸੀ ਜਦੋਂ ਆਪਣੀ ਭੈਣ ਨੂੰ ਟੈਂਪੂ ਚੜ੍ਹਾ ਕੇ ਘਰ ਆਇਆ ਤਾਂ ਮਾਂ ਨੇ ਕਿਹਾ ਕਿ ਉਹਦਾ ਪਿਤਾ ਉਹਨੂੰ ਚੁਬਾਰੇ ਵਿੱਚ ਬੁਲਾ ਰਿਹਾ ਹੈ। ਉਹ ਘਬਰਾ ਗਿਆ। ਪੌੜੀਆਂ ਉਸ ਤੋਂ ਹੌਲੀ-ਹੌਲੀ ਚੜ੍ਹ ਹੋ ਰਹੀਆਂ ਸਨ। ਉਸ ਦਾ ਪਿਤਾ ਉਸ ਨੂੰ ਦੇਖਦਿਆਂ ਹੀ ਬੋਲਿਆ: ''ਜੱਸੀ, ਸਿਮਰਨ ਕਹਿ ਰਹੀ ਸੀ ਕਿ ਤੂੰ ਛਿੰਝ ਵਿੱਚ ਘੁਲਣ ਜਾਣੈਂ। ਓਏ ਝੱਲਿਆ, ਮੈਂ ਵੀ ਕਦੇ ਘੁਲਦਾ ਰਿਹਾਂ ਪਰ ਨੌਕਰੀ ਦੇ ਚੱਕਰ ਨੇ ਸਭ ਛੁੜਾ-ਛਡੂ ਦਿੱਤਾ। ਕਦੇ-ਕਦੇ ਤਾਂ ਇੰਨਾ ਉਬਾਲ ਜਿਹਾ ਉੱਠਦਾ ਬਈ ਮੇਰੇ ਤੋਂ ਇਹ ਸਭ ਕਿਉਂ ਨਹੀਂ ਹੋਇਆ। ਤੂੰ ਜਾ ਤੇ ਜਾ ਕੇ ਮੇਰਾ ਸੁਪਨਾ ਪੂਰਾ ਕਰ।''

''ਸੱਚ ਪਾਪਾ…'' ਜੱਸੀ ਦਾ ਮੂੰਹ ਸੁਣ ਕੇ ਖੁੱਲ੍ਹੇ ਦਾ ਖੁੱਲ੍ਹਾ ਹੀ ਰਹਿ ਗਿਆ ਅਤੇ ਉਹ ਇਹ ਖ਼ਬਰ ਦੱਸਣ ਲਈ ਸਕੂਲ ਵੱਲ ਭੱਜ ਲਿਆ।

# ਸਦਾਮ ਹੁਸੈਨ ਅਤੇ ਅਮਰੀਕਾ



ਲੇਖਕ : ਸੰਦੀਪ ਕੁਮਾਰ
ਸੰਪਰਕ : 70098 - 07121

ਸਦਾਮ ਹੁਸੈਨ ਇੱਕ ਅਜਿਹਾ ਨਾਮ ਹੈ ਜੋ ਦੁਨੀਆ ਦੀ ਰਾਜਨੀਤੀ ਵਿੱਚ ਸਦਾ ਲਈ ਦਰਜ ਰਹੇਗਾ। ਇਰਾਕ ਦੇ ਇੱਕ ਸ਼ਕਤੀਸ਼ਾਲੀ ਨੇਤਾ ਦੇ ਤੌਰ 'ਤੇ ਜਾਣੇ ਜਾਣ ਵਾਲੇ ਸਦਾਮ ਨੇ ਆਪਣੀ ਜ਼ਿੰਦਗੀ ਵਿੱਚ ਕਈ ਉਤਾਰ-ਚੜਾਵ ਦੇਖੇ, ਪਰ ਕਦੇ ਵੀ ਆਪਣੀ ਸੋਚ ਅਤੇ ਜ਼ਮੀਰ ਦੇ ਅੱਗੇ ਨਹੀਂ ਝੁਕੇ। ਉਸ ਦੀ ਕਹਾਣੀ ਸਿਰਫ ਇੱਕ ਵਿਅਕਤੀ ਦੀ ਨਹੀਂ, ਬਲਕਿ ਇੱਕ ਅਜਿਹੇ ਵਿਅਕਤੀ ਦੀ ਹੈ ਜੋ ਆਪਣੇ ਦੇਸ਼, ਪਰਿਵਾਰ ਅਤੇ ਲੋਕਾਂ ਦੀ ਰੱਖਿਆ ਲਈ ਅੰਤਿਮ ਸਾਹ ਤਕ ਲੜਦਾ ਰਿਹਾ। ਸਦਾਮ ਹੁਸੈਨ ਦਾ ਜਨਮ 28 ਅਪਰੈਲ 1937 ਨੂੰ ਇਰਾਕ ਦੇ ਇੱਕ ਗਰੀਬ ਪਰਿਵਾਰ ਵਿੱਚ ਹੋਇਆ। ਉਸ ਦਾ ਬਚਪਨ ਸੰਘਰਸ਼ਾਂ ਨਾਲ ਭਰਪੂਰ ਸੀ। ਛੋਟੀ ਉਮਰ ਵਿੱਚ ਹੀ ਉਸਨੇ ਆਪਣੀ ਮਾਂ ਨੂੰ ਗੁਆ ਦਿੱਤਾ, ਜਿਸ ਕਾਰਨ ਉਸ ਦੀ ਜ਼ਿੰਦਗੀ ਵਿੱਚ ਦੁੱਖਾਂ ਅਤੇ ਤਕਲੀਫਾਂ ਦੀ ਕਮੀ ਨਾ ਰਹੀ। ਪਰ ਇਹ ਸਾਰੇ ਸੰਘਰਸ਼ ਸਦਾਮ ਹੁਸੈਨ ਦੀ ਸ਼ਕਤੀ ਬਣ ਗਏ ਅਤੇ ਜਲਦੀ ਹੀ ਉਸਨੇ ਆਪਣੀ ਅਕਲਮੰਦੀ ਅਤੇ ਕੱਟੜ ਫੈਸਲਿਆਂ ਨਾਲ ਇਰਾਕ ਦੇ ਰਾਜਨੀਤਿਕ ਮੰਚ 'ਤੇ ਪੂਰਾ ਕਬਜ਼ਾ ਕਰ ਲਿਆ। ਸਦਾਮ ਹੁਸੈਨ ਨੇ ਇਰਾਕੀ ਰਾਜਨੀਤੀ ਵਿੱਚ ਅਜਿਹਾ ਮੁਕਾਮ ਹਾਸਿਲ ਕੀਤਾ ਕਿ 1979 ਵਿੱਚ ਉਹ ਇਰਾਕ ਦਾ ਰਾਸ਼ਟਰਪਤੀ ਬਣ ਗਿਆ।

ਰਾਸ਼ਟਰਪਤੀ ਬਣਨ ਦੇ ਬਾਅਦ ਸਦਾਮ ਹੁਸੈਨ ਨੇ ਆਪਣੇ ਦੇਸ਼ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਕਈ ਵੱਡੇ ਕਦਮ ਚੁੱਕੇ। ਉਹ ਦੇਸ਼ ਦੀ ਸੁਰੱਖਿਆ, ਖੇਤੀਬਾੜੀ, ਤੇਲ ਦੇ ਸਰੋਤਾਂ ਨੂੰ ਸੰਭਾਲਣ ਲਈ ਕਾਫ਼ੀ ਗੰਭੀਰ ਰਿਹਾ। ਪਰ ਉਸ ਦੀਆਂ ਨੀਤੀਆਂ ਅਤੇ ਫੈਸਲੇ ਬਾਹਰੀ ਤਾਕਤਾਂ ਨੂੰ ਕਦੇ ਪਸੰਦ ਨਹੀਂ ਆਏ। ਸਦਾਮ ਹੁਸੈਨ ਦੀ ਸੋਚ ਸੀ ਕਿ ਇਰਾਕ ਨੂੰ ਮੁਕੰਮਲ ਖ਼ੁਦਮੁਖਤਿਆਰ ਹੋਣਾ ਚਾਹੀਦਾ ਹੈ, ਜੋ ਕਿ ਪੱਛਮੀ ਤਾਕਤਾਂ ਨੂੰ ਨਾਗਵਾਰ ਸੀ। ਸਦਾਮ ਹੁਸੈਨ ਦੀ ਲੜਾਈ ਅਮਰੀਕਾ ਨਾਲ 1990 ਦੇ ਦਹਾਕੇ ਵਿੱਚ ਸ਼ੁਰੂ ਹੋਈ, ਜਦੋਂ ਸਦਾਮ ਹੁਸੈਨ ਨੇ ਕੁਵੈਤ 'ਤੇ ਹਮਲਾ ਕੀਤਾ। ਇਸ ਹਮਲੇ ਦੇ ਕਾਰਨ ਪਿੱਛੋਂ 'ਗਲਫ ਵਾਰ' ਸ਼ੁਰੂ ਹੋ ਗਈ। ਅਮਰੀਕਾ ਨੇ ਇਸ ਜੰਗ ਵਿੱਚ ਸਦਾਮ ਹੁਸੈਨ ਦੀ ਹਾਰ ਤੋਂ ਬਾਅਦ ਪੂਰਾ ਜ਼ੋਰ ਉਸਦੀ ਤਾਕਤ ਨੂੰ ਘਟਾਉਣ ਵਿੱਚ ਲਾਇਆ। ਪਰ ਸਦਾਮ ਹੁਸੈਨ ਨੇ ਹਾਰ ਮੰਨਣ ਦੀ ਬਜਾਇ, ਆਪਣੀ ਲੜਾਈ ਜਾਰੀ ਰੱਖੀ। ਉਹ ਹਰ ਹਾਲਤ ਵਿੱਚ ਆਪਣੇ ਦੇਸ਼ ਦੀ ਖ਼ੁਦਮੁਖਤਿਆਰੀ ਨੂੰ ਬਰਕਰਾਰ ਰੱਖਣ ਵਿੱਚ ਯਕੀਨ ਰੱਖਦਾ ਸੀ ਅਤੇ ਇਸੇ ਜਜ਼ਬੇ ਦੇ ਕਾਰਨ ਉਸ ਨੂੰ ਇੱਕ ਯੋਧੇ ਦੇ ਤੌਰ 'ਤੇ ਜਾਣਿਆ ਜਾਂਦਾ ਹੈ।

ਇਸ ਦੌਰਾਨ ਸਦਾਮ ਹੁਸੈਨ ਨੇ ਆਪਣੇ ਪਰਿਵਾਰ ਨੂੰ ਵੀ ਇਸ ਲੜਾਈ ਵਿੱਚ ਸ਼ਾਮਿਲ ਕੀਤਾ। ਉਸਦੇ ਦੋਵੇਂ ਪੁੱਤਰ, ਉਦੈ ਹੁਸੈਨ ਅਤੇ ਕੁਸੈ ਹੁਸੈਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਅੰਤ ਤਕ ਆਪਣੇ ਪਿਤਾ ਦੇ ਨਾਲ ਇਰਾਕ ਦੀ ਰੱਖਿਆ ਲਈ ਜੰਗ ਕੀਤੀ, ਇਸ ਗੱਲ ਦੇ ਪ੍ਰਮਾਣ ਸਨ ਕਿ ਸਦਾਮ ਹੁਸੈਨ ਦਾ ਪਰਿਵਾਰ ਵੀ ਉਸਦੇ ਰਾਹ 'ਤੇ ਚੱਲਣ ਵਾਲਾ ਸੀ। ਉਦੈ ਅਤੇ ਕੁਸੈ ਦੀ ਸ਼ਹਾਦਤ ਇਹ ਗੱਲ ਤਸਦੀਕ ਕਰਦੀ ਹੈ ਕਿ ਸਦਾਮ ਹੁਸੈਨ ਆਪਣੀ ਸੋਚ 'ਤੇ ਅਡਿੱਗ ਰਿਹਾ। ਉਹ ਕਦੇ ਵੀ ਆਪਣੀ ਜ਼ਿੰਦਗੀ ਨੂੰ ਬਚਾਉਣ ਲਈ ਪਰਿਵਾਰ ਨੂੰ ਵਿਦੇਸ਼ ਭੇਜਣ ਜਿਹੇ ਸੰਕਲਪਾਂ ਵਿੱਚ ਯਕੀਨ ਨਹੀਂ ਰੱਖਦਾ ਸੀ। ਸੱਚਮੁੱਚ ਉਸ ਦੇ ਦੋਵੇਂ ਪੁੱਤਰ ਸਿੱਧੇ ਉਸਦੇ ਸਮਰਥਕ ਦੇ ਤੌਰ 'ਤੇ ਜੰਗ ਦੇ ਮੈਦਾਨ ਵਿੱਚ ਡਟੇ ਰਹੇ ਤੇ ਆਪਣੇ ਦੇਸ਼ ਲਈ ਸ਼ਹੀਦ ਹੋ ਗਏ। ਸਦਾਮ ਹੁਸੈਨ ਦੀ ਪਤਨੀ ਅਤੇ ਧੀਆਂ, ਜੋ ਕਿ ਅੱਜ ਵੀ ਵਿਦੇਸ਼ ਵਿੱਚ ਸ਼ਰਨਾਰਥੀ ਜੀਵਨ ਬਿਤਾ ਰਹੀਆਂ ਹਨ, ਇਸ ਗੱਲ ਦੀ ਮਿਸਾਲ ਹਨ ਕਿ ਸਦਾਮ ਹੁਸੈਨ ਨੇ ਆਪਣਾ ਸਾਰਾ ਕੁਝ ਆਪਣੇ ਦੇਸ਼ ਲਈ ਕੁਰਬਾਨ ਕਰ ਦਿੱਤਾ। ਉਸ ਨੇ ਕਦੇ ਵੀ ਆਪਣੇ ਪਰਿਵਾਰ ਨੂੰ ਸੁਰੱਖਿਅਤ ਰੱਖਣ ਲਈ ਆਪਣੇ ਦੇਸ਼ ਦਾ ਬਲੀਦਾਨ ਨਹੀਂ ਕੀਤਾ। ਇਸਦਾ ਸਿੱਧਾ ਅਰਥ ਹੈ ਕਿ ਸਦਾਮ ਹੁਸੈਨ ਨੇ ਆਪਣਾ ਸਾਰਾ ਕੁਝ ਆਪਣੀ ਮਾਂ ਭੂਮੀ ਲਈ ਕੁਰਬਾਨ ਕਰ ਦਿੱਤਾ। ਇਹੀ ਗੱਲ ਉਸ ਨੂੰ ਇੱਕ ਅਮਰ ਯੋਧੇ ਵਾਂਗ ਮਾਣਯੋਗ ਬਣਾਉਂਦੀ ਹੈ।

ਜਦੋਂ ਅਮਰੀਕਾ ਨੇ 2003 ਵਿੱਚ ਇਰਾਕ 'ਤੇ ਹਮਲਾ ਕੀਤਾ ਤਾਂ ਇਸ ਜੰਗ ਦਾ ਮਕਸਦ ਸਦਾਮ ਹੁਸੈਨ ਨੂੰ ਗਿਰਾ ਕੇ ਉਸਦੇ ਦੇਸ਼ ਨੂੰ ਕਬਜ਼ੇ ਵਿੱਚ ਲੈਣਾ ਸੀ। ਇਹ ਹਮਲਾ ਬਿਲਕੁਲ ਨਜਾਇਜ਼ ਅਤੇ ਬਿਨਾਂ ਕਿਸੇ ਠੋਸ ਕਾਰਨ ਦੇ ਕੀਤਾ ਗਿਆ। ਸਦਾਮ ਹੁਸੈਨ ਦੇ ਦੇਸ਼ ਇਰਾਕ ਵਿੱਚ ਜਦੋਂ ਕਥਿਤ ਕੈਮੀਕਲ ਹਥਿਆਰਾਂ ਦੀ ਖੋਜ ਲਈ ਦੇਸ਼ ਦੇ ਹਰ ਕੋਨੇ ਨੂੰ ਛਾਣਿਆ ਗਿਆ ਤਾਂ ਅਮਰੀਕਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਸਦਾਮ ਹੁਸੈਨ ਦੇ ਦੇਸ਼ ਵਿੱਚ ਕੈਮੀਕਲ ਹਥਿਆਰ ਕਦੇ ਵੀ ਨਹੀਂ ਮਿਲੇ। ਇਸ ਤੋਂ ਸਪਸ਼ਟ ਹੋਇਆ ਕਿ ਸਦਾਮ ਹੁਸੈਨ ਦੀ ਕਹਾਣੀ ਸੱਚੀ ਸੀ, ਅਤੇ ਅਮਰੀਕਾ ਨੇ ਸਿਰਫ ਆਪਣੇ ਸ਼ਕਤੀ ਪ੍ਰਦਰਸ਼ਨ ਲਈ ਇੱਕ ਦੇਸ਼ ਨੂੰ ਤਬਾਹ ਕਰ ਦਿੱਤਾ।

ਸਦਾਮ ਹੁਸੈਨ ਦੇ ਫੜੇ ਜਾਣ ਦੀ ਘਟਨਾ ਇੱਕ ਵਿਸ਼ਾਲ ਸਾਜ਼ਿਸ਼ ਦਾ ਹਿੱਸਾ ਸੀ। ਜੇਕਰ ਉਸ ਦੇ ਨੇੜਲੇ ਭੇਤੀ ਲਾਲਚੀ ਅਤੇ ਕਮੀਨੇ ਨਾ ਨਿਕਲਦੇ ਤਾਂ ਸਦਾਮ ਹੁਸੈਨ ਦੇ ਬੰਕਰ ਦਾ ਭੇਦ ਦੇਕੇ ਸਦਾਮ ਹੁਸੈਨ ਨੂੰ ਬੇਹੋਸ਼ ਕਰਕੇ ਫੜਾਉਣਾ ਅਸੰਭਵ ਸੀ। ਪਰ ਇਸਦੇ ਬਾਵਜੂਦ ਸਦਾਮ ਹੁਸੈਨ ਦਾ ਹੌਸਲਾ ਕਦੇ ਵੀ ਨਹੀਂ ਡਿਗਿਆ। ਉਸ ਦੇ ਫੜੇ ਜਾਣ ਸਮੇਂ ਉਸ ਨੂੰ ਪੁੱਛਿਆ ਗਿਆ ਕਿ ਕੀ ਤੂੰ ਸਦਾਮ ਹੁਸੈਨ ਹੈਂ? ਉਸ ਦਾ ਜਵਾਬ ਸੁਨਹਿਰੀ ਅੱਖਰਾਂ ਵਿੱਚ ਲਿਖੇ ਜਾਣ ਯੋਗ ਹੈ। ਉਸ ਨੇ ਕਿਹਾ, "ਯੈੱਸ, ਆਈ ਐੱਮ ਦੀ ਪ੍ਰੈਜ਼ੀਡੈਂਟ ਸੁਦਾਮ ਹੁਸੈਨ।" ਇਸ ਇੱਕ ਵਾਕ ਵਿੱਚ ਸਦਾਮ ਹੁਸੈਨ ਦੀ ਹਿੰਮਤ, ਦਲੇਰੀ ਅਤੇ ਆਪਣੇ ਦੇਸ਼ ਨਾਲ ਪਿਆਰ ਦਾ ਪ੍ਰਗਟਾਵਾ ਹੈ। ਸਦਾਮ ਹੁਸੈਨ ਦੀ ਮੌਤ ਤੋਂ ਬਾਅਦ ਵੀ ਇਰਾਕ ਵਿੱਚ ਹੋਈ ਖੋਜ ਦੌਰਾਨ ਕੈਮੀਕਲ ਹਥਿਆਰ ਨਾ ਮਿਲਣ ਨਾਲ ਸਦਾਮ ਹੁਸੈਨ ਦਾ ਦਾਅਵਾ ਸੱਚਾ ਸਾਬਤ ਹੋਇਆ, ਜੋ ਉਸਦੇ ਜ਼ਮੀਰ ਦੀ ਸਚਾਈ ਨੂੰ ਦਰਸਾਉਂਦਾ ਹੈ। ਅਮਰੀਕਾ ਨੇ ਬੇਵਜ੍ਹਾ ਹਮਲਾ ਕਰਕੇ ਇੱਕ ਦੇਸ਼ ਨੂੰ ਤਬਾਹ ਕੀਤਾ, ਉਸ ਦੇ ਰਾਸ਼ਟਰਪਤੀ ਦਾ ਕਤਲ ਕੀਤਾ, ਅਤੇ ਲੱਖਾਂ ਇਰਾਕੀਆਂ ਦੀ ਜਾਨ ਲੈ ਲਈ।

ਅਮਰੀਕਾ ਦੀ ਕਠਪੁਤਲੀ ਕੋਰਟ ਅਤੇ ਵਿਕਾਊ ਜੱਜਾਂ ਦਾ ਦਲੇਰੀ ਨਾਲ ਸਾਹਮਣਾ ਕਰਦੇ ਹੋਏ ਸਦਾਮ ਹੁਸੈਨ ਨੂੰ ਜਦੋਂ ਇੱਕ ਪੇਸ਼ੀ ਦੌਰਾਨ ਜੱਜ ਨੇ ਖੜ੍ਹੇ ਹੋਣ ਲਈ ਕਿਹਾ ਤਾਂ ਸਦਾਮ ਹੁਸੈਨ ਨੇ ਖੜ੍ਹਾ ਹੋਣ ਤੋਂ ਇਨਕਾਰ ਕਰ ਦਿੱਤਾ। ਉਸ ਦਾ ਕਹਿਣਾ ਸੀ, "ਮੈਂ ਤੇਰੀ ਜਮਾਤ ਦਾ ਵਿਦਿਆਰਥੀ ਨਹੀਂ ਹਾਂ ਅਤੇ ਨਾ ਹੀ ਤੂੰ ਮੇਰਾ ਪ੍ਰਿੰਸੀਪਲ ਹੈਂ, ਬਲਕਿ ਤੈਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਮੈਂ ਅੱਜ ਵੀ ਤੇਰਾ ਰਾਸ਼ਟਰਪਤੀ ਹਾਂ, ਤੈਨੂੰ ਮੇਰੇ ਆਉਣ 'ਤੇ ਖੜ੍ਹਾ ਹੋਣਾ ਚਾਹੀਦਾ ਹੈ।" ਇਸ ਵਾਕ ਨੇ ਸਿਰਫ ਜੱਜ ਨੂੰ ਹੀ ਨਹੀਂ, ਸਗੋਂ ਸਾਰੀਆਂ ਬਾਹਰੀ ਤਾਕਤਾਂ ਨੂੰ ਵੀ ਹਿਲਾ ਕੇ ਰੱਖ ਦਿੱਤਾ। ਸਦਾਮ ਹੁਸੈਨ ਦਾ ਇਹ ਆਤਮ-ਵਿਸ਼ਵਾਸ, ਉਸ ਦੀ ਦਲੇਰੀ ਅਤੇ ਉਸਦੀ ਅਡਿੱਗ ਜ਼ਮੀਰ ਨੇ ਸਾਰੇ ਦੁਨੀਆ ਵਿੱਚ ਉਸ ਦੀ ਨਵੀਂ ਪਛਾਣ ਬਣਾ ਦਿੱਤੀ। ਜਦੋਂ ਵੀ ਸਦਾਮ ਹੁਸੈਨ ਦੀ ਪੇਸ਼ੀ ਹੁੰਦੀ ਸੀ, ਉਹ ਆਪਣੇ ਮਾਣ ਅਤੇ ਸਤਿਕਾਰ ਨੂੰ ਕਦੇ ਵੀ ਨਹੀਂ ਗੁਆਉਂਦਾ ਸੀ। ਉਸ ਨੇ ਹਰ ਵਾਰ ਆਪਣੇ ਰੁਤਬੇ ਅਤੇ ਅਸੂਲਾਂ ਦਾ ਪੂਰਾ ਪਾਲਣ ਕੀਤਾ, ਚਾਹੇ ਹਾਲਾਤ ਕਿਸੇ ਵੀ ਤਰ੍ਹਾਂ ਦੇ ਰਹੇ ਹੋਣ। ਸਦਾਮ ਹੁਸੈਨ ਦੀ ਕੈਦ ਦੇ ਦੌਰਾਨ ਉਸ ਦੇ ਸੁਰੱਖਿਆ ਗਾਰਡਾਂ ਵਿੱਚੋਂ ਇੱਕ ਨੇ ਬਾਅਦ ਵਿੱਚ ਇੱਕ ਕਿਤਾਬ ਲਿਖੀ, ਜਿਸ ਵਿੱਚ ਉਸ ਨੇ ਸਦਾਮ ਹੁਸੈਨ ਦੀ ਵਿਅਕਤੀਗਤ ਜ਼ਿੰਦਗੀ ਦੇ ਕਈ ਰਾਜ਼ ਖੋਲ੍ਹੇ। ਉਸਨੇ ਦੱਸਿਆ ਕਿ ਸਦਾਮ ਹੁਸੈਨ ਬੇਹੱਦ ਅਨੁਸ਼ਾਸਿਤ, ਉੱਚੇ ਸੰਸਕਾਰਾਂ ਵਾਲਾ ਵਿਅਕਤੀ ਸੀ। ਉਸ ਗਾਰਡ ਦੇ ਲਈ ਸਦਾਮ ਹੁਸੈਨ ਇੱਕ ਪਿਤਾ ਵਾਂਗ ਸੀ ਜੋ ਹਰ ਸਮੇਂ ਉਸ ਦੇ ਪਰਿਵਾਰ ਬਾਰੇ ਪੁੱਛਦਾ ਸੀ। ਸਦਾਮ ਹੁਸੈਨ ਕਦੇ ਵੀ ਨਿਰਾਸ਼ ਨਹੀਂ ਹੁੰਦਾ ਸੀ, ਕਈ ਵਾਰ ਉਹ ਸ਼ਾਇਰੀ ਵੀ ਲਿਖਦਾ ਸੀ। ਉਸ ਦੀ ਕੋਠੜੀ ਵਿੱਚ ਇੱਕ ਟੇਬਲ ਤੇ ਕੁਰਸੀ ਦਾ ਇੰਤਜ਼ਾਮ ਸੀ, ਜਿਸ 'ਤੇ ਉਹ ਹਮੇਸ਼ਾ ਰਾਸ਼ਟਰਪਤੀ ਵਾਲੇ ਮਾਣ ਨਾਲ ਬੈਠਦਾ ਸੀ। ਉਸ ਨੂੰ ਟੁੱਟਿਆ ਹੋਇਆ ਆਮਲੇਟ ਪਸੰਦ ਨਹੀਂ ਸੀ, ਕਿਰਦਾਰ ਅਤੇ ਆਚਰਣ ਵਿੱਚ ਉਹ ਬੇਮਿਸਾਲ ਸੀ। ਫਾਂਸੀ ਦੇ ਸਮੇਂ ਸਦਾਮ ਹੁਸੈਨ ਨੇ ਆਪਣੀ ਦਲੇਰੀ ਦੀ ਇੱਕ ਹੋਰ ਮਿਸਾਲ ਕਾਇਮ ਕੀਤੀ। ਉਸ ਨੇ ਲੰਬੇ ਕੋਟ ਦੀ ਮੰਗ ਕੀਤੀ ਤਾਂ ਜੋ ਸਰਦੀ ਕਾਰਨ ਉਸਦਾ ਸਰੀਰ ਕੰਬਦਾ ਨਾ ਦਿਸੇ, ਕਿਉਂਕਿ ਉਸ ਨੂੰ ਡਰ ਸੀ ਕਿ ਕਿਤੇ ਲੋਕ ਇਹ ਨਾ ਸਮਝਣ ਕਿ ਉਹ ਡਰ ਕਾਰਨ ਕੰਬ ਰਿਹਾ ਹੈ। ਇਹ ਦੁਨੀਆ ਦੀ ਇੱਕੋ ਇੱਕ ਫਾਂਸੀ ਸੀ ਜਿਸ ਵਿੱਚ ਫਾਂਸੀ ਦੇਣ ਵਾਲਿਆਂ ਨੇ ਆਪਣੇ ਮੂੰਹ ਢਕੇ ਹੋਏ ਸਨ ਪਰ ਸਦਾਮ ਹੁਸੈਨ, ਜੋ ਕਿ ਇੱਕ ਸੂਰਮਾ ਸੀ, ਨੰਗੇ ਮੂੰਹ ਨਾਲ ਫਾਂਸੀ 'ਤੇ ਚੜ੍ਹਿਆ।

ਸਦਾਮ ਹੁਸੈਨ ਦੀ ਕਹਾਣੀ ਸਾਨੂੰ ਇਹ ਸਿਖਾਉਂਦੀ ਹੈ ਕਿ ਯੋਧੇ, ਸੂਰਮੇ ਕਿਸੇ ਵੀ ਦੇਸ਼, ਧਰਮ ਜਾਂ ਕੌਮ ਦੇ ਹੋਣ, ਉਹ ਸਤਿਕਾਰਯੋਗ ਹੁੰਦੇ ਹਨ, ਉਹ ਆਪਣੀ ਅਡਿੱਗ ਜ਼ਮੀਰ, ਦਲੇਰੀ ਅਤੇ ਅਵਾਜ਼ ਨੂੰ ਕਦੇ ਵੀ ਝੁਕਣ ਨਹੀਂ ਦਿੰਦੇ। ਸਦਾਮ ਹੁਸੈਨ ਦੀ ਕਹਾਣੀ ਇੱਕ ਅਜਿਹੇ ਵਿਅਕਤੀ ਦੀ ਕਹਾਣੀ ਹੈ, ਜਿਸ ਨੇ ਆਪਣੇ ਦੇਸ਼ ਲਈ ਸਾਰਾ ਕੁਝ ਕੁਰਬਾਨ ਕਰ ਦਿੱਤਾ ਅਤੇ ਅੰਤ ਤਕ ਆਪਣੇ ਮੂਲ ਸਿਧਾਂਤਾਂ 'ਤੇ ਕਾਇਮ ਰਿਹਾ। ਇਹ ਕਹਾਣੀ ਸਾਡੇ ਲਈ ਇੱਕ ਪ੍ਰੇਰਣਾ ਦਾ ਸਰੋਤ ਹੈ ਕਿ ਕਿਸ ਤਰ੍ਹਾਂ ਹਾਲਾਤ ਦਾ ਸਾਹਮਣਾ ਕਰਨਾ ਚਾਹੀਦਾ ਹੈ ਅਤੇ ਸੱਚ ਦੀ ਲੜਾਈ ਲੜਦੇ ਰਹਿਣਾ ਚਾਹੀਦਾ ਹੈ।

ਲੇਖਕ : ਬਲਜੀਤ ਬਾਸੀ
ਸੰਪਰਕ : 734 - 259 - 9353

# ਡੰਕੀ ਮਾਰਗ ਚਲਦਿਆਂ



ਪਿਛਲੇ ਦਿਨੀਂ ਕਾਂਗਰਸ ਨੇਤਾ ਰਾਹੁਲ ਗਾਂਧੀ ਅਮਰੀਕਾ ਆਏ ਤਾਂ ਉਹ ਟੈਕਸਸ ਦੇ ਸ਼ਹਿਰ ਡੈਲਸ ਵਿੱਚ ਹਰਿਆਣਾ ਦੇ 20-25 ਨੌਜਵਾਨਾਂ ਨੂੰ ਮਿਲੇ ਜੋ ਸਾਰੇ ਇੱਕੋ ਕਮਰੇ ਵਿੱਚ ਤੁੜੇ ਹੋਏ ਰਹਿ ਰਹੇ ਸਨ। ਉਹ ਡੰਕੀ ਮਾਰਗ ਝਾਗ ਕੇ ਖੱਜਲ ਖੁਆਰ ਹੁੰਦੇ ਅਮਰੀਕਨ ਸੁਪਨਾ ਸਾਕਾਰਨ ਇੱਧਰ ਪਹੁੰਚੇ ਸਨ। ਰਾਹੁਲ ਦੀ ਉਨ੍ਹਾਂ ਨਾਲ ਮੀਟਿੰਗ ਵਿੱਚ ਸੁਣਾਈ ਉਨ੍ਹਾਂ ਦੀ ਵਿਥਿਆ ਬੜੀ ਰੁਆ ਦੇਣ ਵਾਲੀ ਸੀ, ਜਿਸਦਾ ਵੀਡੀਓ ਬਣਾਇਆ ਗਿਆ ਤੇ 'ਡੰਕੀ ਹੂਆ ਹਰਿਆਣਾ' ਨਾਂ ਥੱਲੇ ਜਨਤਕ ਕੀਤਾ ਗਿਆ। ਇਨ੍ਹਾਂ ਨੌਜਵਾਨਾਂ ਨੇ ਰੋਣਾ ਰੋਇਆ ਕਿ ਕਿਵੇਂ ਦੇਸ਼ ਵਿੱਚ ਉਨ੍ਹਾਂ ਲਈ ਰੁਜ਼ਗਾਰ ਦੀਆਂ ਸਾਰੀਆਂ ਸੰਭਾਵਨਾਵਾਂ ਬੰਦ ਹੋ ਗਈਆਂ ਹਨ, ਖੇਤੀ ਲਈ ਜ਼ਮੀਨ ਨਹੀਂ ਬਚੀ, ਵਪਾਰ ਘਾਟੇ ਦਾ ਧੰਦਾ ਬਣ ਗਿਆ ਹੈ, ਹੁਨਰ ਦੀ ਨਾ ਕੋਈ ਵੁੱਕਤ ਰਹੀ, ਨਾ ਮੰਗ। ਗੱਲ ਕੀ ਦੇਸ਼ ਛੱਡਣ ਤੋਂ ਬਿਨਾਂ ਨੌਜਵਾਨਾਂ ਕੋਲ ਕੋਈ ਚਾਰਾ ਨਹੀਂ ਰਿਹਾ। ਵੀਡੀਓ ਵਿੱਚ ਦੱਸਿਆ ਗਿਆ ਕਿ 2014 ਵਿੱਚ ਜਦੋਂ ਮਨਮੋਹਨ ਸਿੰਘ ਨੇ ਸਰਕਾਰ ਛੱਡੀ ਅਤੇ ਮੋਦੀ ਨੇ ਸੰਭਾਲੀ, ਉਸ ਸਾਲ 1527 ਭਾਰਤ ਵਾਸੀਆਂ ਨੇ ਇਕੱਲੇ ਅਮਰੀਕਾ ਦੇਸ਼ ਵਿੱਚ ਹੀ ਗੈਰਕਾਨੂੰਨੀ ਪਰਵਾਸ ਕੀਤਾ ਜਦੋਂ ਕਿ 2023 ਵਿੱਚ ਮੋਦੀ ਦੇ 10 ਸਾਲ ਦੇ ਰਾਜ ਪਿੱਛੋਂ 96917 ਭਾਰਤੀ ਇਸ ਤਰ੍ਹਾਂ ਅਮਰੀਕਾ ਅੱਪੜੇ। ਹਿਸਾਬ ਲਾਇਆਂ ਇਹ ਗਿਣਤੀ 2014 ਨਾਲੋਂ ਤਕਰੀਬਨ 60 ਗੁਣਾ ਵਧੇਰੇ ਬਣਦੀ ਹੈ। ਇਹ ਇਤਲਾਹ ਇਕੱਲੇ ਅਮਰੀਕੀ ਪਰਵਾਸ ਦੀ ਹੀ ਹੈ, ਹੋਰ ਦੇਸ਼ਾਂ ਬਾਰੇ ਵੀ ਘੱਟ ਅਚੰਭਾਜਨਕ ਨਹੀਂ। ਰਾਹੁਲ ਦੀ ਇਹ ਵੀਡੀਓ ਲੱਖਾਂ ਲੋਕਾਂ ਨੇ ਦੇਖੀ। ਨਿਸਚੇ ਹੀ ਵੀਡੀਓ ਦਿਖਾਉਣ ਦਾ ਮਕਸਦ ਹਰਿਆਣੇ ਵਿੱਚ ਹੋ ਰਹੀਆਂ ਚੋਣਾਂ ਦਾ ਕਾਂਗਰਸ ਲਈ ਲਾਭ ਖੱਟਣਾ ਵੀ ਸੀ। ਰਾਜਕੁਮਾਰ ਹਿਰਾਨੀ ਨੇ ਇਸ ਵਿਸ਼ੇ 'ਤੇ ਡੰਕੀ ਨਾਂ ਦੀ ਫਿਲਮ ਵੀ ਬਣਾਈ ਸੀ ਜਿਸ ਵਿੱਚ ਸ਼ਾਹ ਰੁਖ ਖਾਂ ਤੇ ਤਾਪਸੀ ਪੰਨੂ ਨੇ ਕੰਮ ਕੀਤਾ ਪਰ ਇਹ ਬਹੁਤਾ ਨਹੀਂ ਚੱਲੀ।

ਕਾਨੂੰਨੀ, ਗੈਰਕਾਨੂੰਨੀ ਹਰ ਹੀਲੇ ਨਾਲ ਤੇ ਹਰ ਜਫਰ ਜਾਲ ਕੇ ਇਸ ਤਰ੍ਹਾਂ ਭਾਰਤੀ, ਖਾਸ ਤੌਰ 'ਤੇ ਹਰਿਆਣਵੀ, ਗੁਜਰਾਤੀ ਤੇ ਪੰਜਾਬੀ (ਭਾਰਤੀ ਤੇ ਪਾਕਿਸਤਾਨੀ ਦੋਵੇਂ) ਨੌਜਵਾਨ ਧੜਾਧੜ ਬਾਹਰਲੇ ਦੇਸ਼ਾਂ ਵਿੱਚ ਜਾ ਰਹੇ ਹਨ। ਇਸ ਬਾਰੇ ਹੌਲਨਾਕ ਖਬਰਾਂ ਸਭ ਨੇ ਖੂਬ ਪੜ੍ਹੀਆਂ, ਸੁਣੀਆਂ ਤੇ ਹੋਰ ਵੀਡੀਓਆਂ ਰਾਹੀਂ ਵੀ ਦੇਖੀਆਂ ਹਨ। ਭਾਵੇਂ ਪੰਜਾਬੀ ਇੱਕ ਸਦੀ ਤੋਂ ਵੀ ਉੱਪਰ ਤੋਂ ਪਰਵਾਸ ਕਰ ਰਹੇ ਹਨ ਪਰ ਪਹਿਲਿਆਂ ਵਿੱਚ ਇਸ ਤਰ੍ਹਾਂ ਦੇ ਪੁੱਠੇ ਸਿੱਧੇ ਢੰਗ ਨਹੀਂ ਸੀ ਅਪਨਾਏ ਜਾਂਦੇ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸਦੀ ਭਰ ਤੋਂ ਲਗਾਤਾਰ ਪਰਵਾਸ ਕਰਨ ਕਾਰਨ ਇਸ ਖਿੱਤੇ ਦੇ ਲੋਕਾਂ ਨੂੰ ਜਾਨ ਜੋਖਮ ਵਿੱਚ ਪਾ ਕੇ ਵੀ ਪਰਵਾਸ ਭ੍ਰਮਣ ਦਾ ਭੁਸ ਹੀ ਪੈ ਗਿਆ ਹੈ ਜਾਂ ਕਹਿ ਲਵੋ ਇੱਕ ਧੰਦਾ ਬਣ ਗਿਆ ਹੈ। ਫਿਰ ਭਾਵੇਂ ਉਨ੍ਹਾਂ ਦੀ ਰੋਟੀ ਰੋਜ਼ੀ ਔਖੀ ਸੌਖੀ ਤੁਰਦੀ ਵੀ ਹੋਵੇ, ਉਨ੍ਹਾਂ ਦੇ ਡੀ ਐੱਨ ਏ ਵਿੱਚ ਰਚੀ ਇਹ ਰੁਚੀ ਉਨ੍ਹਾਂ ਨੂੰ ਇਹ ਅਲੂਣੀ ਸਿਲ ਜ਼ਰੂਰ ਚਟਾਵੇਗੀ। ਪਰ ਅੱਜ ਭਿਆਨਕ ਰੂਪ ਧਾਰਨ ਕਰ ਚੁੱਕੀਆਂ ਆਰਥਿਕ ਤੰਗੀਆਂ ਆਮ ਬੰਦੇ ਦੀ ਸਹਿਣ ਸ਼ਕਤੀ ਤੋਂ ਬਾਹਰ ਹੋ ਰਹੀਆਂ ਹਨ। ਕੁਝ ਦਹਾਕਿਆਂ ਤੋਂ ਬਾਹਰ ਨਿਕਲਣ ਲਈ ਜੋ ਮਾਰਗ ਫੜੇ ਜਾ ਰਹੇ ਹਨ ਜਾਂ ਕਹਿ ਲਵੋ ਘੋਰ ਲਾਲਚੀ ਅਤੇ ਅਨੈਤਿਕ ਏਜੈਂਟ ਉਨ੍ਹਾਂ ਨੂੰ ਜਿਸ ਕੁਪੱਥ 'ਤੇ ਤੋਰ ਰਹੇ ਹਨ, ਉਹ ਬੇਹੱਦ ਜਾਨ ਹੀਲਵਾਂ ਹੋਣ ਦੇ ਨਾਲ ਨਾਲ ਅਨਿਸ਼ਚਤ ਵੀ ਹੈ। ਇਸ ਡਾਂਡੇ ਮੀਂਡੇ ਰਾਹ ਚਲਦਿਆਂ ਉਹ ਕਈ ਤਰ੍ਹਾਂ ਦੇ ਭੂ-ਖੇਤਰ ਕੱਛਦੇ ਹਨ ਜਿਨ੍ਹਾਂ ਵਿੱਚ ਹਜ਼ਾਰਾਂ ਮੀਲ ਲੰਬੇ ਜੰਗਲ, ਤੂਫਾਨੀ ਸਮੁੰਦਰ, ਔਖੀਆਂ ਘਾਟੀਆਂ, ਬਰਫਾਨੀ ਪਹਾੜ, ਤਪਦੇ ਰੇਗਿਸਤਾਨ, ਧੜੱਲੇਦਾਰ ਬਰਸਾਤਾਂ ਆਦਿ ਸ਼ਾਮਿਲ ਹਨ। ਉਹ ਅਕਸਰ ਕਈ ਸਾਲਾਂ ਵਿੱਚ ਆਪਣੇ ਟਿਕਾਣੇ 'ਤੇ ਪਹੁੰਚਦੇ ਹਨ ਭਾਵੇਂ ਕਈ ਕਹਿਰਵਾਨ ਵਾਤਾਵਰਣ ਦੇ ਝੰਬੇ ਰਾਹ ਵਿੱਚ ਹੀ ਦਮ ਤੋੜ ਦਿੰਦੇ ਹਨ। ਕਈ ਵਾਰ ਰਸਤੇ ਵਿੱਚ ਜਾਂ ਮੰਜ਼ਿਲ 'ਤੇ ਪਹੁੰਚ ਕੇ ਵੀ ਸੀਮਾ ਸੁਰੱਖਿਆ ਅਧਿਕਾਰੀਆਂ ਵੱਲੋਂ ਫੜੇ ਜਾਣ ਉਪਰੰਤ ਡੀਪੋਰਟ ਕਰ ਦਿੱਤੇ ਜਾਂਦੇ ਹਨ ਜਾਂ ਲੰਮੇ ਸਮੇਂ ਲਈ ਜੇਲ੍ਹਾਂ ਵਿੱਚ ਡੱਕ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਉਹ ਪੈਰ ਪੈਰ 'ਤੇ ਅਣਮਨੁੱਖੀ ਵਤੀਰੇ ਦੇ ਸ਼ਿਕਾਰ ਹੁੰਦੇ ਹਨ।

ਕਿਉਂਕਿ ਇਹ ਨੌਜਵਾਨ ਏਜੈਂਟ-ਦਰ-ਏਜੈਂਟ ਭਟਕਦੇ ਪੜਾਅ-ਦਰ-ਪੜਾਅ ਗਧਿਆਂ ਵਾਂਗ ਟੱਪਦੇ, ਟਪੂਸੀਆਂ ਮਾਰਦੇ ਜਾਂਦੇ ਹਨ, ਇਸ ਲਈ ਕੁਝ ਸਾਲਾਂ ਤੋਂ ਇਸ ਟਪੂਸੀਦਾਰ ਸਫਰ ਲਈ ਇੱਕ ਸ਼ਬਦ ਵਰਤਿਆ ਜਾ ਰਿਹਾ ਹੈ 'ਡੰਕੀ' ਤੇ ਇਸ ਤਰ੍ਹਾਂ ਦੇ ਵਰਤਾਰੇ ਲਈ ਡੰਕੀ ਲਾਉਣਾ, ਡੰਕੀ ਮਾਰਨਾ ਵਾਕੰਸ਼ ਵਰਤੇ ਜਾਣ ਲੱਗੇ ਹਨ। ਕਈ ਸਾਰੀਆਂ ਲਿਖਤਾਂ ਜਾਂ ਅਖਬਾਰੀ ਰਿਪੋਰਟਾਂ ਵਿੱਚ ਇਸ ਡੰਕੀ ਸ਼ਬਦ ਨੂੰ ਗਧੇ ਦਾ ਅਰਥਾਵਾਂ ਅੰਗਰੇਜ਼ੀ ਸ਼ਬਦ ਡੌਂਕੀ (ਗਧਾ) ਦਾ ਇੱਕ ਭੇਦ ਦੱਸਿਆ ਜਾ ਰਿਹਾ ਹੈ ਤੇ ਇਸ ਤਰ੍ਹਾਂ ਦੇ ਸਫਰ ਨੂੰ ਡੌਂਕੀ ਫਲਾਇਟਸ (ਦੋਨਕਏ ਡਲਿਗਹਟਸ) ਗਰਦਾਨਿਆ ਜਾ ਰਿਹਾ ਹੈ। ਡੰਕੀ ਤੋਂ ਹੀ ਡੰਕੀ ਦਾ ਪ੍ਰਬੰਧ ਕਰਨ ਵਾਲੇ ਏਜੈਂਟ ਲਈ ਡੰਕਰ/ਡੌਂਕਰ (ਦੁਨਕਏਰ/ਦੋਨਕਏਰ) ਸ਼ਬਦ ਵੀ ਬਣਾ ਲਿਆ ਗਿਆ ਹੈ। ਪੰਜਾਬੀ ਸਮੇਤ ਹੋਰ ਭਾਰਤੀ ਭਾਸ਼ਾਵਾਂ ਦੀਆਂ ਅਖਬਾਰਾਂ ਵਿੱਚ ਵੀ ਡੰਕੀ ਨੇ ਟਪੂਸੀ ਮਾਰ ਲਈ ਹੈ ਜਿਸ ਨੂੰ ਅੰਗਰੇਜ਼ੀ ਡੌਂਕੀ ਸ਼ਬਦ ਦਾ ਬੋਲਚਾਲੀ ਭੇਦ ਦੱਸਿਆ ਜਾ ਰਿਹਾ ਹੈ। ਮੀਡੀਆ 'ਤੇ ਹੋਰ ਸੰਸਥਾਵਾਂ ਦੇ ਟਿੱਪਣੀਕਾਰਾਂ ਅਨੁਸਾਰ ਇਹ ਇੱਕ ਪੰਜਾਬੀ ਮੁਹਾਵਰਾ ਹੈ। ਮੈਨੂੰ ਇਹ ਵਿਆਖਿਆ ਕਦੇ ਵੀ ਜਚੀ ਨਹੀਂ। ਭਲਾ ਪੰਜਾਬੀ ਇਸ ਤਰ੍ਹਾਂ ਗਧੇ ਵਾਂਗ ਉੱਛਲ ਕੁੱਦ ਕਰਦੇ ਸਫਰ ਲਈ ਕਿਉਂ ਆਪਣੇ ਦੇਸੀ ਸ਼ਬਦ ਖੋਤਾ, ਗਧਾ, ਖੱਚਰ ਆਦਿ ਛੱਡ ਕੇ ਅੰਗਰੇਜ਼ੀ ਸ਼ਬਦ ਡੌਂਕੀ ਵਰਤਣਗੇ? ਜੇ ਦੇਸੀ ਜਾਂ ਬਦੇਸ਼ੀ ਅੰਗਰੇਜ਼ੀ ਅਖ਼ਬਾਰਾਂ ਨੇ ਇਹ ਸ਼ਬਦ ਵਰਤਿਆ ਹੈ ਤਾਂ ਉਹ ਇਸ ਨੂੰ ਪੰਜਾਬੀ ਪਿਛੋਕੜ ਦਾ ਕਿਉਂ ਦੱਸ ਰਹੇ ਹਨ? ਹਾਂ, ਪੰਜਾਬੀ ਵਿੱਚ 'ਗਧੀ ਗੇੜ ਵਿੱਚ ਪੈਣਾ' ਮੁਹਾਵਰਾ ਜ਼ਰੂਰ ਹੈ ਪਰ ਇਸਦੇ ਅਰਥ ਇਸ ਪ੍ਰਸੰਗ ਵਿੱਚ ਢੁਕਦੇ ਨਹੀਂ। ਆਮ ਤੌਰ 'ਤੇ ਹੁੰਦਾ ਇਹ ਹੈ ਕਿ ਜੋ ਵਿਆਖਿਆ ਇੱਕ ਲਿਖਤ ਨੇ ਕਰ ਦਿੱਤੀ, ਓਹੀ ਹੋਰ ਵੀ ਮੱਖੀ ਤੇ ਮੱਖੀ ਮਾਰਨ ਵਾਂਗ ਪਰੋਸੀ ਜਾਂਦੇ ਹਨ, ਕੋਈ ਸੁਤੰਤਰ ਪੜਤਾਲ ਨਹੀਂ ਕਰਦਾ।

ਮੈਂ ਡੰਕੀ ਸ਼ਬਦ ਦੀ ਤਸੱਲੀਬਖਸ਼ ਵਿਆਖਿਆ ਦੀ ਤਲਾਸ਼ ਵਿੱਚ ਸਾਂ ਕਿ ਕੁਝ ਹੀ ਮਹੀਨੇ ਪਹਿਲਾਂ ਅਭਿਸ਼ੇਕ ਅਵਤੰਸ ਨਾਂ ਦੇ ਸਕਾਲਰ ਦਾ ਇਸ ਸ਼ਬਦ ਬਾਰੇ ਇੱਕ ਬਲੌਗ ਪੜ੍ਹਿਆ। ਅਭਿਸ਼ੇਕ ਅਵਤੰਸ ਨੀਦਰਲੈਂਡ ਦੇ ਸ਼ਹਿਰ ਲਾਇਡਨ ਵਿਖੇ ਸੰਸਾਰ ਪ੍ਰਸਿੱਧ ਲਾਇਡਨ ਯੂਨੀਵਰਸਿਟੀ ਵਿੱਚ ਹਿੰਦੀ ਭਾਸ਼ਾ ਤੇ ਭਾਸ਼ਾ ਵਿਗਿਆਨ ਦੇ ਲੈਕਚਰਰ ਹਨ। ਉਹ ਪਹਿਲਾਂ ਜੇ ਐੱਨ ਯੂ ਦਿੱਲੀ ਵਿੱਚ ਖੋਜਾਰਥੀ ਰਹੇ ਹਨ। ਉਨ੍ਹਾਂ ਦਾ ਖੋਜ ਖੇਤਰ ਬਹੁਤ ਵਿਸ਼ਾਲ ਹੈ, ਪੰਜਾਬੀ ਸਮੇਤ ਹੋਰ ਭਾਰਤੀ ਭਾਸ਼ਾਵਾਂ ਦਾ ਖੂਬ ਗਿਆਨ ਰੱਖਦੇ ਹਨ। ਗਾਹੇ ਬਗਾਹੇ ਉਨ੍ਹਾਂ ਵੱਲੋਂ ਸ਼ਬਦਾਂ ਦੀ ਵਿਉਤਪਤੀ ਸੰਬੰਧੀ ਆਲੇਖ ਐਕਸ (ਪਹਿਲਾਂ ਟਵਿਟਰ) ਜਾਂ ਉਨ੍ਹਾਂ ਦੇ ਬਲੌਗ ਵਿੱਚ ਵੀ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਉਹ ਮੇਰੇ ਪੁਰਾਣੇ ਵਾਕਿਫਕਾਰ ਵੀ ਹਨ। ਬਲੌਗ ਪੜ੍ਹਨ ਪਿੱਛੋਂ ਕੁਝ ਗੱਲਾਂ ਦੇ ਸਪਸ਼ਟੀਕਰਨ ਲਈ ਮੈਂ ਉਨ੍ਹਾਂ ਨਾਲ ਈ-ਪੱਤਰ ਵੀ ਕੀਤਾ। ਉਨ੍ਹਾਂ ਅਨੁਸਾਰ ਇਸ ਸਿਲਸਿਲੇ ਵਿੱਚ ਵਰਤਿਆ ਜਾ ਰਿਹਾ ਸ਼ਬਦ ਡੰਕੀ ਅਸਲ ਵਿੱਚ ਅੰਗਰੇਜ਼ੀ ਡੋਂਗੀ (ਦੋਨਗਿ) ਜਾਂ ਡਿੰਗੀ (ਦਿਨਗਹੇ) ਸ਼ਬਦ ਦੇ ਉਚਾਰਣ ਦਾ ਇੱਕ ਭੇਦ ਹੈ। ਇਹ ਦੋਨੋਂ ਸ਼ਬਦ ਇੱਕੋ ਹੀ ਹਨ ਤੇ ਇਨ੍ਹਾਂ ਦਾ ਅਰਥ ਹੈ ਕਿਸ਼ਤੀ, ਖਾਸ ਤੌਰ 'ਤੇ ਛੋਟੀ। ਇਹ ਸ਼ਬਦ ਉਨ੍ਹਾਂ ਕਿਸ਼ਤੀਆਂ ਲਈ ਵਰਤਿਆ ਜਾਂਦਾ ਹੈ ਜੋ ਮੁਸਾਫਰਾਂ ਨੂੰ ਅਜੀਅਨ ਸਾਗਰ (ਅਦਗੲੳਨ ਸ਼ੲੳ) ਰਾਹੀਂ ਤੁਰਕੀ ਤੋਂ ਗਰੀਸ ਟਾਪੂਆਂ ਵੱਲ ਲਿਜਾਂਦੀਆਂ ਹਨ। ਯੂਰਪੀ ਯੂਨੀਅਨ ਦੇ ਸ਼ੈਨਗਨ ਸਮਝੌਤੇ ਅਨੁਸਾਰ ਇਨ੍ਹਾਂ ਸਾਰੇ ਦੇਸ਼ਾਂ ਲਈ ਥੱਬਾ ਪੈਸੇ ਦੇ ਕੇ ਸਾਂਝਾ ਵੀਜ਼ਾ ਮਿਲ ਜਾਂਦਾ ਹੈ, ਜਿਸ ਨੂੰ ਹਾਸਿਲ ਕਰਕੇ ਤੇ ਅੱਗੋਂ ਡੰਕੀ ਮਾਰਕੇ ਇੰਗਲੈਂਡ ਤੇ ਹੋਰ ਅਮੀਰ ਦੇਸ਼ਾਂ ਵੱਲ ਉਡੰਤਰ ਹੋਇਆ ਜਾਂਦਾ ਹੈ। ਅਜਿਹਾ ਰਸਤਾ ਫੜਨ ਵਾਲੇ ਲਈ ਕਬੂਤਰ ਤੇ ਵਿਧੀ ਨੂੰ ਕਬੂਤਰਬਾਜ਼ੀ ਵੀ ਕਿਹਾ ਜਾਂਦਾ ਰਿਹਾ ਹੈ ਪਰ ਡੰਕੀ ਸ਼ਬਦ ਨਾਲ ਵਿਸਥਾਪਿਤ ਹੋਣ ਕਾਰਨ ਇਸ ਵਰਤਾਰੇ ਨੇ ਇੱਕ ਹੋਰ ਜਾਨਵਰ ਦਾ ਘਿਨਾਉਣਾ ਚਰਿੱਤਰ ਧਾਰਨ ਕਰ ਲਿਆ ਹੈ।

ਇਹ ਡਿੰਗੀਆਂ/ਡੋਂਗੀਆਂ ਕਈ ਵਾਰੀ ਹਾਦਸਾ-ਗ੍ਰਸਤ ਵੀ ਹੋ ਜਾਂਦੀਆਂ ਹਨ, ਜਿਸ ਕਰਕੇ ਕਈਆਂ ਦੀਆਂ ਜਾਨਾਂ ਚਲੇ ਜਾਂਦੀਆਂ ਹਨ। ਮਾਲਟਾ ਹਾਦਸੇ ਬਾਰੇ ਕਿਸ ਨੂੰ ਨਹੀਂ ਪਤਾ ਜਿਸ ਵਿੱਚ 200 ਤੋਂ ਵੱਧ ਡੰਕੀ ਲਾ ਰਹੇ ਮਾਰੇ ਗਏ ਸਨ। ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਡਿੰਗੀ/ਡੋਂਗੀ ਸ਼ਬਦ ਨੂੰ ਕਈ ਥਾਵੀਂ ਡੰਕੀ ਜਾਂ ਡੌਂਕੀ ਵਜੋਂ ਵੀ ਉਚਾਰਿਆ ਜਾਂਦਾ ਹੈ, ਜਿੱਥੋਂ ਇਹ ਭੁਲੇਖਾ ਪੈਂਦਾ ਹੈ ਕਿ ਸ਼ਾਇਦ ਗਧੇ ਦੇ ਅਰਥਾਂ ਵਾਲੇ ਡੌਂਕੀ ਜਾਨਵਰ ਵੱਲ ਇਸ਼ਾਰਾ ਹੈ। ਬਾਕੀ ਗਧੇ ਵਾਂਗ ਟਪੂਸੀਆਂ ਮਾਰਨ ਵਾਲੀ ਗੱਲ ਸੁਭਾਵਿਕ ਹੀ ਜੁੜ ਗਈ। 'ਡੰਕੀ ਲਾਉਣਾ' ਜਾ 'ਡੰਕੀ 'ਤੇ ਜਾਣਾ' ਉਕਤੀਆਂ ਤੋਂ ਵੀ ਇਹ ਵਿਆਖਿਆ ਸਟੀਕ ਜਾਪਦੀ ਹੈ।

ਗੌਰਤਲਬ ਹੈ ਕਿ ਅੰਗਰੇਜ਼ੀ ਸ਼ਬਦ ਡੋਂਗੀ ਜਾਂ ਡਿੰਗੀ ਮੁਢਲੇ ਤੌਰ 'ਤੇ ਭਾਰਤੀ ਹੈ ਪਰ ਕਿਉਂਕਿ ਬਰਤਾਨੀਆ ਨੇ ਪਹਿਲਾਂ ਬੰਗਾਲ ਵਿੱਚ ਆਪਣੇ ਪੈਰ ਜਮਾਏ, ਇਸ ਲਈ ਉਨ੍ਹਾਂ ਇਹ ਸ਼ਬਦ ਬੰਗਾਲੀ ਭਾਸ਼ਾ ਤੋਂ ਹੀ ਚੁੱਕੇ। ਡਿੰਗੀ ਤੇ ਡੋਂਗੀ/ਡੋਂਗਾ ਦੋਨੋਂ ਸ਼ਬਦ ਛੋਟੀ ਕਿਸ਼ਤੀ ਦੇ ਅਰਥਾਂ ਵਿੱਚ ਪੰਜਾਬੀ ਵਿੱਚ ਵੀ ਪ੍ਰਚਲਤ ਹਨ। 'ਮਹਾਨ ਕੋਸ਼' ਨੇ ਇਸ ਸ਼ਬਦ ਦੇ ਅਰਥ 'ਛੋਟੀ ਨੌਕਾ, ਸ਼ਿਕਾਰਾ' ਵਜੋਂ ਕੀਤੇ ਹਨ। ਮਈਆ ਸਿੰਘ ਨੇ ਆਪਣੇ ਪੰਜਾਬੀ-ਅੰਗਰੇਜ਼ੀ ਕੋਸ਼ ਵਿੱਚ ਡੋਂਗੀ, ਡੋਂਘੀ, ਡੋਂਗਾ, ਡੋਂਘਾ, ਡੌਣੀ ਆਦਿ ਸ਼ਬਦ ਲਏ ਹਨ। ਹੋਰ ਪੰਜਾਬੀ ਦੇ ਕੋਸ਼ਾਂ ਵਿੱਚ ਵੀ ਇਹੋ ਜਿਹੇ ਸ਼ਬਦ ਮਿਲਦੇ ਹਨ। ਸਭ ਨੂੰ ਪਤਾ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਡਿੰਗੀ ਮੁਕਾਬਲੇ ਵੀ ਹੁੰਦੇ ਹਨ। ਇੱਕ ਖਬਰ, '19ਵੀਆਂ ਏਸ਼ਿਆਈ ਖੇਡਾਂ ਵਿੱਚ ਭਾਰਤ ਦੀ ਨੇਹਾ ਠਾਕੁਰ ਨੇ ਮਹਿਲਾ ਡਿੰਗੀ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਜਿੱਤਿਆ।' ਅੱਗੇ ਜਾਣਨ ਵਾਲੀ ਗੱਲ ਇਹ ਹੈ ਕਿ ਸਬਜ਼ੀ ਭਾਜੀ ਪਾਉਣ ਵਾਲੇ ਬਰਤਨ ਲਈ ਵਰਤਿਆ ਜਾਂਦਾ ਸ਼ਬਦ ਡੋਂਗਾ/ਡੂੰਗਾ ਵੀ ਇਹੀ ਹੈ ਕਿਉਂਕਿ ਇਸਦੀ ਸ਼ਕਲ ਕਿਸ਼ਤੀ ਜਿਹੀ ਹੁੰਦੀ ਹੈ। ਹੋਰ ਭਾਰਤੀ ਭਾਸ਼ਾਵਾਂ ਵਿੱਚ ਇਸ ਸ਼ਬਦ ਦੇ ਰੂਪ ਅਤੇ ਅਰਥ ਇਸ ਪ੍ਰਕਾਰ ਹਨ: ਪ੍ਰਾਕ੍ਰਿਤ ਡੋਂਗੀ = ਪਾਨ ਰੱਖਣ ਵਾਲਾ ਡੱਬਾ, ਆਸਾਮੀ ਡੋਂਗਾ = ਬੇੜੀ, ਬੰਗਾਲੀ : ਡੋਨ, ਉੜੀਆ ਡੁੰਗਿ, ਮਰਾਠੀ ਡੋਂਗਾ = ਇੱਕ ਤਰ੍ਹਾਂ ਦੀ ਬੇੜੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਕਿਸ਼ਤੀ ਅਤੇ ਭਾਂਡੇ ਦੀ ਸ਼ਕਲ ਵਿੱਚ ਸਮਰੂਪਤਾ ਹੋਣ ਕਾਰਨ ਕਈ ਭਾਸ਼ਾਵਾਂ ਵਿੱਚ ਦੋਨਾਂ ਲਈ ਇੱਕੋ ਸ਼ਬਦ ਹਨ ਜਿਵੇਂ ਫਾਰਸੀ ਕਿਸ਼ਤੀ ਦਾ ਇੱਕ ਅਰਥ ਬੇੜੀ ਤੇ ਦੂਜਾ ਪਿਆਲਾ ਹੈ। ਇਸੇ ਤਰ੍ਹਾਂ ਅੰਗਰੇਜ਼ੀ ਵੈਸਲ (vessal) ਜਹਾਜ਼, ਬੇੜੀ ਅਤੇ ਭਾਂਡਾ ਦੋਵਾਂ ਦਾ ਅਰਥਾਵਾਂ ਹੈ।

ਬਰਤਾਨਵੀ ਰਾਜ ਸਮੇਂ ਨਵਸੈਨਾ ਨੇ ਆਪਣੇ ਉਪਯੋਗ ਲਈ ਡਿੰਗੀਆਂ ਬਣਾਈਆਂ ਤਾਂ ਅੰਗਰੇਜ਼ੀ ਸ਼ਬਦਾਵਲੀ ਵਿੱਚ ਇਹ ਸ਼ਬਦ ਮੱਲੋਮੱਲੀ ਆ ਘੁਸਿਆ। ਪਹਿਲੀਆਂ ਵਿੱਚ ਡਿੰਗੀ ਦਰਖਤ ਦੇ ਤਣੇ ਨੂੰ ਖੁਰਚ ਕੇ ਬਣਾਈ ਜਾਂਦੀ ਸੀ। ਬੰਗਾਲ ਵਿੱਚ ਅੱਜ ਵੀ ਅਜਿਹੀਆਂ ਡਿੰਗੀਆਂ ਬਣਦੀਆਂ ਹਨ। ਕਸ਼ਮੀਰ ਵਿੱਚ ਤਾਂ ਇਨ੍ਹਾਂ ਦਾ ਆਕਾਰ ਵਧ ਕੇ ਹਉਸ ਬੋਟ ਜਿੱਡਾ ਹੋ ਗਿਆ। ਦਰਅਸਲ ਕਸ਼ਮੀਰ ਵਿੱਚ ਹਉਸ ਬੋਟ ਨੂੰ ਪਹਿਲਾਂ ਡਿੰਗੀ ਹੀ ਕਿਹਾ ਜਾਂਦਾ ਸੀ। ਵਿਚਾਰ ਹੈ ਕਿ ਇਹ ਸ਼ਬਦ ਮੂਲ ਰੂਪ ਵਿੱਚ ਗੈਰ-ਆਰਿਆਈ, ਸੰਭਵ ਤੌਰ 'ਤੇ ਮੁੰਡਾ ਭਾਸ਼ਾ ਦਾ ਹੈ। ਇਸ ਨੂੰ ਸੰਸਕ੍ਰਿਤ 'ਦ੍ਰੋਣ' ਤੋਂ ਵੀ ਬਣਿਆ ਦੱਸਿਆ ਜਾਂਦਾ ਹੈ ਜਿਸਦਾ ਅਰਥ ਵੀ ਕਾਠ ਦੀ ਕਿਸ਼ਤੀ ਹੈ ਤੇ ਜਿਸ ਤੋਂ ਪੰਜਾਬੀ ਡੂਨਾ ਵਿਉਤਪਤ ਹੋਇਆ। ਇਸ ਝਮੇਲੇ ਵਿੱਚ ਫਿਰ ਕਦੀ ਪਿਆ ਜਾਵੇਗਾ।

Passport Photos
Family Partrait
Graduation
Fashion | Glamour
Photo Restoration
Photography
for all occasions
ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
Any type Unsecured Debt WE CAN REDUCE YOU DEBT BY 70%
ਸਾਡੇ ਰੇਟ ਕਾਫੀ ਵਾਜ਼ਿਬ ਹਨ।
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
Kulwinder Bains
Certified Credit Counseller
778-998-9402
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
DDS: Diverse Debt Solutions Ltd.
unit # 205-12899-76 Ave. Surrey

# ਅਜੋਕੇ ਸੰਸਾਰ 'ਚ ਵਿਆਹ ਸਬੰਧਾਂ ਦੀ ਹਕੀਕਤ

**ਲਿਖਤ : ਰਵਿੰਦਰ, ਸੰਪਰਕ: 70873-49543**

ਸੰਸਾਰ ਪੱਧਰ 'ਤੇ ਵਿਆਹ ਦੀ ਉਮਰ ਘਟੀ ਹੈ ਅਤੇ ਤਲਾਕ ਵਧ ਰਹੇ ਹਨ। ਬਾਕੀ ਦੁਨੀਆ ਦੇ ਮੁਕਾਬਲੇ ਭਾਰਤ ਵਿੱਚ ਵਿਆਹ ਟੁੱਟਣ ਦੀ ਦਰ ਕਾਫ਼ੀ ਘੱਟ ਹੈ। ਲਗਭਗ 100 ਫ਼ੀਸਦੀ ਵਿੱਚੋਂ ਸਿਰਫ਼ 1.1 ਫ਼ੀਸਦੀ ਤਲਾਕ ਭਾਰਤ ਵਿੱਚ ਹੁੰਦੇ ਹਨ ਪਰ ਪਿਛਲੇ 20 ਸਾਲਾਂ ਵਿੱਚ ਭਾਰਤ ਦੇ ਸ਼ਹਿਰੀ ਖੇਤਰਾਂ ਵਿੱਚ ਤਲਾਕਾਂ ਦੀ ਗਿਣਤੀ ਦੁੱਗਣੀ ਹੋਈ ਹੈ। ਭਾਰਤ ਵਿੱਚ ਸਿਰਫ਼ 1 ਫ਼ੀਸਦੀ ਔਰਤਾਂ ਨੇ ਹੀ 45-49 ਸਾਲ ਦੀ ਉਮਰ ਤੱਕ ਵੀ ਵਿਆਹ ਨਹੀਂ ਕਰਵਾਇਆ ਜਦੋਂਕਿ ਵਿਕਸਿਤ ਦੇਸ਼ਾਂ ਵਿੱਚ ਇਹ ਗਿਣਤੀ ਜ਼ਿਆਦਾ ਹੈ। ਇਹ ਨਵਾਂ ਰੁਝਾਨ ਹੈ ਕਿ ਤਲਾਕ ਦਾ ਕੇਸ ਸ਼ੁਰੂ ਕਰਨ ਵਿੱਚ ਔਰਤਾਂ ਅੱਗੇ ਆ ਰਹੀਆਂ ਹਨ, ਵਿਆਹ ਕਰਵਾਉਣ ਦੀ ਉਮਰ ਵਿੱਚ ਵਾਧਾ ਹੋਇਆ ਹੈ ਅਤੇ ਜਨਮ ਦਰ ਘਟੀ ਹੈ। ਦੋ ਦਹਾਕੇ ਪਹਿਲਾਂ ਵੱਡੇ ਪੱਧਰ 'ਤੇ ਸ਼ਹਿਰੀ ਮੱਧਵਰਗ ਦੇ ਵਿਆਹੁਤਾ ਜੋੜਿਆਂ ਵਿੱਚ ਤਲਾਕ ਲੈਣ ਦਾ ਰੁਝਾਨ ਸ਼ੁਰੂ ਹੋਇਆ ਸੀ। ਇਸ ਵਿੱਚ ਹੁਣ ਭਾਰਤ ਦੇ ਛੋਟੇ ਕਸਬੇ ਵੀ ਸ਼ਾਮਿਲ ਹਨ ਜਿਵੇਂ ਕਿ ਮਥੁਰਾ, ਹਾਪੁਰ, ਭੋਪਾਲ, ਅਲਵਰ, ਝੱਜਰ ਆਦਿ। ਤਲਾਕਾਂ ਵਿੱਚ ਪੰਜ ਸਾਲ ਵਿੱਚ 25-30 ਫ਼ੀਸਦੀ ਵਾਧਾ ਹੋਇਆ ਹੈ। ਇਨ੍ਹਾਂ ਕਸਬਿਆਂ ਵਿੱਚ ਸ਼ਹਿਰੀਕਰਨ ਨਾਲ ਔਰਤਾਂ ਨੂੰ ਪੜ੍ਹਨ ਲਿਖਣ, ਰੁਜ਼ਗਾਰ ਲਈ ਘਰੋਂ ਬਾਹਰ ਨਿਕਲਣ ਦਾ ਮੌਕਾ ਮਿਲਿਆ ਤੇ ਆਪਣੇ ਆਜ਼ਾਦ ਹੋਂਦ ਦਾ ਅਹਿਸਾਸ ਡੂੰਘਾ ਹੋਇਆ। ਜਿੱਥੇ ਤਲਾਕ ਤੋਂ ਬਾਅਦ ਔਰਤਾਂ ਖ਼ੁਸ਼ੀ ਦੀ ਸੰਭਾਵਨਾ ਦੀ ਕਲਪਨਾ ਕਰ ਸਕਦੀਆਂ ਹਨ, ਉੱਥੇ ਔਰਤਾਂ ਨੇ ਬੁਰੇ ਵਿਆਹ ਸਬੰਧ ਤੋਂ ਛੁਟਕਾਰਾ ਪਾਉਣ ਲਈ ਤਲਾਕ ਲੈਣ ਦੀ ਪਹਿਲਕਦਮੀ ਕੀਤੀ ਹੈ। 2018 ਦੀ ਇੱਕ ਰਿਪੋਰਟ ਅਨੁਸਾਰ ਉੱਤਰ ਪ੍ਰਦੇਸ਼ ਵਿੱਚ ਤਲਾਕ ਦੇ 61,000 ਤੋਂ ਵੱਧ ਮਾਮਲੇ ਸਾਹਮਣੇ ਆਏ ਸਨ। ਸਾਡੇ ਸਮਾਜ ਵਿੱਚ ਅਕਸਰ ਵਿਆਹੇ ਜੋੜੇ ਕੌੜੇ ਸਬੰਧਾਂ ਵਿੱਚੋਂ ਲੰਘਦੇ ਹਨ, ਪਰ ਸਾਰੀ ਉਮਰ ਇਸ ਦਾ ਬੋਝ ਢੋਂਹਦੇ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਦੀ 2021 ਦੀ ਭਾਰਤ ਰਿਪੋਰਟ ਅਨੁਸਾਰ ਵਿਆਹੁਤਾ ਸਮੱਸਿਆਵਾਂ ਕਾਰਨ ਲਗਭਗ 2016 ਤੋਂ 2020 ਤੱਕ 37,591 ਲੋਕਾਂ ਨੇ ਖ਼ੁਦਕੁਸ਼ੀ ਕੀਤੀ ਹੈ ਜਿਨ੍ਹਾਂ ਵਿੱਚੋਂ 7 ਫ਼ੀਸਦੀ ਮਾਮਲੇ ਤਲਾਕ ਨਾਲ ਸਬੰਧਿਤ ਸਨ। ਭਾਰਤ ਵਿੱਚ ਘੱਟ ਤਲਾਕ ਦਰ ਖ਼ੁਸ਼ਹਾਲ ਵਿਆਹਾਂ ਦਾ ਸੰਕੇਤ ਬਿਲਕੁਲ ਨਹੀਂ ਸਗੋਂ ਇਸ ਦਾ ਕਾਰਨ ਔਰਤਾਂ ਲਈ ਤਲਾਕ ਤੋਂ ਬਾਅਦ ਕੋਈ ਰਾਹ ਨਾ ਹੋਣਾ ਹੈ। ਆਰਥਿਕ ਤੌਰ 'ਤੇ ਮਰਦਾਂ 'ਤੇ ਨਿਰਭਰਤਾ ਕਾਰਨ ਔਰਤਾਂ ਤਲਾਕ ਸਮੇਂ ਵਕੀਲਾਂ ਦੇ ਖਰਚਿਆਂ ਦਾ ਬੋਝ ਚੁੱਕਣ ਤੋਂ ਅਸਮਰੱਥ ਹੁੰਦੀਆਂ ਹਨ। ਦੂਜਾ, ਬਹੁਤ ਸਾਰੀਆਂ ਔਰਤਾਂ ਤਲਾਕ ਤੋਂ ਬਾਅਦ ਆਪਣੇ ਅਤੇ ਆਪਣੇ ਬੱਚਿਆਂ ਦੀ ਦੇਖਭਾਲ ਕਰਨ ਦੇ ਸਮਰੱਥ ਨਹੀਂ ਹੁੰਦੀਆਂ। ਤੀਜਾ, ਪੱਛੜੀਆਂ ਕਦਰਾਂ-ਕੀਮਤਾਂ ਕਾਰਨ ਔਰਤਾਂ ਨੂੰ ਝੱਲਣਾ ਪੈਂਦਾ ਸਮਾਜਿਕ ਦਬਾਅ ਮਾਨਸਿਕ ਤੌਰ 'ਤੇ ਉਨ੍ਹਾਂ ਲਈ ਦੁਖਦਾਇਕ ਹੁੰਦਾ ਹੈ। ਭਾਰਤ ਇੱਕ ਸਰਮਾਏਦਾਰੀ ਤੇ ਜਾਗੀਰੂ ਦੇਸ਼ ਹੋਣ ਦੇ ਨਾਲ ਨਾਲ ਜਾਗੀਰੂ ਕਦਰਾਂ-ਕੀਮਤਾਂ ਵਿੱਚ ਜਕੜਿਆ ਹੋਇਆ ਹੈ। ਮਰਦ ਪ੍ਰਧਾਨ ਸਮਾਜ ਵਿੱਚ ਵਿਆਹ ਨੂੰ ਬਚਾਉਣ ਲਈ ਅਕਸਰ ਕੁਰਬਾਨੀਆਂ ਕਰਨ ਦੀ ਜ਼ਿੰਮੇਵਾਰੀ ਔਰਤਾਂ ਦੇ ਮੋਢਿਆਂ 'ਤੇ ਆਉਂਦੀ ਹੈ। ਜਾਗੀਰੂ ਪਰਿਵਾਰਕ ਕਦਰਾਂ-ਕੀਮਤਾਂ ਦਾ ਬੋਝ ਅਕਸਰ ਔਰਤਾਂ ਹੀ ਢੋਂਹਦੀਆਂ ਹਨ।

ਔਰਤਾਂ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਆਪਣੀ ਹੋਂਦ ਨੂੰ ਘਰ ਦੇ ਮੈਂਬਰਾਂ ਤੱਕ ਸੀਮਿਤ ਕਰ ਲਵੇ। ਔਰਤ ਦੀ ਖ਼ੁਦ ਦੀ ਪਛਾਣ ਪਹਿਲਾਂ ਪਿਤਾ, ਫਿਰ ਪਤੀ ਤੱਕ ਸਿਮਟ ਜਾਂਦੀ ਹੈ। ਇੱਥੋਂ ਤੱਕ ਕਿ ਆਪਣੇ ਵਿਆਹ ਨੂੰ ਬਚਾਉਣ ਲਈ, ਪਰਿਵਾਰ ਅਤੇ ਬੱਚਿਆਂ ਦੀ ਖ਼ਾਤਰ ਔਰਤ ਨੂੰ ਘਰੇਲੂ ਹਿੰਸਾ ਸਹਿਣ ਲਈ ਵੀ ਦਿਮਾਗੀ ਤੌਰ 'ਤੇ ਢਾਲਿਆ ਜਾਂਦਾ ਹੈ।

ਸਾਡੇ ਸਮਾਜ ਵਿੱਚ ਅਕਸਰ ਵਿਆਹ ਅਤੇ ਪਰਿਵਾਰ ਦੀ ਧਾਰਨਾ ਨੂੰ ਬਹੁਤ ਸਤਿਕਾਰ ਨਾਲ ਦੇਖਿਆ ਜਾਂਦਾ ਹੈ। ਇੱਕ ਧਾਰਨਾ ਬਣੀ ਹੋਈ ਹੈ ਕਿ ਪਰਿਵਾਰ ਹੀ ਇੱਕੋ-ਇੱਕ ਸੁਰੱਖਿਅਤ ਥਾਂ ਹੈ ਜਿੱਥੇ ਰਿਸ਼ਤਿਆਂ ਦਾ ਨਿੱਘ, ਭਾਵਨਾਤਮਕ ਲੋੜਾਂ ਪੂਰੀਆਂ ਹੁੰਦੀਆਂ ਹਨ, ਪਰ ਸਾਡੇ ਅੱਜ ਦੇ ਸਮਾਜ ਵਿੱਚ ਸੱਚਾਈ ਇਨ੍ਹਾਂ ਧਾਰਨਾਵਾਂ ਦੇ ਐਨ ਉਲਟ ਹੈ। ਸਰਮਾਏ 'ਤੇ ਆਧਾਰਿਤ ਪਰਿਵਾਰਾਂ ਵਿੱਚ ਭਾਵਨਾਤਮਕ ਰਿਸ਼ਤਿਆਂ ਉੱਤੇ ਆਰਥਿਕ ਸਬੰਧ ਭਾਰੂ ਹੁੰਦੇ ਹਨ। ਜਿੱਥੇ ਪਰਿਵਾਰ ਦੇ ਮੁਖੀ ਦੇ ਤੌਰ 'ਤੇ ਮਰਦ ਦਾ ਗਲਬਾ ਹੁੰਦਾ ਹੈ, ਉੱਥੇ ਮਰਦ ਦੀ ਪਤਨੀ ਤੇ ਬੱਚੇ ਉਸ ਦੇ ਅਧੀਨ ਹੁੰਦੇ ਹਨ, ਔਰਤ ਦੀ ਹਾਲਤ ਗ਼ੁਲਾਮਾਂ ਵਾਲੀ ਹੁੰਦੀ ਹੈ, ਬਰਾਬਰੀ ਵਾਲੀ ਤਾਂ ਕਦੇ ਨਹੀਂ ਹੁੰਦੀ। ਉਸ ਮਾਮਲੇ ਵਿੱਚ ਵੀ ਨਹੀਂ ਜਿੱਥੇ ਉਹ ਮਰਦ ਦੇ ਬਰਾਬਰ ਆਰਥਿਕ ਤੌਰ 'ਤੇ ਮਜ਼ਬੂਤ ਹੋਵੇ। ਔਰਤਾਂ ਮਾਨਸਿਕ ਅਤੇ ਸਰੀਰਕ ਹਿੰਸਾ ਦਾ ਸ਼ਿਕਾਰ ਬਾਹਰੀ ਸਮਾਜ ਨਾਲੋਂ ਵੀ ਜ਼ਿਆਦਾ ਘਰ ਵਿੱਚ ਹੁੰਦੀਆਂ ਹਨ। ਸੰਸਾਰ ਪੱਧਰ 'ਤੇ ਤਿੰਨ ਅਰਬ ਔਰਤਾਂ ਅਜਿਹੀਆਂ ਥਾਵਾਂ 'ਤੇ ਰਹਿੰਦੀਆਂ ਹਨ ਜਿੱਥੇ ਵਿਆਹੁਤਾ ਬਲਾਤਕਾਰ ਨੂੰ ਅਪਰਾਧ ਨਹੀਂ ਮੰਨਿਆ ਜਾਂਦਾ। ਸੰਯੁਕਤ ਰਾਸ਼ਟਰ ਮੁਤਾਬਿਕ 19 ਦੇਸ਼ਾਂ ਦੀਆਂ ਔਰਤਾਂ ਨੂੰ ਕਾਨੂੰਨੀ ਤੌਰ 'ਤੇ ਆਪਣੇ ਪਤੀ ਦਾ ਕਹਿਣਾ ਮੰਨਣਾ ਜ਼ਰੂਰੀ ਹੈ। ਜ਼ਹਿਰੀਲੇ ਵਿਆਹ ਸਬੰਧਾਂ ਨਾਲੋਂ ਤਲਾਕ ਲੈ ਕੇ ਰਹਿਣਾ ਅਗਾਂਹਵਧੂ ਕਦਮ ਹੈ ਪਰ ਭਾਰਤ ਵਰਗੇ ਦੇਸ਼ ਵਿੱਚ ਤਲਾਕ ਲੈਣਾ ਅਕਾਊ ਤੇ ਬੋਝਲ ਪ੍ਰਕਿਰਿਆ ਹੈ। ਅੱਜ ਵੀ ਨੌਜਵਾਨ ਕੁੜੀਆਂ-ਮੁੰਡੇ ਆਪਣਾ ਮਨਪਸੰਦ ਜੀਵਨ ਸਾਥੀ ਚੁਣਨ ਦੇ ਹੱਕ ਤੋਂ ਵੀ ਵਾਂਝੇ ਹਨ। ਭਾਵੇਂ ਪਿਛਲੇ ਕੁਝ ਸਮੇਂ ਤੋਂ ਖ਼ਾਸ ਕਰਕੇ ਸ਼ਹਿਰਾਂ ਵਿੱਚ ਪਿਆਰ ਵਿਆਹਾਂ ਦਾ ਰੁਝਾਨ ਵਧਿਆ ਹੈ, ਪਰ ਅਜੇ ਵੀ ਅਜਿਹੇ ਵਿਆਹਾਂ ਦੀ ਗਿਣਤੀ ਆਟੇ 'ਚ ਲੂਣ ਬਰਾਬਰ ਹੀ ਹੈ। ਵਿਆਹ ਜ਼ਿਆਦਾਤਰ ਵਡੇਰਿਆਂ ਵੱਲੋਂ ਤੈਅ ਕੀਤੇ ਜਾਂਦੇ ਹਨ। ਇੱਕ ਦੂਸਰੇ ਤੋਂ ਬਿਲਕੁਲ ਅਣਜਾਣ ਦੋ ਵਿਅਕਤੀਆਂ ਨੂੰ ਜ਼ਿੰਦਗੀ ਭਰ ਲਈ ਆਪਸ ਵਿੱਚ ਨਰੜ ਦਿੱਤਾ ਜਾਂਦਾ ਹੈ। ਜੇਕਰ ਤਲਾਕ ਕਾਨੂੰਨਾਂ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਲੜਕੀਆਂ ਦੇ ਪੜ੍ਹ ਲਿਖ ਜਾਣ ਅਤੇ ਆਰਥਿਕ ਤੌਰ 'ਤੇ ਆਤਮ-ਨਿਰਭਰ ਹੋ ਜਾਣ ਦੇ ਸਿੱਟੇ ਵਜੋਂ ਇਹ ਕੁਜੋੜ ਟੁੱਟ ਰਹੇ ਹਨ ਤਾਂ ਇਹ ਮਾੜੀ ਗੱਲ ਨਹੀਂ।



ਹੁਣ ਵਿਕਸਿਤ ਸਰਮਾਏਦਾਰੀ ਪ੍ਰਬੰਧ ਵਾਲੇ ਦੇਸ਼ਾਂ ਦੀ ਤਰਜ਼ 'ਤੇ ਹੀ ਪੱਛੜੇ ਦੇਸ਼ਾਂ ਦੇ ਮਹਾਂਨਗਰਾਂ 'ਚ ਵੀ ਨੌਜਵਾਨ ਜੋੜੇ ਬਿਨਾਂ ਵਿਆਹ ਤੋਂ ਹੀ ਇਕੱਠੇ ਰਹਿਣ ਨੂੰ ਤਰਜੀਹ ਦੇਣ ਲੱਗੇ ਹਨ। ਇਨ੍ਹਾਂ ਮਹਾਂਨਗਰਾਂ ਵਿੱਚ ਅਜਿਹੇ ਨੌਜਵਾਨਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਹ ਬੱਚੇ ਪੈਦਾ ਕਰਨ ਅਤੇ ਉਨ੍ਹਾਂ ਦੀ ਪਰਵਰਿਸ਼ ਨੂੰ ਫਾਲਤੂ ਦਾ ਝੰਜਟ ਸਮਝਦੇ ਹਨ। ਇਨ੍ਹਾਂ ਦੇ ਵਿਆਹ ਤੋਂ ਬੇਮੁਖ ਹੋਣ ਦਾ ਇੱਕ ਕਾਰਨ ਇਹ ਵੀ ਹੈ ਕਿ ਜੇਕਰ ਵਿਆਹ ਤੋਂ ਬਾਅਦ ਨਾ ਨਿਭੀ ਤਾਂ ਤਲਾਕ ਲੈਣ ਲਈ ਅਦਾਲਤਾਂ 'ਚ ਧੱਕੇ ਖਾਣੇ ਪੈਂਦੇ ਹਨ। ਇਸ ਸਾਰੇ ਜੰਜਾਲ ਤੋਂ ਬਚਣ ਦਾ ਇਨ੍ਹਾਂ ਨੇ ਇੱਕ ਤਰੀਕਾ ਕੱਢਿਆ ਹੈ ਕਿ ਬਿਨਾਂ ਵਿਆਹ ਦੇ ਹੀ ਇਕੱਠੇ ਰਿਹਾ ਜਾਵੇ। ਵਿਆਹ ਦੀ ਸੰਸਥਾ ਦੀ ਪਵਿੱਤਰਤਾ ਅਤੇ ਜ਼ਰੂਰਤ ਉੱਪਰ ਹੀ ਸਵਾਲ ਉਠਾਉਣ ਵਾਲਿਆਂ ਦੀ ਗਿਣਤੀ ਵੀ ਵਧ ਰਹੀ ਹੈ।

ਜਿਸ ਪਰਿਵਾਰ ਦੇ ਰੂਪ ਨੂੰ ਅਸੀਂ ਹੁਣ ਦੇਖ ਰਹੇ ਹਾਂ 'ਇੱਕ ਪਤੀ-ਇੱਕ ਪਤਨੀ' ਵਾਲਾ ਇਹ ਸ਼ੁਰੂ ਤੋਂ ਹੀ ਇੰਝ ਨਹੀਂ ਸੀ। ਪਰਿਵਾਰ ਦੇ ਵੀ ਸਮਾਜ ਦੇ ਵਿਕਾਸ ਵਾਂਗੂੰ ਅਲੱਗ-ਅਲੱਗ ਪੜਾਅ ਰਹੇ ਹਨ ਜਿਸ ਦਾ ਸਮਾਜ ਵਿਗਿਆਨੀਆਂ ਵੱਲੋਂ ਅਧਿਐਨ ਕੀਤਾ ਗਿਆ ਹੈ। ਪਰਿਵਾਰ ਦੀ ਮੁੱਢਲੀ ਬਣਤਰ ਬਾਰੇ ਵਿਸਥਾਰ ਵਿੱਚ ਗੱਲ ਕਰਨਾ ਤਾਂ ਸੰਭਵ ਨਹੀਂ ਹੈ ਪਰ ਸਮਾਜ ਦੇ ਆਰਥਿਕ-ਸਮਾਜਿਕ ਤਾਣੇ-ਬਾਣੇ ਦੇ ਅਨੁਸਾਰ ਹੀ ਪਰਿਵਾਰ ਦਾ ਰੂਪ ਵੀ ਹੋਂਦ ਵਿੱਚ ਆਇਆ। ਜਾਗੀਰੂ ਯੁੱਗ ਦੀ ਗੱਲ ਕਰੀਏ ਤਾਂ ਉਹ ਧਰਮ ਕੇਂਦਰਿਤ ਯੁੱਗ ਸੀ ਜਿੱਥੇ ਮਨੁੱਖ ਦੀਆਂ ਸਭ ਸਰਗਰਮੀਆਂ 'ਤੇ ਰਾਜੇ ਰਜਵਾੜਿਆਂ, ਧਰਮ, ਧਰਮ ਗੁਰੂਆਂ (ਜੋ ਕਈ ਮਾਮਲਿਆਂ ਵਿੱਚ ਜਾਗੀਰਦਾਰ ਵੀ ਹੁੰਦੇ ਸਨ) ਦਾ ਮੁਕੰਮਲ ਗਲਬਾ ਸੀ। ਔਰਤ ਨੂੰ ਤਲਵਾਰ ਦੇ ਜ਼ੋਰ 'ਤੇ ਹਾਸਲ ਕੀਤਾ ਜਾਂਦਾ ਸੀ। ਸੰਪੱਤੀਵਾਨ ਲਈ ਵਿਆਹ ਕਰਾਉਣਾ ਸਿਰਫ਼ ਇਸ ਲਈ ਜ਼ਰੂਰੀ ਸੀ ਤਾਂ ਕਿ ਉਨ੍ਹਾਂ ਦੀ ਜਾਇਦਾਦ ਉਨ੍ਹਾਂ ਦੀ ਆਪਣੀ ਸੰਤਾਨ ਨੂੰ ਮਿਲੇ। ਇਨ੍ਹਾਂ ਘਰਾਂ 'ਚ ਜਾਇਦਾਦ ਦੇ ਜਾਇਜ਼ ਵਾਰਿਸ ਪੈਦਾ ਕਰਨ ਤੋਂ ਵੱਧ ਇਸਤਰੀ ਦੀ ਕੋਈ ਹੈਸੀਅਤ ਨਹੀਂ ਸੀ। ਜਾਗੀਰਦਾਰ ਤਾਕਤ ਦੇ ਦਮ 'ਤੇ ਕਿਸੇ ਵੀ ਇਸਤਰੀ ਨੂੰ ਹਾਸਲ ਕਰ ਸਕਦੇ ਸਨ। ਸਰਮਾਏਦਾਰੀ ਅਤੇ ਪੂੰਜੀਵਾਦੀ ਜਮਹੂਰੀਅਤ ਆਉਣ ਨਾਲ ਪ੍ਰੇਮ ਦਾ ਜਨਮ ਹੋਇਆ, ਇਸਤਰੀਆਂ ਆਪਣੇ ਮਨਪਸੰਦ ਜੀਵਨ ਸਾਥੀ ਦੀ ਚੋਣ ਲਈ ਆਜ਼ਾਦ ਹੋਈਆਂ। ਸਮਾਂ ਪਾ ਕੇ ਸਰਮਾਏਦਾਰੀ ਸਮਾਜਾਂ ਵਿੱਚ ਔਰਤ-ਮਰਦ ਸਬੰਧਾਂ ਵਿੱਚ ਕਿਸੇ ਤੀਸਰੇ ਵਿਅਕਤੀ ਦਾ ਦਖ਼ਲ ਘੱਟ ਤੋਂ ਘੱਟ ਹੁੰਦਾ ਗਿਆ। ਵਿਆਹ ਸਬੰਧ ਹੁਣ ਸਿਰਫ਼ ਔਰਤ-ਮਰਦ ਦੇ ਆਪਸੀ ਪ੍ਰੇਮ ਅਤੇ ਪਸੰਦ-ਨਾਪਸੰਦ 'ਤੇ ਆਧਾਰਿਤ ਹੋ ਗਏ। ਵਿਕਸਿਤ ਦੇਸ਼ਾਂ ਵਿੱਚ ਜ਼ੋਰ ਜ਼ਬਰਦਸਤੀ ਜਾਂ ਵਡੇਰਿਆਂ ਦੁਆਰਾ ਤੈਅਸ਼ੁਦਾ ਵਿਆਹ ਦੀ ਕਲਪਨਾ ਕਰ ਸਕਣਾ ਮੁਸ਼ਕਿਲ ਹੈ ਪਰ ਭਾਰਤ ਜਿਹੇ ਵਿਕਾਸਸ਼ੀਲ ਸਰਮਾਏਦਾਰੀ ਦੇਸ਼ਾਂ ਵਿੱਚ ਅਜੇ ਵੀ ਜਾਗੀਰੂ ਕਦਰਾਂ ਕੀਮਤਾਂ ਦਾ ਬੋਲਬਾਲਾ ਹੈ।

ਅੱਜ ਭਾਵੇਂ ਪ੍ਰੇਮ ਵਿਆਹ ਹੋਣ ਜਾਂ ਤੈਅਸ਼ੁਦਾ ਵਿਆਹ, ਉਹ ਟਿਕ ਨਹੀਂ ਰਹੇ। ਅੱਜ ਦੇ ਸਰਮਾਏਦਾਰੀ ਸਮਾਜਾਂ ਵਿੱਚ ਵਿਆਹ ਸਰਮਾਇਆ ਵਧਾਉਣ ਦਾ ਜ਼ਰੀਆ ਹਨ। ਇਹ ਸ਼ੁੱਧ ਰੂਪ ਵਿੱਚ ਸੌਦੇਬਾਜ਼ੀ ਹੈ। ਇਹ ਅਸਲ ਵਿੱਚ ਦੋ ਸਰਮਾਇਆਂ ਦੀ ਜੁੜਤ ਹੈ।

ਅੱਜ ਦੇ ਸਰਮਾਏਦਾਰੀ ਸੰਸਾਰ ਵਿੱਚ ਔਰਤ-ਮਰਦ ਇਸ ਲਈ ਵਿਆਹ ਸਬੰਧਾਂ ਵਿੱਚ ਨਹੀਂ ਬੱਝਦੇ ਕਿ ਉਹ ਇੱਕ ਦੂਸਰੇ ਨੂੰ ਪਿਆਰ ਕਰਦੇ ਹਨ, ਇੱਕ ਦੂਸਰੇ ਪ੍ਰਤੀ ਡੂੰਘੀਆਂ ਭਾਵਨਾਵਾਂ ਰੱਖਦੇ ਹਨ ਸਗੋਂ ਨਿਰੋਲ ਇੰਦਰੀਆਵੀ ਭੋਗ ਅਤੇ ਸਰਮਾਏ 'ਚ ਵਾਧਾ ਵਿਆਹ ਦੇ ਆਧਾਰ ਬਣ ਚੁੱਕੇ ਹਨ। ਫਰਾਂਸੀਸੀ ਨਾਵਲਕਾਰ ਫਲਾਬੇਅਰ ਦਾ ਕਹਿਣਾ ਹੈ ਕਿ ਆਮ ਤੌਰ 'ਤੇ 95 ਫ਼ੀਸਦੀ ਵਿਆਹੇ ਜੋੜੇ ਬੇਵਫ਼ਾ ਹੁੰਦੇ ਹਨ। ਜਿੱਥੇ ਵਿਆਹੇ ਜੋੜੇ ਬੇਵਫ਼ਾਈ ਨਹੀਂ ਵੀ ਕਰਦੇ, ਉੱਥੇ ਵੀ ਜ਼ਿਆਦਾਤਰ ਮਾਮਲਿਆਂ ਵਿੱਚ ਇਸ ਦੀ ਵਜ੍ਹਾ ਇੱਕ-ਦੂਸਰੇ ਪ੍ਰਤੀ ਪਿਆਰ ਦੀਆਂ ਭਾਵਨਾਵਾਂ ਨਹੀਂ ਸਗੋਂ ਹੋਰ ਕਾਰਨ ਹੁੰਦੇ ਹਨ ਜਿਵੇਂ ਸਮਾਜਿਕ ਨਮੋਸ਼ੀ ਦਾ ਡਰ, ਆਰਥਿਕ ਅਸੁਰੱਖਿਆ, ਧਰਮ ਗ੍ਰੰਥਾਂ ਵੱਲੋਂ ਸਿਰਜਿਆ ਕਲਪਿਤ ਭੈਅ ਆਦਿ। ਅਜਿਹੀ ਚਰਚਾ ਅਕਸਰ ਸੁਣਨ ਨੂੰ ਮਿਲਦੀ ਹੈ ਕਿ ਪੜ੍ਹ-ਲਿਖ ਕੇ ਵੱਡੀ ਡਿਗਰੀ ਹਾਸਲ ਕਰਨ ਨਾਲ ਲੜਕੇ ਜਾਂ ਲੜਕੀ ਦੀ ਵਿਆਹ ਮੰਡੀ ਵਿੱਚ ਕੀਮਤ ਵਧ ਜਾਂਦੀ ਹੈ। 'ਮੰਡੀ ਮੁੱਲ' ਜਿਹੇ ਸ਼ਬਦ ਸ਼ਰਮ ਦੀ ਥਾਂ ਮਾਣ ਦਾ ਸਬੱਬ ਬਣ ਗਏ ਹਨ। ਇਸ ਲਈ ਇਸ ਤਰ੍ਹਾਂ ਦੇ ਵਿਆਹ ਅੱਜ ਤੇਜ਼ੀ ਨਾਲ ਟੁੱਟ ਰਹੇ ਹਨ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਹੋਣੀ ਚਾਹੀਦੀ। ਜਿੱਥੇ ਇਹ ਨਹੀਂ ਟੁੱਟਦੇ ਉੱਥੇ ਸਾਰੀ ਉਮਰ ਧੂਹ ਘੜੀਸ ਚੱਲਦੀ ਰਹਿੰਦੀ ਹੈ ਜਾਂ ਅਜਿਹੇ ਰਿਸ਼ਤੇ ਅੰਦਰੋਂ ਟੁੱਟ ਹੀ ਚੁੱਕੇ ਹਨ ਬਸ ਦਿਖਾਵੇ ਵਜੋਂ ਹੀ ਬਚੇ ਹੁੰਦੇ ਹਨ।

ਔਰਤ-ਮਰਦ ਸਬੰਧਾਂ ਸਮੇਤ ਅੱਜ ਸਾਰੇ ਮਨੁੱਖੀ ਸਬੰਧਾਂ ਦੇ ਆਪਸੀ ਪ੍ਰੇਮ, ਸਤਿਕਾਰ, ਭਰੋਸੇ 'ਤੇ ਆਧਾਰਿਤ ਹੋਣ ਦੇ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਨਿੱਜੀ ਸੰਪਤੀ ਆਧਾਰਿਤ, ਮੁਨਾਫ਼ੇ ਦੀ ਹਵਸ ਦੇ ਇਰਦ ਗਿਰਦ ਘੁੰਮਦਾ ਸਰਮਾਏਦਾਰੀ ਢਾਂਚਾ ਹੈ। ਇਸ ਢਾਂਚੇ ਨੇ ਇਨਸਾਨ ਤੋਂ ਇਨਸਾਨੀਅਤ ਖੋਹ ਲਈ ਹੈ। ਮਨੁੱਖੀ ਸਬੰਧਾਂ ਨੂੰ ਸਵੈਮਾਣ ਬਣਾਉਣ ਲਈ ਸਰਮਾਏਦਾਰੀ ਢਾਂਚੇ ਦਾ ਫਸਤਾ ਵੱਢਣਾ ਜ਼ਰੂਰੀ ਹੈ।

# ਪੱਕੀ ਨੌਕਰੀ

**ਲਿਖਤ : ਅਸਿ. ਪ੍ਰੋਫੈਸਰ ਗੁਰਮੀਤ ਸਿੰਘ**
**ਸੰਪਰਕ : 94175-45100**

ਜੀਤੋ ਦਰਵਾਜ਼ੇ ਚ ਬੈਠੀ ਪੋਤੇ ਨੂੰ ਲੋਰੀਆਂ ਸੁਣਾ ਰਹੀ ਸੀ । ਲਾਈਟ ਨਾ ਹੋਣ ਕਰਕੇ ਉਹ ਦਰਵਾਜ਼ੇ ਚ ਆ ਬੈਠੀ । ਕੋਲੋਂ ਲੰਘਦੀ ਬੰਤੋ ਨੇ ਜੀਤੋ ਨੂੰ ਵੇਖ ਟਿੱਚਰ ਕਰਦਿਆਂ ਕਿਹਾ " ਕਰੀਂ ਜਾਂਦੀ ਐ ਭੈਣੇ ਪੱਕੀ ਨੌਕਰੀ "

" ਹਾਂ , ਭੈਣੇ ਜੇ ਨੌਕਰੀ ਕਰਾਂਗੇ ਤਾਂ ਹੀ ਰੋਟੀ ਮਿਲੂ, ਵਿਹਲਿਆਂ ਨੂੰ ਕੌਣ ਦਿੰਦਾ।" ਜੀਤੋ ਨੇ ਜਵਾਬ ਦਿੱਤਾ।

" ਭੈਣੇ ਔਰਤ ਦੀ ਵੀ ਕੀ ਜੂਨ ਹੁੰਦੀ ਐ , ਪਹਿਲਾਂ ਪੇਕੇ ਘਰ , ਫਿਰ ਸਹੁਰੇ ਘਰ , ਫਿਰ ਬੱਚੇ ,ਤੇ ਫਿਰ ਪੋਤੇ ਦੋਹਤੇ ਨੂੰ ਪਾਲਣ ਪੋਸ਼ਣ ਚ ਹੀ ਲੰਘ ਜਾਂਦਾ ਐ। ਨੇ ਮੰਜੇ ਤੇ ਬੈਠਦਿਆਂ ਕਿਹਾ।

" ਗੱਲ ਤਾਂ ਤੇਰੀ ਪੱਕੀ ਐ ਭੈਣੇ , ਪੇਕੇ ਘਰ ਤਾਂ ਕੁਆਰੇ ਹੁੰਦੇ ਬਹੁਤ ਕੰਮ ਕੀਤਾ , ਮਾਪਿਆਂ ਨੇ ਨੌਕਰੀ ਵਾਲਾ ਮੁੰਡਾ ਲੱਭਿਆ , ਸੋਚਿਆ ਹੁਣ ਵਿਹਲੇ ਬੈਠ ਖਾਇਆ ਕਰੇਗੀ ਸਾਡੀ ਧੀ, ਪਰ ਕਰਮਾਂ ਚ ਵਿਹਲ ਕਿੱਥੇ" ਜੀਤੋ ਨੇ ਔਖਾ ਜਿਹਾ ਸਾਹ ਲਿਆ।

" ਤਿੰਨ ਤੇਰੇ ਪੁੱਤ ਨੇ ਸੁੱਖ ਨਾਲ ਅਫਸਰ ਲੱਗੇ ਨੇ , ਨੂੰਹਾਂ ਤੇ -ਧੀ ਜਵਾਈ ਵੀ ਤੇਰੇ ਨੌਕਰੀ ਕਰਦੇ ਨੇ। ਕਿਉਂ ਐਵੇਂ ਦੁੱਖੀ ਜੀ ਹੋਈ ਜਾਂਦੀ ਐਂ।" ਬੰਤੋ ਨੇ ਜੀਤੋ ਦਾ ਮਨ ਹੌਲਾ ਕਰਨ ਲਈ ਹੌਂਸਲਾ ਜਿਹਾ ਦਿੱਤਾ।

" ਭੈਣੇ ਮਾਪਿਆਂ ਨੇ ਤਾਂ ਨੌਕਰੀ ਵਾਲਾ ਮੁੰਡਾ ਹੀ ਲੱਭਿਆ ਸੀ , ਪਰ ਸਰਕਾਰ ਤਿੰਨ ਤਿੰਨ ਮਹੀਨੇ ਤਨਖਾਹਾਂ ਨਹੀਂ ਦਿੰਦੀ , ਘਰ ਦਾ ਖਰਚਾ ਚਲਾਉਣ ਲਈ ਮੱਝਾਂ ਰੱਖੀਆਂ, ਦੁੱਧ ਘਿਓ ਵੇਚ ਵੇਚ ਬੱਚਿਆਂ ਦੀਆਂ ਫੀਸਾਂ ਭਰਨੀਆਂ,



ਪੁੱਛ ਨਾ ਘਰਵਾਲੇ ਦੀ ਪੱਕੀ ਨੌਕਰੀ ਕਾਹਦੀ , ਪੱਕੀ ਨੌਕਰੀ ਤਾਂ ਮੇਰੀ ਸੀ ਜੋ ਸੇਵੇਰੇ ਹੀ ਗੁਰਦੁਆਰੇ ਦੇ ਭਾਈ ਜੀ ਦੇ ਬੋਲ ਸੁਣ ਉਠ ਪੈਣਾ ਤੇ ਰਾਤ ਤੱਕ ਗੋਹੇ ਕੂੜੇ ਚ ਲੱਗੇ ਰਹਿਣਾ। "

" ਭੈਣੇ ਛੱਡ ਪਿਛਲੇ ਦੁੱਖ , ਖੁਸ਼ ਰਿਹਾ ਕਰ ਹੁਣ ਤਾਂ ਤੇਰੇ ਵੀ ਪੁੱਤ ਪੈਸਿਆਂ ਵਾਲੇ ਹੋ ਗਏ ਨੇ"।

" ਬੰਤੋ ਕੀ ਦੱਸਾਂ ਤੈਨੂੰ ? ਹੋ ਤਾਂ ਕੰਮਾਂ ਕਾਰਾਂ, ਕੋਠੀਆਂ ਵਾਲੇ ਗਏ ਨੇ ਪਰ ਆਪਣੇ ਸਮਿਆਂ ਵਾਲਾ ਪਿਆਰ ਖ਼ਤਮ ਹੋ ਗਿਆ, ਇਕ ਘਰ ਚ ਹੀ ਕਈ ਪਰਿਵਾਰਾਂ ਨੇ ਨਿਭਾ ਕਰ ਲੈਣਾ। " ਜੀਤੋ ਨੇ ਕਿਹਾ।

" ਛੱਡ ਭੈਣੇ ਹੁਣ ਨੀ ਇੱਕਠੇ ਰਹਿੰਦੇ, ਚਾਹੇ ਇੱਕ ਐ, ਚਾਹੇ ਦੋ ਆ, ਘਰ ਘਰ ਏਹੋ ਰੀਤ ਚੱਲ ਪਈ ਐ" ਬੰਤੋ ਨੇ ਜੀਤੀ ਦਾ ਮਨ ਹੌਲਾ ਕਰਨਾ ਚਾਹਿਆ।

" ਪਹਿਲਾਂ ਤਾਂ ਸਰਦਾਰ ਜੀ ਕਈ ਸਾਲ ਬਿਮਾਰੀ ਨਾਲ ਲੜਦੇ ਰਹੇ, ਫਿਰ ਉਹਨਾਂ ਦੇ ਜਾਣ ਮਗਰੋਂ ਤਿੰਨੋਂ ਪੁੱਤ ਅੱਡ ਅੱਡ ਹੋ ਗਏ, ਧੀਆਂ-ਪੁੱਤਰਾਂ ਵਾਲੇ ਹੋ ਗਏ ਪਰ ਇਹਨਾਂ ਦੇ ਆਪਸੀ ਕਲੇਸ਼ ਤੇ ਪੈਸੇ ਦੇ ਮੋਹ ਨੇ ਮੈਨੂੰ ਹੋਰ ਔਖਾ ਕਰ ਦਿੱਤਾ। ਜੇ ਕਿਸੇ ਇੱਕ ਦੇ ਘਰ ਕੁੱਝ ਟਾਈਮ ਵੱਧ ਰੁੱਕ ਜਾਵਾਂ ਤਾਂ ਜਿਵੇਂ ਅਫਸਰ ਆਪਣੇ ਮੁਲਜ਼ਮਾਂ ਨੂੰ ਲੇਟ ਆਏ ਤੋਂ ਝਿੜਕਦਾ ਇੰਝ ਝਿੜਕਦੇ ਨੇ।" ਜੀਤੋ ਦੀਆਂ ਵਿੱਚ ਹੰਝੂ ਆ ਗਏ।

"ਭੈਣੇ ਜਿੰਨਾ ਦੇ ਧੀ ਪੁੱਤ ਨਹੀਂ ਉਹ ਵੀ ਪੁੱਤ ਬਿਨਾਂ ਦੁੱਖੀ ਨੇ ਤੇ ਜਿੰਨਾ ਦੇ ਹਨ ਉਹ ਉਹਨਾਂ ਦੇ ਕਲੇਸ਼ ਤੋਂ ਦੁਖੀ ਨੇ।

" ਨਾਨਕ ਦੁਖੀਆ ਸਭ ਸੰਸਾਰ" ਇਹ ਪੱਕੀ ਨੌਕਰੀ ਤਾਂ ਹੁਣ ਸਿਵਿਆਂ ਤੱਕ ਹੀ ਕਰਨੀ ਪਵੇਗੀ "। ਜੀਤੋ ਦੀਆਂ ਅੱਖਾਂ ਵਿਚ ਪਾਣੀ ਭਰਿਆ ਵੇਖ ਬੰਤੀ ਨੇ ਕਿਹਾ।

" ਗੱਲ ਤਾਂ ਤੇਰੀ ਠੀਕ ਐ ਭੈਣੇ , ਕਰਨੀ ਹੀ ਪੈਣੀ ਐ , ਚਾਹੇ ਕੱਚੀ ਹੋਵੇ ਚਾਹੇ ਪੱਕੀ ਐ ਇਹ ਤਾਂ ਸਿਵਿਆਂ ਤੱਕ ਹੀ ਕਰਨੀ ਪੈਣੀ ਹੈ।" ਜੀਤੋ ਇਨ੍ਹਾਂ ਕਹਿੰਦੀ ਹੋਈ ਅੱਖਾਂ ਚੋ ਹੰਝੂ ਪੂੰਝਦੀ ਹੋਈ ਸੋਚਾਂ ਚ ਗਵਾਚ ਗਈ।

ਐਨੇ ਨੂੰ ਉਸ ਦੀ ਨੂੰਹ ਘਰ ਆ ਜਾਂਦੀ ਹੈ ਤੇ ਜੀਤੋ ਪੋਤੇ ਨੂੰ ਫੜਾ ਦੂਜੇ ਮੁੰਡੇ ਦੇ ਘਰ ਵੱਲ ਤੁਰ ਪੈਂਦੀ ਹੈ।ਅੱਜ ਇਹੋ ਹਾਲ ਕੱਲੇ ਜੀਤੋ ਤੇ ਬੰਤੋ ਦੇ ਨਹੀਂ,ਪੂਰੀ ਦੁਨੀਆਂ ਜੀਤੋ ਤੇ ਬੰਤੋ ਵਾਲੇ ਦੁੱਖ ਸਹਿ ਰਹੀ ਹੈ।ਇਸ ਮੋਹ ਮਾਇਆ ਨੇ ਦੁਨੀਆ ਦੀ ਸਾਂਝ ਨੂੰ ਖ਼ਤਮ ਕਰ ਦਿੱਤਾ ਹੈ।

# ਕੋਈ ਕਿਸੇ ਦੀ ਕਿਸਮਤ ਨਹੀਂ ਖੋਹ ਸਕਦਾ

ਲਿਖਤ : ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਸੰਪਰਕ : 9501100062



ਰੱਬ ਦੇ ਰੰਗ ਨਿਆਰੇ ਹਨ। ਇਹ ਕੋਈ ਨਹੀਂ ਦੱਸ ਸਕਦਾ ਕਿ ਕਿਸੇ ਦੀ ਕਿਸਮਤ ਵਿੱਚ ਉਸ ਨੇ ਕੀ ਲਿਖ ਕੇ ਭੇਜਿਆ ਹੈ। ਬੇਹੱਦ ਗਰੀਬੀ ਅਤੇ ਬੁਰੇ ਹਾਲਾਤ ਵਿੱਚ ਪੈਦਾ ਹੋਣ ਵਾਲੇ ਕਈ ਵਿਅਕਤੀ ਸਿਰਫ ਕਿਸਮਤ ਕਾਰਨ ਹੀ ਅਰਬਪਤੀ ਬਣਦੇ ਵੇਖੇ ਗਏ ਹਨ। ਇਹ ਇੱਕ ਅਜਿਹੇ ਹੀ ਵਿਅਕਤੀ ਦੀ ਕਿਸੇ ਹਿੰਦੀ ਫਿਲਮ ਵਰਗੀ ਸੱਚੀ ਕਹਾਣੀ ਹੈ। ਕਈ ਸਾਲ ਪਹਿਲਾਂ ਦੀ ਗੱਲ ਹੈ ਕਿ ਮੈਂ ਇੱਕ ਥਾਣੇ ਵਿੱਚ ਐਸ.ਐਚ.ਉ. ਲੱਗਾ ਹੋਇਆ ਸੀ। ਇੱਕ ਦਿਨ ਸਵੇਰੇ ਸਵੇਰ ਨਜ਼ਦੀਕੀ ਪਿੰਡ ਦਾ ਚੌਂਕੀਦਾਰ ਖਬਰ ਲੈ ਕੇ ਆਇਆ ਕਿ ਪਿੰਡ ਦੇ ਨਜ਼ਦੀਕ ਹੀ ਕਮਾਦ ਦੇ ਖੇਤ ਵਿੱਚ ਇੱਕ ਨਵਜੰਮਿਆਂ ਲੜਕਾ ਪਿਆ ਹੈ ਜੋ ਜ਼ਿੰਦਾ ਹੈ। ਮੈਂ ਡੀ.ਐਸ.ਪੀ. ਨੂੰ ਸੂਚਨਾ ਦੇ ਕੇ ਉਸ ਖੇਤ ਵਿੱਚ ਪਹੁੰਚ ਗਿਆ। ਵੇਖ ਕੇ ਲੱਗਦਾ ਸੀ ਕਿ ਬੱਚੇ ਦਾ ਜਨਮ ਸਿਰਫ 4-5 ਘੰਟੇ ਪਹਿਲਾਂ ਹੀ ਹੋਇਆ ਸੀ। ਉਸ ਦੇ ਸਰੀਰ ਨੂੰ ਸੈਂਕੜੇ ਕੀੜੀਆਂ ਚੰਬੜੀਆਂ ਹੋਈਆਂ ਸਨ ਜਿਸ ਕਾਰਨ ਉਹ ਉੱਚੀ ਉੱਚੀ ਕੁਰਲਾ ਰਿਹਾ ਸੀ। ਮੈਂ ਪਿੰਡ ਦੀ ਦਾਈ ਬੁਲਾ ਕੇ ਬੱਚੇ ਨੂੰ ਸਾਫ ਕਰਵਾਇਆ ਤੇ ਚੰਗੀ ਤਰਾਂ ਕੱਪੜੇ ਵਿੱਚ ਲਪੇਟ ਕੇ ਮੁਕਾਮੀ ਹਸਪਤਾਲ ਦਾਖਲ ਕਰਵਾ ਦਿੱਤਾ। ਹਸਪਤਾਲ ਵਾਲਿਆਂ ਨੇ ਫੌਰਨ ਬੱਚੇ ਦੀ ਦੇਖ ਭਾਲ ਸ਼ੁਰੂ ਕਰ ਦਿੱਤੀ। ਬੱਚਾ ਪੂਰੀ ਤਰਾਂ ਨਾਲ ਸਿਹਤਮੰਦ ਸੀ ਤੇ ਜਲਦੀ ਹੀ ਦੁੱਧ ਪੀਣ ਤੇ ਲੱਤਾਂ ਬਾਹਾਂ ਮਾਰਨ ਲੱਗ ਪਿਆ। ਤਫਤੀਸ਼ ਕਰਨ ਤੋਂ ਬਾਅਦ ਪਤਾ ਲੱਗਾ ਕਿ ਇਹ ਬੱਚਾ ਪਿੰਡ ਦੀ ਹੀ ਇੱਕ ਗਰੀਬ ਘਰ ਦੀ ਅਣਵਿਆਹੀ 17-18 ਸਾਲ ਦੀ ਲੜਕੀ ਦਾ ਸੀ ਜਿਸ ਨੇ ਰਾਤ ਨੂੰ ਆਪਣੀ ਮਾਂ ਦੀ ਮਦਦ ਉਸ ਨੂੰ ਜਨਮ ਦਿੱਤਾ ਸੀ। ਉਸ ਦੇ ਪਿੰਡ ਦੇ ਇੱਕ ਵਿਆਹੇ ਹੋਏ ਵਿਅਕਤੀ ਸ਼ਾਮੂ (ਕਾਲਪਨਿਕ ਨਾਮ) ਨਾਲ ਸਬੰਧ ਸਨ। ਸ਼ਾਮੂ ਦੇ ਖਿਲਾਫ ਲੜਕੀ ਦੇ ਪਰਿਵਾਰ ਨੇ ਬਲਾਤਕਾਰ ਦਾ ਪਰਚਾ ਦਰਜ ਕਰਵਾ ਦਿੱਤਾ ਜਿਸ ਕਾਰਨ ਉਸ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ।


ਅਗਲੇ ਦਿਨ ਇਸ ਕੇਸ ਬਾਰੇ ਅਖਬਾਰਾਂ ਵਿੱਚ ਖਬਰ ਛਪ ਗਈ ਜਿਸ ਨੂੰ ਪੜ੍ਹ ਕੇ ਅਨੇਕਾਂ ਬੇਔਲਾਦ ਜੋੜੇ ਉਸ ਨੂੰ ਗੋਦ ਲੈਣ ਲਈ ਸਾਡੇ ਤੱਕ ਪਹੁੰਚ ਕਰਨ ਲੱਗ ਪਏ। ਮੈਂ ਤੇ ਡੀ.ਐਸ.ਪੀ. ਨੇ ਸਲਾਹ ਕੀਤੀ ਕਿ ਜੇ ਇਸ ਬੱਚੇ ਨੂੰ ਕਿਤੇ ਨੇੜੇ ਤੇੜੇ ਗੋਦ ਦੇ ਦਿੱਤਾ ਤਾਂ ਵੱਡਾ ਹੋਣ 'ਤੇ ਇਸ ਲਈ ਮੁਸੀਬਤ ਪੈਦਾ ਹੋ ਜਾਵੇਗੀ। ਲੋਕ ਹਰਾਮੀ ਹਰਾਮੀ ਕਹਿ ਕੇ ਇਸ ਦਾ ਜੀਣਾ ਦੂਭਰ ਕਰ ਦੇਣਗੇ ਤੇ ਇਸ ਦੀ ਮਾਂ ਵਾਸਤੇ ਵੀ ਮੁਸੀਬਤ ਪੈਦਾ ਹੋ ਜਾਵੇਗੀ ਕਿਉਂਕਿ ਸਭ ਜਾਣਦੇ ਹਨ ਕਿ ਇਹ ਕਿਸ ਦਾ ਬੱਚਾ ਹੈ। ਉਸ ਦੀ ਸ਼ਾਦੀ ਵਿੱਚ ਵੀ ਅੜਿੱਚਣ ਆ ਸਕਦੀ ਹੈ। ਇਸ ਲਈ ਕੁਝ ਦਿਨਾਂ ਦੀ ਡਾਕਟਰੀ ਸਾਂਭ ਸੰਭਾਲ ਤੋਂ ਬਾਅਦ ਅਸੀਂ ਬੱਚਾ ਇੱਕ ਸਮਾਜ ਸੇਵੀ ਸੰਸਥਾ ਨੂੰ ਇਹ ਆਖ ਕੇ ਸੌਂਪ ਦਿੱਤਾ ਕਿ ਉਹ ਸਾਨੂੰ ਪੁੱਛੇ ਬਗੈਰ ਇਸ ਨੂੰ ਗੋਦ ਨਾ ਦੇਣ। ਇਸ ਘਟਨਾ ਦੇ 20 ਕੁ ਦਿਨਾਂ ਬਾਅਦ ਦਿੱਲੀ ਦੇ ਇੱਕ ਕਰੋੜਪਤੀ ਜੋੜੇ ਨੇ ਡੀ.ਐਸ.ਪੀ. ਦੇ ਕਿਸੇ ਰਿਸ਼ਤੇਦਾਰ ਰਾਹੀਂ ਸਾਡੇ ਕੋਲ ਪਹੁੰਚ ਕੀਤੀ। ਪੁੱਛ ਗਿੱਛ ਕਰਨ ਤੋਂ ਬਾਅਦ ਇਹ ਪਤਾ ਲੱਗਾ ਕਿ ਇਸ ਜੋੜੇ ਦਾ ਵਿਆਹ ਹੋਏ ਨੂੰ 17 - 18 ਸਾਲ ਹੋ ਚੁੱਕੇ ਹਨ ਪਰ ਹਰ ਪ੍ਰਕਾਰ ਦੇ ਡਾਕਟਰੀ ਇਲਾਜ਼ ਦੇ ਬਾਅਦ ਵੀ ਕੋਈ ਬੱਚਾ ਪੈਦਾ ਨਹੀਂ ਹੋ ਸਕਿਆ ਉਸ ਸਮੇਂ ਟੈਸਟ ਟਿਊਬ, ਸਰੋਗੇਸੀ ਅਤੇ ਆਈ.ਵੀ.ਸੀ. ਆਦਿ ਤਰੀਕਿਆਂ ਨਾਲ ਬੱਚਾ ਪੈਦਾ ਕਰਨ ਦੀ ਤਕਨੀਕ ਵਿਕਸਤ ਨਹੀਂ ਸੀ ਹੋਈ।

ਉਸ ਵਿਅਕਤੀ ਦੀਆਂ ਦਿੱਲੀ ਅਤੇ ਹੋਰ ਸ਼ਹਿਰਾਂ ਵਿੱਚ ਰੈਡੀਮੇਡ ਗਾਰਮੈਂਟ ਦੀਆਂ ਅਨੇਕਾਂ ਦੁਕਾਨਾਂ ਸਮੇਤ ਦੋ ਦੁਕਾਨਾਂ ਦਿੱਲੀ ਦੇ ਸਭ ਤੋਂ ਮਹਿੰਗੇ ਇਲਾਕੇ ਕਨਾਟ ਪਲੇਸ ਵਿੱਚ ਸਨ। ਸਾਨੂੰ ਉਹ ਪਰਿਵਾਰ ਇਸ ਬੱਚੇ ਲਈ ਬਿਲਕੁਲ ਠੀਕ ਲੱਗਾ। ਇੱਕ ਤਾਂ ਦਿੱਲੀ ਬੱਚੇ ਦੇ ਜਨਮ ਸਥਾਨ ਤੋਂ ਸੈਂਕੜੇ ਮੀਲ ਦੂਰ ਸੀ ਤੇ ਦੂਸਰਾ ਦਿੱਲੀ ਵਰਗੇ ਵੱਡੇ ਸ਼ਹਿਰਾਂ ਦੇ ਲੋਕ ਪਿੰਡਾਂ ਤੋਂ ਬਹੁਤ ਜਿਆਦਾ ਅਗਾਂਹਵਧੂ ਹੁੰਦੇ ਹਨ। ਉਹ ਇੱਕ ਦੂਸਰੇ ਦੇ ਮਾਮਲੇ ਵਿੱਚ ਜਿਆਦਾ ਨੱਕ ਨਹੀਂ ਘਸੋੜਦੇ। ਜਦੋਂ ਸਾਰੀ ਗੱਲ ਸਿਰੇ ਲੱਗ ਗਈ ਤਾਂ ਅਖੀਰ ਵਿੱਚ ਡੀ.ਐਸ.ਪੀ. ਨੇ ਇੱਕ ਬਹੁਤ ਹੀ ਸਿਆਣੀ ਗੱਲ ਕੀਤੀ। ਉਸ ਨੇ ਜੋੜੇ ਨੂੰ ਪੁੱਛਿਆ ਕਿ ਜੇ ਕਲ੍ਹ ਨੂੰ ਕਿਸੇ ਤਰਾਂ ਤੁਹਾਡੇ ਘਰ ਔਲਾਦ ਪੈਦਾ ਹੋ ਗਈ ਤਾਂ ਇਸ ਗੱਲ ਦੀ ਕੀ ਗਾਰੰਟੀ ਹੈ ਕਿ ਤਾਂ ਤੁਸੀਂ ਇਸ ਬੱਚੇ ਨੂੰ ਘਰੋਂ ਨਹੀਂ ਕੱਢ ਦਿਉਗੇ ਜਾਂ ਆਪਣਾ ਨੌਕਰ ਬਣਾ ਕੇ ਨਹੀਂ ਰੱਖੋਗੇ? ਉਸ ਜੋੜੇ ਨੇ ਜਵਾਬ ਦਿੱਤਾ ਕਿ ਅਸੀਂ ਅੱਜ ਹੀ ਆਪਣੀ ਅੱਧੀ ਜਾਇਦਾਦ ਇਸ ਬੱਚੇ ਦੇ ਨਾਮ ਕਰਨ ਲਈ ਤਿਆਰ ਹਾਂ। ਅਸੀਂ ਇੱਕ ਮਹੀਨੇ ਦੇ ਅੰਦਰ ਹੀ ਅੱਧੀ ਜਾਇਦਾਦ ਉਸ ਬੱਚੇ ਦੇ ਨਾਮ 'ਤੇ ਕਰਨ ਦੀ ਕਾਨੂੰਨੀ ਕਾਰਵਾਈ ਮੁਕੰਮਲ ਕਰ ਕੇ ਬੱਚਾ ਉਹਨਾਂ ਨੂੰ ਗੋਦ ਦੇ ਦਿੱਤਾ ਤੇ ਉਸ ਦੇ ਜਨਮ ਸਰਟੀਫਿਕੇਟ ਵਿੱਚ ਉਸ ਜੋੜੇ ਦਾ ਨਾਮ ਮਾਂ ਬਾਪ ਦੇ ਤੌਰ 'ਤੇ ਲਿਖਾਵਾ ਦਿੱਤਾ।

ਉਸ ਜੋੜੇ ਨੇ ਬੱਚੇ ਨੂੰ ਚੁੰਮ ਕੇ ਕਲੇਜੇ ਨਾਲ ਲਗਾਇਆ ਤੇ ਸਾਡਾ ਤੇ ਸਮਾਜ ਸੇਵੀ ਸੰਸਥਾ ਦਾ ਲੱਖ ਲੱਖ ਧੰਨਵਾਦ ਕੀਤਾ। ਖੁਸ਼ੀ ਨਾਲ ਮਾਂ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੀ ਧਾਰ ਵਹਿ ਰਹੀ ਸੀ। ਅਸੀਂ ਕਈ ਸਾਲਾਂ ਤੱਕ ਡੀ.ਐਸ.ਪੀ. ਦੇ ਰਿਸ਼ਤੇਦਾਰ ਰਾਹੀਂ ਉਸ ਬੱਚੇ ਦੇ ਹਾਲਾਤ 'ਤੇ ਨਿਗਾਹ ਰੱਖੀ। ਉਸ ਜੋੜੇ ਨੇ ਬੱਚੇ ਨੂੰ ਦਿੱਲੀ ਦੇ ਸਭ ਤੋਂ ਮਹਿੰਗੇ ਸਕੂਲ ਅਤੇ ਕਾਲਜ ਵਿੱਚ ਸਿੱਖਿਆ ਦਿਵਾਈ। ਉਹ ਲੜਕਾ ਬਹੁਤ ਹੀ ਨੇਕ ਅਤੇ ਮਿਹਨਤੀ ਨਿਕਲਿਆ ਤੇ ਪੜ੍ਹਾਈ ਤੋਂ ਬਾਅਦ ਪਰਿਵਾਰਕ ਕਾਰੋਬਾਰ ਸੰਭਾਲ ਲਿਆ। ਦੋ ਕੁ ਸਾਲ ਪਹਿਲਾਂ ਉਸ ਦਾ ਇੱਕ ਬਹੁਤ ਹੀ ਅਮੀਰ ਖਾਨਦਾਨ ਦੀ ਲੜਕੀ ਨਾਲ ਵਿਆਹ ਵੀ ਹੋ ਗਿਆ ਹੈ। ਉਸ ਦੇ ਪਿਤਾ ਨੇ ਮੈਨੂੰ ਅਤੇ ਡੀ.ਐਸ.ਪੀ. (ਹੁਣ ਰਿਟਾਇਰ ਹੋ ਚੁੱਕਾ ਹੈ) ਨੂੰ ਵੀ ਵਿਆਹ ਦਾ ਕਾਰਡ ਭੇਜਿਆ ਸੀ ਤੇ ਆਉਣ ਲਈ ਕਈ ਫੋਨ ਵੀ ਕੀਤੇ ਸਨ। ਪਰ ਉਹਨਾਂ ਦੇ ਰੰਗ ਵਿੱਚ ਭੰਗ ਪੈਣ ਦੇ ਡਰੋਂ ਅਸੀਂ ਨਹੀਂ ਗਏ ਕਿਉਂਕਿ ਕਈ ਵਾਰ ਐਵੇਂ ਹੀ ਗੱਲ ਮੂੰਹੋਂ ਨਿਕਲ ਜਾਂਦੀ ਹੈ। ਉਸ ਲੜਕੇ ਨੂੰ ਅੱਜ ਤੱਕ ਵੀ ਨਹੀਂ ਪਤਾ ਕਿ ਉਸ ਨੂੰ ਗੋਦ ਲਿਆ ਗਿਆ ਸੀ। ਉਸ ਜੋੜੇ ਦੇ ਬਾਅਦ ਵਿੱਚ ਕੋਈ ਬੱਚਾ ਪੈਦਾ ਨਹੀਂ ਹੋਇਆ ਤੇ ਉਹ ਆਪਣੇ ਫੈਸਲੇ ਤੋਂ ਬੇਹੱਦ ਸੰਤੁਸ਼ਟ ਹਨ।

# ਪਰੰਪਰਾ ਕਿਵੇਂ ਜਨਮ ਲੈਂਦੀ ਹੈ

ਲਿਖਤ : ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਸੰਪਰਕ : 9501100062



ਭਾਰਤ ਦੇ ਆਮ ਲੋਕਾਂ ਵਿੱਚ 'ਤੇ ਖਾਸ ਤੌਰ 'ਤੇ ਸੁਰੱਖਿਆ ਦਸਤਿਆਂ ਵਿੱਚ ਰੱਜ ਕੇ ਲਕੀਰ ਦੀ ਫਕੀਰੀ ਕੀਤੀ ਜਾਂਦੀ ਹੈ। ਜੇ ਇੱਕ ਵਾਰ ਕਿਸੇ ਅਫਸਰ ਨੇ ਕਿਤੇ ਗਾਰਦ ਲਗਾ ਦਿੱਤੀ, ਜਾਂ ਕਿਸੇ ਨੂੰ ਗੰਨਮੈਨ ਦੇ ਦਿੱਤੇ ਤਾਂ ਫਿਰ ਸਾਲਾਂ ਤੱਕ ਉਸੇ ਤਰਾਂ ਨਾਲ ਹੀ ਚੱਲਦਾ ਰਹਿੰਦਾ ਹੈ। ਮਜੀਠੇ ਥਾਣੇ ਵਿੱਚ ਇੱਕ ਛੀਨਾ ਨਾਮ ਦਾ ਛੋਟਾ ਥਾਣੇਦਾਰ ਹੁੰਦਾ ਸੀ ਜਿਸ ਦਾ ਅਸਲ ਰੈਂਕ ਹੌਲਦਾਰ ਸੀ। ਕਈ ਸਾਲ ਪਹਿਲਾਂ ਅੱਤਵਾਦ ਦੌਰਾਨ ਉਸ ਦੇ ਏਰੀਆ ਦੇ ਡੀ.ਐਸ.ਪੀ. ਨੇ ਕਿਸੇ ਕੰਮ ਬਦਲੇ ਖੁਸ਼ ਹੋ ਕੇ ਉਸ ਨੂੰ ਲੋਕਲ ਰੈਂਕ ਥਾਣੇਦਾਰ ਬਣਾਉਣ ਲਈ ਸਿਫਾਰਸ਼ੀ ਚਿੱਠੀ ਲਿਖ ਕੇ ਐਸ.ਐਸ.ਪੀ. ਨੂੰ ਭੇਜ ਦਿੱਤੀ। ਪਤਾ ਨਹੀਂ ਐਸ.ਐਸ.ਪੀ. ਨੇ ਅੱਗੇ ਡੀ.ਜੀ.ਪੀ. ਦਫਤਰ ਨੂੰ ਲਿਖ ਕੇ ਭੇਜਿਆ ਕਿ ਨਹੀਂ, ਮੁੱਕਦੀ ਗੱਲ ਛੀਨੇ ਨੂੰ ਰੈਂਕ ਨਾ ਮਿਲਿਆ। ਪਰ ਛੀਨੇ ਨੇ ਕਮਾਲ ਦੀ ਫੁਰਤੀ ਵਿਖਾਈ ਤੇ ਡੀ.ਐਸ.ਪੀ. ਦੀ ਸਿਫਾਰਸ਼ ਦੇ ਅਧਾਰ 'ਤੇ ਹੀ ਆਪਣੇ ਆਪ ਸਟਾਰ ਲਗਾ ਕੇ ਏ.ਐਸ.ਆਈ ਬਣ ਗਿਆ। ਰਿਟਾਇਰਮੈਂਟ ਤੱਕ ਉਸ ਨੂੰ ਕਿਸੇ ਨੇ ਨਾ ਪੁੱਛਿਆ ਕਿ ਉਹ ਕਿਸ ਆਰਡਰ ਦੇ ਅਨੁਸਾਰ ਥਾਣੇਦਾਰ ਦੀ ਵਰਦੀ ਪਾਈ ਫਿਰਦਾ ਹੈ? ਇਸ ਤਰਾਂ ਦੀਆਂ ਕਈ ਮਿਸਾਲਾਂ ਪੁਲਿਸ ਮਹਿਕਮੇ ਵਿੱਚ ਵੇਖਣ ਨੂੰ ਮਿਲਦੀਆਂ ਹਨ।

ਜਦੋਂ ਮੈਂ ਮਜੀਠੇ ਸਬ ਡਵੀਜ਼ਨ ਦਾ ਡੀ.ਐਸ.ਪੀ. ਲੱਗਾ ਹੋਇਆ ਸੀ ਤਾਂ ਸੰਨ 2003 ਵਿੱਚ ਕੱਥੂਨੰਗਲ ਥਾਣੇ ਦੀ ਚੈਕਿੰਗ ਦੌਰਾਨ ਪਤਾ ਲੱਗਾ ਕਿ ਨਹਿਰ ਵਾਲੇ ਰੇਲਵੇ ਪੁਲ (ਅੰਮ੍ਰਿਤਸਰ - ਡੇਰਾ ਬਾਬਾ ਨਾਨਕ ਰੇਲਵੇ ਟਰੈਕ) 'ਤੇ ਪਿਛਲੇ 13 ਸਾਲਾਂ ਤੋਂ ਥਾਣੇ ਵੱਲੋਂ ਗਾਰਦ ਲੱਗੀ ਹੋਈ ਸੀ ਤੇ ਲਗਾਤਰ ਉਹ ਹੀ ਤਿੰਨ ਸਿਪਾਹੀ ਉਥੇ ਡਿਊਟੀ ਦੇ ਰਹੇ ਸਨ। ਮੈਂ ਐਸ.ਐਚ.ਉ. ਨੂੰ ਪੁੱਛਿਆ ਕਿ ਇਹ ਗਾਰਦ ਕਿਸ ਆਰਡਰ ਨਾਲ ਲਗਾਈ ਗਈ ਹੈ? ਜਵਾਬ ਆਇਆ ਕਿ ਸਰ ਅੱਤਵਾਦ ਸਮੇਂ ਅਫਸਰਾਂ ਦੇ ਜ਼ੁਬਾਨੀ ਹੁਕਮਾਂ ਨਾਲ ਲਗਾਈ ਗਈ ਸੀ। ਪਰ ਕਿਸ ਅਫਸਰ ਨੇ ਹੁਕਮ ਦਿੱਤਾ ਸੀ, ਉਸ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਮੈਂ ਕਿਹਾ ਕਿ ਹੁਣ ਤਾਂ ਅੱਤਵਾਦ ਨਹੀਂ ਹੈ, ਹੁਣ ਕਿਉਂ ਲੱਗੀ ਹੈ? ਜਵਾਬ ਮਿਲਿਆ ਕਿ ਸਰ ਪਹਿਲਾਂ ਤੋਂ ਹੀ ਚੱਲਦੀ ਆ ਰਹੀ ਹੈ। ਮੈਂ ਐਸ.ਐਚ.ਉ. ਨੂੰ ਨਾਲ ਲੈ ਕੇ ਗਾਰਦ ਚੈੱਕ ਕਰਨ ਲਈ ਪਹੁੰਚਿਆ ਤਾਂ ਉਥੇ ਦਾ ਮਾਹੌਲ ਵੇਖਣ ਹੀ ਵਾਲਾ ਸੀ। ਇੱਕ ਸਿਪਾਹੀ ਵੱਡਾ ਸਾਰਾ ਕੱਛਾ ਪਾ ਕੇ ਰੇਲਵੇ ਦੀ ਅੱਧਾ ਏਕੜ ਜ਼ਮੀਨ 'ਤੇ ਕਬਜ਼ਾ ਕਰ ਕੇ ਬਣਾਈ ਗਈ ਬਗੀਚੀ ਵਿੱਚ ਸਬਜ਼ੀ ਗੋਡ ਰਿਹਾ ਸੀ। ਬੁਰੀ ਤਰਾਂ ਜੰਗਾਲੀਆਂ ਹੋਈਆਂ ਰਾਈਫਲਾਂ ਇੱਕ ਢੱਠੇ ਜਿਹੇ ਕਮਰੇ ਵਿੱਚ ਪਈਆਂ ਸਨ। ਪੁੱਛ ਗਿੱਛ ਕਰਨ 'ਤੇ ਪਤਾ ਲੱਗਾ ਕਿ ਰੋਜ਼ਾਨਾ ਸਿਰਫ ਇੱਕ ਸਿਪਾਹੀ ਵਾਰੀ ਨਾਲ ਰਾਈਫਲਾਂ ਦੀ ਰਾਖੀ ਲਈ ਇਥੇ ਰਹਿੰਦਾ ਹੈ ਤੇ ਬਾਕੀ ਘਰੇ ਅਰਾਮ ਫਰਮਾਉਂਦੇ ਹਨ। ਗੋਡੀ ਕਰਨ ਵਾਲਾ ਸਿਪਾਹੀ ਦੋ ਚਾਰ ਦਿਨਾਂ ਬਾਅਦ ਫੇਰੀ ਵਾਲਿਆਂ ਨੂੰ ਸਬਜ਼ੀ ਵੇਚ ਕੇ ਪੰਜ ਸੱਤ ਸੌ ਵੱਟ ਲੈਂਦਾ ਸੀ ਤੇ ਨਾਲ ਦੋ ਟੈਕਸੀਆਂ ਵੀ ਪਾਈਆਂ ਹੋਈਆਂ ਸਨ। ਬਾਕੀ ਦੇ ਦੋ ਸਿਪਾਹੀ ਭਾਈਵਾਲੀ ਵਿੱਚ ਪ੍ਰਾਪਰਟੀ ਦਾ ਧੰਦਾ ਕਰ ਰਹੇ ਸਨ। ਮੈਂ ਉਸ ਸਿਪਾਹੀ ਨੂੰ ਸਣੇ ਹਥਿਆਰਾਂ ਦੇ ਗੱਡੀ ਵਿੱਚ ਲੱਦ ਕੇ ਥਾਣੇ ਜਮ੍ਹਾਂ ਕਰਵਾਇਆ ਤੇ ਸਾਰੀ ਗਾਰਦ ਨੂੰ ਥਾਣੇ ਡਿਊਟੀ ਕਰਨ ਦਾ ਹੁਕਮ ਦੇ ਦਿੱਤਾ। ਸ਼ਾਮ ਤੱਕ ਮੈਨੂੰ ਲੀਡਰਾਂ ਅਤੇ ਅਫਸਰਾਂ ਦੇ ਕੋਈ 200 ਫੋਨ ਆਏ ਕਿ ਉਹਨਾਂ ਨੂੰ ਦੁਬਾਰਾ ਉਥੇ ਹੀ ਵਾਪਸ ਭੇਜਿਆ ਜਾਵੇ, ਪਰ ਮੈਂ ਇਹ ਕਹਿ ਕੇ ਟਾਲ ਦਿੱਤਾ ਕਿ ਗਾਰਦ ਦੇ ਆਰਡਰ ਚੰਡੀਗੜ੍ਹ ਤੋਂ ਕੈਂਸਲ ਹੋ ਗਏ ਹਨ।

ਇੱਕ ਛਾਉਣੀ ਵਿੱਚ ਇੱਕ ਨਵੇਂ ਕਮਾਂਡੈਂਟ ਦੀ ਪੋਸਟਿੰਗ ਹੋਈ। ਇੰਸਪੈਕਸ਼ਨ ਦੌਰਾਨ ਉਸ ਨੇ ਵੇਖਿਆ ਕਿ ਬੱਚਿਆਂ ਦੇ ਪਾਰਕ ਵਿੱਚ ਇੱਕ ਜਵਾਨ ਇੱਕ ਬੈਂਚ ਦੀ ਪਹਿਰੇਦਾਰੀ ਕਰ ਰਿਹਾ ਹੈ। ਉਸ ਦੇ ਕਾਰਨ ਪੁੱਛਣ 'ਤੇ ਸਿਪਾਹੀ ਨੇ ਜਵਾਬ ਦਿੱਤਾ, "ਜ਼ਨਾਬ ਮੈਨੂੰ ਤਾਂ ਇਸ ਬਾਰੇ ਪਤਾ ਨਹੀਂ ਹੈ। ਪਿਛਲੇ ਕਮਾਂਡੈਂਟ ਸਾਹਿਬ ਨੇ ਇਸ ਦੀ ਪਹਿਰੇਦਾਰੀ ਕਰਨ ਦਾ ਹੁਕਮ ਦਿੱਤਾ ਸੀ। ਅਸੀਂ ਚਾਰ ਸਿਪਾਹੀ ਵਾਰੀ ਵਾਰੀ 24 ਘੰਟੇ ਇਸ ਬੈਂਚ ਦੀ ਪਹਿਰੇਦਾਰੀ ਕਰਦੇ ਹਾਂ।"

ਕਮਾਂਡੈਂਟ ਕੁਝ ਦਿਨ ਤਾਂ ਚੁੱਪ ਰਿਹਾ ਕਿ ਸ਼ਾਇਦ ਇਸ ਛਾਉਣੀ ਦੀ ਇਹ ਕੋਈ ਪਰੰਪਰਾ ਹੋਵੇਗੀ। ਪਰ ਫਿਰ ਉਸ ਨੇ ਤਹਿ ਤੱਕ ਜਾਣ ਦਾ ਫੈਸਲਾ ਕੀਤਾ ਤੇ ਪਿਛਲੇ ਕਮਾਂਡੈਂਟ ਨੂੰ ਫੋਨ ਕੀਤਾ ਕਿ ਉਸ ਵਿਸ਼ੇਸ਼ ਬੈਂਚ ਦੀ ਪਹਿਰੇਦਾਰੀ ਕਿਉਂ ਕੀਤੀ ਜਾ ਰਹੀ ਹੈ? ਪਿਛਲੇ ਕਮਾਂਡੈਂਟ ਨੇ ਦੱਸਿਆ ਕਿ ਉਸ ਨੂੰ ਵੀ ਨਹੀਂ ਪਤਾ। ਉਸ ਤੋਂ ਪਿਛਲਾ ਕਮਾਂਡੈਂਟ ਉਸ ਬੈਂਚ ਦੀ ਪਹਿਰੇਦਾਰੀ ਕਰਵਾਉਂਦਾ ਸੀ, ਸੋ ਮੈਂ ਵੀ ਪਰੰਪਰਾ ਨੂੰ ਕਾਇਮ ਰੱਖਿਆ। ਨਵੇਂ ਕਮਾਂਡੈਂਟ ਨੇ ਆਪਣੇ ਯਤਨ ਜਾਰੀ ਰੱਖੇ ਤੇ ਅੱਗੇ ਤੋਂ ਅੱਗੇ ਪੁੱਛੀ ਗਿਆ, ਪਰ ਸਾਰਿਆਂ ਨੇ ਪਿਛਲੀ ਪਰੰਪਰਾ ਕਾਇਮ ਰੱਖਣ ਬਾਰੇ ਦੱਸ ਕੇ ਪੱਲਾ ਝਾੜ ਲਿਆ।

ਉਸ ਦੇ ਯਤਨਾਂ ਨੂੰ ਉਦੋਂ ਬੂਰ ਪਿਆ ਜਦੋਂ ਅਖੀਰ ਵਿੱਚ ਉਸ ਦੀ ਗੱਲ ਇੱਕ 99 ਸਾਲਾਂ ਦੇ ਰਿਟਾਇਰਡ ਜਨਰਲ ਨਾਲ ਹੋਈ। ਨਵੇਂ ਕਮਾਂਡੈਂਟ ਨੇ ਉਸ ਨੂੰ ਫੋਨ ਕੀਤਾ, "ਸਰ ਮੈਂ ਤੁਹਾਨੂੰ ਡਿਸਟਰਬ ਕਰਨ ਲਈ ਮਾਫੀ ਚਾਹੁੰਦਾ ਹਾਂ। ਮੈਂ ਫਲਾਣੀ ਛਾਉਣੀ ਦਾ ਕਮਾਂਡੈਂਟ ਹਾਂ ਜਿੱਥੇ ਤੁਸੀਂ 60 ਸਾਲ ਪਹਿਲਾਂ ਕਮਾਂਡੈਂਟ ਹੁੰਦੇ ਸੀ। ਮੈਂ ਇਥੇ ਇੱਕ ਗਾਰਦ ਨੂੰ ਇੱਕ ਬੈਂਚ ਦੀ ਰਖਵਾਲੀ ਕਰਦੇ ਹੋਏ ਵੇਖਿਆ ਹੈ। ਕੀ ਤੁਸੀਂ ਮੈਨੂੰ ਇਸ ਬੈਂਚ ਬਾਰੇ ਕੁਝ ਜਾਣਕਾਰੀ ਦੇ ਸਕਦੇ ਹੋ? ਕੀ ਇਹ ਬੈਂਚ ਕੋਈ ਕੀਮਤੀ ਇਤਿਹਾਸਿਕ ਧਰੋਹਰ ਹੈ?" ਜਰਨੈਲ ਸਾਹਿਬ ਨੂੰ ਇਹ ਗੱਲ ਸੁਣ ਕੇ ਸਖਤ ਹੈਰਾਨੀ ਹੋਈ, "ਕੀ ਕਿਹਾ? ਉਸ ਬੈਂਚ ਦਾ ਪੇਂਟ ਅਜੇ ਤੱਕ ਨਹੀਂ ਸੁੱਕਾ?" ਕਮਾਂਡੈਂਟ ਨੇ ਫਿਰ ਪੁੱਛਿਆ, "ਸਰ ਪੇਂਟ, ਕਿਹੜਾ ਪੇਂਟ? ਮੈਨੂੰ ਤੁਹਾਡੀ ਸਮਝ ਨਹੀਂ ਆਈ। ਬੈਂਚ ਤਾਂ ਗਲਿਆ ਸੜਿਆ ਪਿਆ ਹੈ।" ਜਰਨੈਲ ਸਾਹਿਬ ਹੱਸ ਕੇ ਬੋਲੇ, "ਕਾਕਾ ਜਦੋਂ ਮੈਂ ਇਥੇ ਕਮਾਂਡੈਂਟ ਸੀ ਤਾਂ ਉਸ ਵੇਲੇ ਬੈਂਚ ਨੂੰ ਪੇਂਟ ਕੀਤਾ ਗਿਆ ਸੀ। ਪਾਰਕ ਵਿੱਚ ਖੇਡਣ ਵਾਲੇ ਬੱਚੇ ਕਿਤੇ ਆਪਣੇ ਕੱਪੜੇ ਖਰਾਬ ਨਾ ਕਰ ਲੈਣ, ਇਸ ਲਈ ਉਥੇ ਦੋ ਸਿਪਾਹੀਆਂ ਦੀ ਡਿਊਟੀ ਲਗਾਈ ਗਈ ਸੀ। ਮੈਨੂੰ ਤਾਂ ਉਸ ਰਾਤ ਹੀ ਜੰਗ ਕਾਰਨ ਬਾਰਡਰ 'ਤੇ ਜਾਣਾ ਪੈ ਗਿਆ ਸੀ ਤੇ ਉਥੋਂ ਹੀ ਮੇਰੀ ਬਦਲੀ ਹੋ ਗਈ ਸੀ।" ਸੁਣ ਕੇ ਨਵੇਂ ਕਮਾਂਡੈਂਟ ਨੂੰ ਚੱਕਰ ਆਉਣ ਲੱਗ ਪਏ।



# ਇਮਾਨਦਾਰੀ

ਬਾਲ ਕਹਾਣੀ

ਲਿਖਤ : ਰਾਜ ਕੌਰ ਕਮਲਾਪੁਰ



ਉਹ ਅਧਿਆਪਕਾ ਮਿਡਲ ਸਕੂਲ ਵਿਚ ਪੜ੍ਹਾਉਂਦੀ ਸੀ। ਉਹ ਪਹਿਲਾਂ ਆਪ ਚੰਗੀ ਤਰ੍ਹਾਂ ਆਪਣੇ ਵਿਸ਼ੇ ਦੀ ਤਿਆਰੀ ਕਰਦੀ, ਫਿਰ ਕਲਾਸ ਵਿਚ ਪੜ੍ਹਾਉਂਦੀ, ਫਿਰ ਵੀਡੀਓ ਬਣਾ ਕੇ ਵਿਦਿਆਰਥੀਆਂ ਦੇ ਜਮਾਤ ਵਾਲੇ ਗਰੁੱਪ ਵਿਚ ਭੇਜਦੀ। ਫਿਰ ਉਸ ਨੂੰ ਯੂ-ਟਿਊਬ 'ਤੇ ਜਾਂ ਫੇਸ ਬੁੱਕ 'ਤੇ ਅਪਲੋਡ ਕਰ ਦਿੰਦੀ ਤਾਂ ਕਿ ਵਿਦਿਆਰਥੀ ਜਦੋਂ ਚਾਹੁਣ ਆਪਣੇ ਵਿਸ਼ੇ ਦੀ ਤਿਆਰੀ ਕਰ ਸਕਣ। ਭਾਵੇਂ ਕਿ ਇਹ ਕੰਮ ਉਨ੍ਹਾਂ ਕੋਰੋਨਾ ਸਮੇਂ ਸ਼ੁਰੂ ਕੀਤਾ ਸੀ ਤਾਂ ਕਿ ਇਸ ਨਾਲ ਉਸ ਦੀ ਜਮਾਤ ਅਤੇ ਸਕੂਲ ਦੇ ਸਾਰੇ ਵਿਦਿਆਰਥੀਆਂ ਦੇ ਨਾਲ-ਨਾਲ ਹੋਰ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਫ਼ਾਇਦਾ ਪਹੁੰਚੇ। ਇਕ ਵਿਦਿਆਰਥੀ ਜਿਸ ਦਾ ਨਾਂਅ 'ਕਰਨਵੀਰ' ਸੀ, ਉਹ ਅੱਠਵੀਂ ਜਮਾਤ ਵਿਚ ਸੀ, ਪੂਰੀ ਵੀਡੀਓ ਦੇਖਦਾ। ਆਪਣਾ ਕੰਮ ਪੂਰਾ ਕਰਦਾ । ਪ੍ਰਸ਼ਨ ਯਾਦ ਕਰਦਾ। ਸਕੂਲ ਖੁੱਲ੍ਹਣ ਤੋਂ ਬਾਅਦ ਵੀ ਮੈਡਮ ਨੇ ਇਹ ਕੰਮ ਜਾਰੀ ਰੱਖਿਆ। ਕਰਨਵੀਰ ਸਾਰੇ ਪ੍ਰਸ਼ਨ ਮੈਡਮ ਨੂੰ ਸੁਣਾ ਦਿੰਦਾ ਜਿਸ ਦਿਨ ਵੀਡੀਓ ਨਾ ਦੇਖਦਾ, ਉਸ ਦਿਨ ਮੈਡਮ ਨੂੰ ਆ ਕੇ ਸਾਫ਼-ਸਾਫ਼ ਦੱਸ ਦਿੰਦਾ। ਕਦੀ ਝੂਠ ਨਾ ਬੋਲਦਾ। ਜਦਕਿ ਦੂਜੇ ਬੱਚੇ ਮੈਡਮ ਦੇ ਪੁੱਛਣ 'ਤੇ ਕਈ ਵਾਰੀ ਝੂਠਾ ਹੀ ਕਹਿ ਦਿੰਦੇ, 'ਹਾਂ ਜੀ ਮੈਡਮ, ਵੀਡੀਓ ਦੇਖੀ ਸੀ ਜੀ। ਵੀਡੀਓ ਬਹੁਤ ਵਧੀਆ ਸੀ । ਕਈ ਵਾਰੀ ਤਾਂ ਵੀਡੀਓ ਨੂੰ ਬਿਨਾਂ ਦੇਖੇ ਹੀ 'ਓ. ਕੇ.' ਹੈ ਜੀ 'ਲਿਖ ਦਿੰਦੇ'। ਪਰ ਕਰਨਵੀਰ ਕਦੇ ਇਸ ਤਰ੍ਹਾਂ ਨਹੀਂ ਸੀ ਕਰਦਾ। ਉਹ ਜੇ ਨਾ ਦੇਖਦਾ ਤਾਂ ਓ.ਕੇ. ਵੀ ਨਾ ਲਿਖਦਾ।

ਇਕ ਦਿਨ ਮੈਡਮ ਨੇ ਬੜੀ ਮਿਹਨਤ ਨਾਲ ਤਿਆਰੀ ਕਰਕੇ ਵੀਡੀਓ ਬਣਾ ਕੇ ਗਰੁੱਪ ਵਿਚ ਭੇਜੀ ਤੇ ਨਾਲ ਹੀ ਲਿਖ ਦਿੱਤਾ, 'ਸਾਰੇ ਬੱਚਿਆਂ ਨੇ ਇਸ ਪਾਠ ਦੀ ਚੰਗੀ ਤਰ੍ਹਾਂ ਤਿਆਰੀ ਕਰਨੀ ਹੈ। ਤੁਹਾਡੇ ਪੇਪਰ ਵੀ ਸਿਰ 'ਤੇ ਆ ਗਏ ਹਨ। ਸਾਰੀ ਜਮਾਤ ਨੇ ਲਿਖ ਦਿੱਤਾ, ਓ. ਕੇ. ਜੀ। ਪਰ ਪੜ੍ਹਨ ਦੀ ਕਿਸੇ ਨੇ ਕੋਸ਼ਿਸ਼ ਨਾ ਕੀਤੀ। ਕਈਆਂ ਨੇ ਤਾਂ ਝੂਠਾ ਲਿਖ ਦਿੱਤਾ, 'ਤੁਹਾਡੀ ਵੀਡੀਓ ਬਹੁਤ ਵਧੀਆ ਬਣੀ ਹੋਈ ਹੈ ਜੀ। ਅਸੀ ਤਿਆਰੀ ਕਰ ਲਈ ਹੈ। ਜਦੋਂ ਕਰਨਵੀਰ ਨੇ ਵੀਡੀਓ ਦੇਖੀ ਤਾਂ ਉਸ ਵਿਚੋਂ ਆਵਾਜ਼ ਨਹੀਂ ਸੀ ਆ ਰਹੀ। ਉਸ ਨੇ ਉਸੇ ਵੇਲੇ ਮੈਡਮ ਨੂੰ ਫ਼ੋਨ ਕਰਕੇ ਦੱਸਿਆ, 'ਮੈਡਮ ਜੀ, ਵੀਡੀਓ ਵਿਚੋਂ ਆਵਾਜ਼ ਨਹੀਂ ਆ ਰਹੀ ਹੈ, ਕ੍ਰਿਪਾ ਕਰਕੇ ਚੈੱਕ ਕਰ ਲਵੋ। ' ਉਸੇ ਵੇਲੇ ਮੈਡਮ ਵੀਡੀਓ ਦੀ ਅਵਾਜ਼ ਚੈਕ ਕਰ ਰਹੇ ਸਨ ਤੇ ਨਾਲ ਦੀ ਨਾਲ ਬੱਚਿਆਂ ਸਮੇਤ 40 ਜਣਿਆਂ ਦੁਆਰਾ ਐਵੇਂ ਲਿਖਿਆ 'ਓਕੇ ਜੀ, ਠੀਕ ਏ ਜੀ, ਵੀਡੀਓ ਬਹੁਤ ਵਧੀਆ ਹੈ। ਮੈਡਮ ਚੈੱਕ ਕਰ ਰਹੇ ਸਨ ਕਿਉਂਕਿ ਵੀਡੀਓ ਵਿਚੋਂ ਆਵਾਜ਼ ਤਾਂ ਬਿਲਕੁੱਲ ਨਹੀਂ ਸੀ ਆ ਰਹੀ। ਜਿੱਥੇ ਉਹ ਕਰਨਵੀਰ ਦੀ ਇਮਾਨਦਾਰੀ ਦੀ ਦਾਦ ਦੇ ਰਹੇ ਸਨ ਉੱਥੇ ਅੱਜ ਦੇ ਖਾਨਾਪੂਰਤੀ ਵਾਲੇ ਸਮੇਂ ਦਾ ਬੱਚਿਆਂ 'ਤੇ ਪੈ ਰਹੇ ਡੂੰਘੇ ਤੇ ਮਾੜੇ ਪ੍ਰਭਾਵ ਬਾਰੇ ਸੋਚ ਕੇ ਵੀ ਪ੍ਰੇਸ਼ਾਨ ਵੀ ਹੋ ਰਹੇ ਸਨ।

## ਪਿਆਰਾ ਲਗਦਾ ਨਾਨਕਾ ਪਿੰਡ

ਲਿਖਤ : ਪਰਮਜੀਤ ਸੰਧੂ,
ਮੋਬਾਈਲ : 94644-27651.

ਪਿਆਰਾ ਲਗਦਾ ਨਾਨਕਾ ਪਿੰਡ
ਪੂਰੀ ਹੋਵੇ ਜਿਥੇ ਹਰ ਇਕ ਹਿੰਢ।
ਨਾਨੀ ਮੇਰੀ ਨਾ ਫੁੱਲੀ ਸਮਾਏ,
ਦੋਹਤੀਆਂ ਦੋਹਤੇ ਨਾਨਕੀ ਆਏ।
ਖੀਰ ਪਕੌੜੇ ਆਦਿ ਪਕਵਾਨ,
ਬੜੇ ਚਾਵਾਂ ਨਾ ਸਾਨੂੰ ਖਵਾਏ।
ਕਦੇ ਕੋਟੀਆਂ ਕਦੇ ਸਵੈਟਰ,
ਨਾਲ ਚਾਵਾਂ ਦੇ ਬੁਣਦੀ ਜਾਏ।
ਖੇਡਾਂ ਖੇਡਦਿਆਂ ਸੱਟ ਜਦੋਂ ਲਗਦੀ,
ਜਾਨ ਉਸ ਦੀ ਨਿਕਲੀ ਜਾਏ।
ਲੈ ਗੋਦੀ ਵਿਚ ਰਾਤੀਂ ਸਾਨੂੰ
ਵੰਨ-ਸੁਵੰਨੀਆਂ ਬਾਤਾਂ ਪਾਏ।
ਛੁੱਟੀਆਂ 'ਚ ਜੇ ਨਾ ਨਾਨਕੇ ਜਾਈਏ,
ਨਾਨੀ ਜੀ ਤੋਂ ਫਿਰ ਝਿੜਕਾਂ ਖਾਈਏ।
ਨਾਨੀ ਬਿਨਾਂ ਘਰ ਵੱਢਣ ਖਾਵੇ,
ਉਹਦੇ ਵਾਂਗੂੰ ਨਾ ਕੋਈ ਲਾਡ ਲਡਾਵੇ।
ਨਾਨੀ ਨਾਲ ਬਹਾਰਾਂ ਜਾਪੇ,
ਗੱਲ ਸੱਚੀ ਏ ਸੰਧੂ ਆਖੇ।

## ਆਓ, ਚਿੜੀਆਘਰ ਬਾਰੇ ਕੁਝ ਜਾਣੀਏ!

ਬੱਚਿਓ, ਛੁੱਟੀਆਂ ਵਿਚ ਤੁਸੀਂ ਆਪਣੇ ਮਾਂ-ਬਾਪ ਨਾਲ ਜਾਂ ਅਧਿਆਪਕਾਂ ਨਾਲ ਸਿੱਖਿਅਕ ਟੂਰ 'ਤੇ ਜ਼ਰੂਰ ਕੋਈ ਚਿੜੀਆਘਰ ਦੇਖਣ ਗਏ ਹੋਵੋਗੇ। ਇਹ ਸਿਰਫ ਇਕ ਮਨੋਰੰਜਨ ਦਾ ਸਾਧਨ ਹੀ ਨਹੀਂ, ਬਲਕਿ ਇਸ ਦੇ ਹੋਰ ਵੀ ਕਈ ਫਾਇਦੇ ਹਨ। ਇਨ੍ਹਾਂ ਬਾਰੇ ਤੁਹਾਨੂੰ ਜਾਣਕਾਰੀ ਪ੍ਰਦਾਨ ਕਰਦੇ ਹਾਂ-

ਮਨੁੱਖ ਦਾ ਪੰਛੀਆਂ ਅਤੇ ਜਾਨਵਰਾਂ ਨਾਲ ਲਗਭਗ 25000 ਸਾਲ ਪਹਿਲਾਂ ਦਾ ਰਿਸ਼ਤਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਰਾਕ ਦੇ ਲੋਕਾਂ ਨੇ ਲਗਭਗ 6500 ਪਹਿਲਾਂ ਕਬੂਤਰ ਨੂੰ ਪਾਲਿਆ ਸੀ ਅਤੇ ਪ੍ਰਾਚੀਨ ਮਿਸਰ ਵਿਚ ਲਗਭਗ 4000 ਸਾਲ ਪਹਿਲਾਂ ਲੋਕਾਂ ਨੇ ਹਾਥੀਆਂ, ਵੱਡੀਆਂ ਬਿੱਲੀਆਂ ਅਤੇ ਦੁਧਾਰੂ ਜਾਨਵਰਾਂ ਨੂੰ ਪਾਲਿਆ। ਲਗਭਗ 3000 ਸਾਲ ਪਹਿਲਾਂ ਚੀਨ ਵਿਚ ਪਹਿਲਾ ਚਿੜੀਆਘਰ ਸਥਾਪਤ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਲੋਕਾਂ ਦਾ ਮਨੋਰੰਜਨ ਕਰਨਾ ਸੀ।




**ਚਿੜੀਆਘਰ ਬਣਾਉਣ ਦੇ ਉਦੇਸ਼ :** ਬੱਚਿਓ, ਮਨੋਰੰਜਨ ਦੇ ਨਾਲ-ਨਾਲ ਚਿੜੀਆਘਰ ਬਣਾਉਣ ਨਾਲ ਜਾਨਵਰਾਂ ਦੀ ਸੁਚੱਜੀ ਦੇਖ-ਰੇਖ ਵੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਹੇਠ ਲਿਖੇ ਹੋਰ ਵੀ ਕਈ ਫਾਇਦੇ ਹਨ-

**ਸਿੱਖਿਆ :** ਚਿੜੀਆਘਰ ਵਿਚ ਸਾਨੂੰ ਵੱਖ-ਵੱਖ ਪੰਛੀਆਂ ਅਤੇ ਜਾਨਵਰਾਂ ਨੂੰ ਨੇੜਿਓਂ ਤੱਕਣ ਦਾ ਮੌਕਾ ਮਿਲਦਾ ਹੈ, ਜਿਸ ਨਾਲ ਸਾਨੂੰ ਉਨ੍ਹਾਂ ਦੇ ਵਿਵਹਾਰ ਅਤੇ ਆਦਤਾਂ ਬਾਰੇ ਪਤਾ ਲਗਦਾ ਹੈ।

**ਜਾਨਵਰਾਂ ਦੀ ਸਿਹਤ ਭਲਾਈ :** ਚਿੜੀਆਘਰ ਵਿਚ ਰਹਿ ਰਹੇ ਜਾਨਵਰਾਂ ਦੀ ਸਿਹਤ ਦਾ ਬਹੁਤ ਹੀ ਖਿਆਲ ਰੱਖਿਆ ਜਾਂਦਾ ਹੈ। ਉਨ੍ਹਾਂ ਨੂੰ ਕੁਦਰਤੀ ਮਾਹੌਲ ਮੁਹੱਈਆ ਕੀਤਾ ਜਾਂਦਾ ਹੈ, ਜਿਵੇਂ ਬਾਂਦਰਾਂ ਲਈ ਦਰੱਖਤ ਅਤੇ ਦਰਿਆਈ ਘੋੜੇ ਲਈ ਛੋਟੇ-ਛੋਟੇ ਤਲਾਬ ਬਣਾ ਕੇ ਦਿੱਤੇ ਜਾਂਦੇ ਹਨ। ਜੇਕਰ ਅਜਿਹਾ ਨਾ ਕੀਤਾ ਜਾਵੇ ਤਾਂ ਉਹ ਹਿੰਸਕ ਹੋ ਜਾਂਦੇ ਹਨ।

**ਜਾਨਵਰਾਂ ਦਾ ਰੱਖ-ਰਖਾਓ :** ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਅਤੇ ਵਿਕਾਸ ਦੇ ਨਾਂਅ 'ਤੇ ਦਰੱਖਤਾਂ ਨੂੰ ਕੱਟੀ ਜਾਂਦਾ ਹੈ, ਜਿਸ ਨਾਲ ਜਾਨਵਰਾਂ ਦੀਆਂ ਵਡਮੁੱਲੀਆਂ ਜਾਤੀਆਂ ਅਲੋਪ ਹੋ ਰਹੀਆਂ ਹਨ। ਇਨ੍ਹਾਂ ਨੂੰ ਬਚਾਉਣ ਲਈ ਚਿੜੀਆਘਰ ਵਿਚ ਰੱਖਣਾ ਬਹੁਤ ਜ਼ਰੂਰੀ ਹੈ, ਤਾਂ ਜੋ ਕੁਦਰਤੀ ਸੰਤੁਲਨ ਬਣਿਆ ਰਹੇ।


**ਖੋਜ :** ਚਿੜੀਆਘਰ ਵਿਚ ਪੰਛੀਆਂ ਅਤੇ ਜਾਨਵਰਾਂ 'ਤੇ ਖੋਜ ਕੀਤੀ ਜਾਂਦੀ ਹੈ, ਜਿਸ ਨਾਲ ਨਵੇਂ-ਨਵੇਂ ਟੀਕੇ ਅਤੇ ਇਲਾਜ ਦੇ ਢੰਗ ਹੋਂਦ ਵਿਚ ਆਉਂਦੇ ਹਨ।

ਬੱਚਿਓ, ਜਦੋਂ ਵੀ ਕਦੇ ਤੁਸੀਂ ਚਿੜੀਆਘਰ ਵਿਖੇ ਜਾਵੋ ਤਾਂ ਅਧਿਕਾਰੀਆਂ ਵੱਲੋਂ ਬੋਰਡ ਉੱਪਰ ਲਿਖੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ 'ਤੇ ਅਮਲ ਕਰੋ, ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਜਾਵੇ।


## ਰਸਤਾ ਲੱਭੋ




## ਹੇਠਾਂ ਦਿੱਤੀ ਤਸਵੀਰ 'ਚੋਂ ਦਿੱਤੇ ਗਏ ਸ਼ਬਦ ਲੱਭੋ




*ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?*





# ਕਿਉਂ ਹੈ ਨੌਜਵਾਨਾਂ ਵਿਚ ਵਿਦੇਸ਼ ਜਾਣ ਦੀ ਖਿੱਚ

-ਡਾ. ਸ਼ਿਆਮ ਸੁੰਦਰ ਦੀਪਤੀ

ਪਰਵਾਸ ਦੀ ਭਾਵਨਾ, ਪਿੰਡ, ਪ੍ਰਦੇਸ਼ ਨੂੰ ਛੱਡ ਕੇ ਦੇਸ਼ ਦੇ ਦੂਰ ਦਰਾਜ ਕੋਨੇ ਵਿਚ ਜਾਣਾ ਜਾਂ ਕਿਸੇ ਦੂਸਰੇ ਮੁਲਕ ਵੱਲ ਕੂਚ ਕਰਨਾ, ਕੋਈ ਨਵੀਂ ਪ੍ਰਵਿਰਤੀ ਨਹੀਂ ਹੈ। ਇਸ ਦਾ ਇਤਿਹਾਸ ਅਤੇ ਇਹ ਚਾਲ ਚਲਨ ਕਈ ਸਦੀਆਂ ਪੁਰਾਣਾ ਹੈ। ਪਰਵਾਸ ਪੰਛੀ ਵੀ ਕਰਦੇ ਹਨ ਤੇ ਹੋਰ ਜਾਨਵਰ ਵੀ। ਪੰਛੀ ਉੱਡ ਸਕਦੇ ਹਨ, ਇਸ ਲਈ ਉਨ੍ਹਾਂ ਦੀ ਉਡਾਰੀ ਕਈ ਕਈ ਮੀਲਾਂ ਦੀ ਹੋ ਜਾਂਦੀ ਹੈ। ਪਰਵਾਸ ਜਾਂ ਆਪਣੀ ਜਮੀਨ ਨੂੰ ਛੱਡਣ ਪਿੱਛੇ, ਜੋ ਮੂਲ ਭਾਵਨਾ ਹੈ, ਉਹ ਹੈ ਉਸ ਥਾਂ ਤੇ ਜੀਉਣ ਲਈ ਜ਼ਰੂਰੀ, ਘੱਟੋ ਘੱਟ ਸਹੂਲਤਾਂ ਵੀ ਬਾਕੀ ਨਹੀਂ ਰਹਿ ਗਈਆਂ। ਪਰਵਾਸ ਆਪਣੇ ਆਪ ਨੂੰ ਜੀਉਂਦਾ ਰੱਖਣ, ਬਚਾ ਕੇ ਰੱਖਣ ਦੀ ਜੀਵ ਦੀ ਤੀਬਰ ਇੱਛਾ ਦਾ ਪ੍ਰਗਟਾਵਾ ਹੈ।

ਮਨੁੱਖ ਸਾਰੇ ਜੀਵਾਂ ਵਿੱਚੋਂ ਸੁਚੇਤ ਹੋਣ ਦੇ ਨਾਤੇ, ਸਿਰਫ ਮੂਲਭੂਤ ਜ਼ਰੂਰਤਾਂ ਦੀ ਘਾਟ ਕਾਰਨ ਹੀ ਨਹੀਂ, ਇਕ ਵਧੀਆ ਜ਼ਿੰਦਗੀ ਜੀਣ ਦੀ ਲਾਲਸਾ ਕਰਕੇ ਵੀ, ਪਰਵਾਸ ਦਾ ਫੈਸਲਾ ਲੈਂਦਾ ਹੈ। ਵੈਸੇ ਵੀ ਮਨੁੱਖ ਦੀ ਫਿਤਰਤ ਵਿਚ ਜਿਗਿਆਸਾ ਅਤੇ ਤਲਾਸ਼ ਦੋ ਹੋਰ ਗੁਣ ਹਨ, ਜਿਨ੍ਹਾਂ ਦਾ ਇਸ ਦਿਸ਼ਾ ਵਿਚ ਵੱਡਾ ਯੋਗਦਾਨ ਹੈ। ਕਿਸੇ ਨਵੀਂ ਥਾਂ 'ਤੇ ਠਿਕਾਣਾ ਬਣਾ ਲੈਣ ਦੀ ਭਾਵਨਾ, ਮਨੁੱਖੀ ਅਮਲ ਹੈ।

ਪਰਵਾਸ ਦੀ ਪ੍ਰਵਿਰਤੀ ਸਾਰੀ ਦੁਨੀਆਂ ਦਾ ਵਰਤਾਰਾ ਹੈ। ਯੂ.ਐੱਨ ਦੀ ਤਾਜ਼ਾ ਰਿਪੋਰਟ ਮੁਤਾਬਕ ਤਕਰੀਬਨ 25 ਕਰੋੜ ਲੋਕ ਆਪਣੀ ਜਨਮ ਭੂਮੀ ਛੱਡ ਕੇ ਹੋਰ ਮੁਲਕਾਂ ਵਿਚ ਰਹਿੰਦੇ ਹਨ। ਇਨ੍ਹਾਂ ਪਰਵਾਸੀਆਂ ਵਿਚ ਸਭ ਤੋਂ ਵੱਧ ਗਿਣਤੀ ਭਾਰਤੀ ਲੋਕਾਂ ਦੀ ਹੈ, ਜਿਸ ਦੇ 17.7 ਕਰੋੜ ਲੋਕ ਦੇਸ਼ ਤੋਂ ਬਾਹਰ ਵਸਦੇ ਹਨ। ਉਸ ਤੋਂ ਬਾਅਦ ਮੈਕਸੀਕੋ, ਰੂਸ, ਚੀਨ, ਬੰਗਲਾਦੇਸ਼ ਅਤੇ ਪਾਕਿਸਤਾਨ ਆਉਂਦੇ ਹਨ। ਆਪਣੇ ਦੇਸ਼ ਵਿੱਚੋਂ ਕੇਰਲਾ ਅਤੇ ਪੰਜਾਬ ਇਸ ਪੱਖ ਤੋਂ ਮੋਹਰੀ ਹਨ, ਪਰ ਕੇਰਲਾ ਅਤੇ ਪੰਜਾਬ ਦੇ ਪਰਵਾਸ ਵਿਚ ਫ਼ਰਕ ਹੈ ਕਿ ਪੰਜਾਬ ਦੇ ਲੋਕ, ਪੱਕੇ ਤੌਰ ਤੇ ਵੱਸ ਜਾਣ ਨੂੰ ਵੱਧ ਤਰਜ਼ੀਹ ਦਿੰਦੇ ਹਨ।

ਆਮ ਤੌਰ 'ਤੇ ਬਹੁਗਿਣਤੀ ਲੋਕਾਂ ਲਈ, ਆਪਣੀ ਜਨਮ ਭੂਮੀ, ਆਪਣੇ ਲੋਕ ਅਤੇ ਸਭਿਆਚਾਰ ਨੂੰ ਛੱਡ ਕੇ ਨਵੀਂ ਥਾਂ 'ਤੇ ਜਾਂ ਵੱਸਣਾ, ਕਿਸੇ ਵੀ ਤਰ੍ਹਾਂ ਪਹਿਲੀ ਪਸੰਦ ਨਹੀਂ ਹੁੰਦੀ। ਇਹ ਤਾਂ ਮਜਬੂਰੀ ਵਿੱਚੋਂ ਪੈਦਾ ਹੋਇਆ ਵਰਤਾਰਾ ਹੈ। ਸਭ ਤੋਂ ਪ੍ਰਮੁੱਖ ਕਾਰਨ ਆਰਥਿਕ ਹੈ ਕਿ ਏਨੀ ਕੁ ਵੀ ਦਿਹਾੜੀ ਨਹੀਂ ਮਿਲਦੀ ਕਿ ਆਪਣਾ ਢਿੱਡ ਹੀ ਭਰਿਆ ਜਾ ਸਕੇ। ਇਹ ਪਰਵਾਸ ਭਾਵੇਂ ਪਿੰਡਾਂ ਤੋਂ ਸ਼ਹਿਰਾਂ ਵੱਲ ਅਤੇ ਸ਼ਹਿਰਾਂ ਤੋਂ ਮਹਾਂਨਗਰਾਂ ਵੱਲ ਦਾ ਹੋਵੇ। ਅਜੋਕੇ ਦ੍ਰਿਸ਼ ਵਿਚ ਇਹ ਪਹਿਲੂ ਬਹੁਤ ਅਹਿਮ ਹੈ, ਜਦੋਂ ਅਸੀਂ ਦੇਖ ਸਕਦੇ ਹਾਂ ਕਿ ਦੇਸ਼ ਭਰ ਵਿਚ ਹੀ ਰੋਜ਼ਗਾਰ ਦੀ ਸਥਿਤੀ ਨਿਰਾਸ਼ਾਜਨਕ ਹੈ। ਸਰਕਾਰਾਂ ਦੇ ਚੋਣਾਵੀ ਵਾਅਦਿਆਂ ਵਿਚ ਇਹ ਪੱਖ ਲੁਭਾਵਣੇ ਜਾਪਦੇ ਹਨ, ਪਰ ਜ਼ਮੀਨੀ ਪੱਧਰ 'ਤੇ ਲੋਕਾਂ ਹੱਥ ਕੁਝ ਨਹੀਂ ਲਗਦਾ। ਪਿਛਲੇ ਦੋ ਦਹਾਕਿਆਂ ਤੋਂ, ਤੇ ਵਿਸ਼ੇਸ਼ ਕਰਕੇ ਚਾਰ ਸਾਲਾਂ ਤੋਂ, ਨਿੱਜੀਕਰਨ ਵੱਲ ਵੱਧ ਝੁਕਾਅ ਕਾਰਨ ਸਰਕਾਰ ਆਪਣੇ ਖਾਤੇ ਵਿਚ, ਲੋਕਾਂ ਨੂੰ ਨਾ ਦੇ ਬਰਾਬਰ ਰੋਜ਼ਗਾਰ ਮੁਹਈਆ ਕਰਵਾ ਰਹੀ ਹੈ। ਪ੍ਰਾਈਵੇਟ ਖੇਤਰ ਨੂੰ ਮਨਮਰਜ਼ੀ ਕਰਨ ਦੀ ਖੁੱਲ੍ਹ ਹੈ। ਤੇ ਉਹ 'ਹਾਇਰ ਐਂਡ ਫਾਇਰ' ਭਾਵ ਮਰਜ਼ੀ ਨਾਲ ਰੱਖੋ, ਜਦੋਂ ਜੀਅ ਕਰੇ ਛਾਂਟੀ ਕਰ ਦਿਉ, ਦੀ ਨੀਤੀ ਤਹਿਤ ਕਾਰਜ ਕਰ ਰਹੇ ਹਨ। ਸਰਕਾਰ ਦਾ ਉਨ੍ਹਾਂ ਉੱਤੇ ਕਿਸੇ ਤਰ੍ਹਾਂ ਦਾ ਕੋਈ ਨਿਯਮ ਲਾਗੂ ਨਹੀਂ ਹੋ ਰਿਹਾ, ਜਿਸ ਨੂੰ ਸਰਕਾਰ ਈਜ਼ ਇਨ ਬਿਜਨੈਸ, ਕਾਰੋਬਾਰ ਵਿਚ ਅਸਾਨੀ ਕਹਿ ਰਹੀ ਹੈ।




ਇਸ ਦਾ ਦੂਸਰਾ ਪੱਖ, ਇਸ ਸਥਿਤੀ ਨੂੰ ਸਪਸ਼ਟ ਕਰਨ ਲਈ ਕਾਫੀ ਹੈ ਕਿ ਦੇਸ਼ ਅਤੇ ਪੰਜਾਬ ਵਿਚ ਖਾਸ ਕਰਕੇ, ਵਿਦੇਸ਼ ਭੇਜਣ ਵਾਲੇ ਏਜੰਟਾਂ ਅਤੇ ਆਇਲੈਟ ਸੈਂਟਰਾਂ ਦੀ ਭਰਮਾਰ ਹੋ ਗਈ ਹੈ। ਇਹ ਇਕ ਪ੍ਰਭਾਵ ਬਣ ਰਿਹਾ ਹੈ ਕਿ ਕਾਲੇਜ ਵਿਚ ਵਿਦਿਆਰਥੀਆਂ ਦੀ ਗਿਣਤੀ ਘੱਟ ਹੈ ਤੇ ਇਨਾਂ ਸੈਂਟਰਾਂ ਵਿਚ ਵੱਧ। ਇਕ ਛੋਟੇ ਜਿਹੇ ਕਸਬੇ ਵਿਚ ਅੱਠ-ਦਸ ਆਇਲੈਟ ਸੈਂਟਰਾਂ ਦਾ ਹੋਣਾ ਮਾਮੂਲੀ ਗੱਲ ਹੈ, ਜਦੋਂ ਕਿ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿਚ ਇਹ ਸੈਂਕੜਿਆਂ ਵਿਚ ਹਨ। ਇਕ ਅੰਦਾਜ਼ੇ ਮੁਤਾਬਕ ਇਕੱਲੇ ਪੰਜਾਬ ਤੋਂ ਕਰੀਬ ਡੇਢ ਤੋਂ ਦੋ ਲੱਖ ਨੌਜਵਾਨ, ਹਰ ਸਾਲ ਪਰਵਾਸ ਕਰ ਰਹੇ ਹਨ।

ਪਰਵਾਸ, ਪੜ੍ਹਾਈ, ਨੌਕਰੀ ਅਤੇ ਵਿਦੇਸ਼ੀ ਧਰਤੀ ਦਾ ਮੋਹ, ਆਪਸ ਵਿਚ ਜੁੜੇ ਹੋਏ ਹਨ। ਭਾਵੇਂ ਪੰਜਾਬੀ ਨੌਜਵਾਨ ਪੜ੍ਹਾਈ ਦੇ ਨਾਂ 'ਤੇ, ਕੋਰਸ ਕਰਨ ਲਈ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਦਾਖਲਾ ਲੈ ਕੇ ਜਾਂਦੇ ਹਨ, ਪਰ ਕਿਸੇ ਵੀ ਨੌਜਵਾਨ ਦੇ ਮਨ ਵਿਚ, ਭੌਰਾ ਵੀ ਦੁਚਿੱਤੀ ਨਹੀਂ ਹੁੰਦੀ ਕਿ ਉਹ ਉੱਚ ਸਿੱਖਿਆ ਹਾਸਿਲ ਕਰਕੇ, ਵਾਪਸ ਦੇਸ਼ ਨੂੰ ਪਰਤੇਗਾ। ਦੂਸਰੇ ਪਾਸੇ, ਉਨ੍ਹਾਂ ਦੇਸ਼ਾਂ ਦੀ ਨੀਤੀ ਵਿਚ ਵੀ, ਇਨ੍ਹਾਂ ਨੂੰ ਪੜ੍ਹਾਉਣ ਤੋਂ ਵੱਧ, ਉੱਥੇ ਕੰਮ ਵਿੱਚ ਲਗਾਉਣ ਦੀ ਚਾਹਤ ਵੱਧ ਹੈ। ਜ਼ਰਾ ਵਿਸ਼ਲੇਸ਼ਣ ਕਰਕੇ ਦੇਖੋ। 25 ਤੋਂ ਤੀਹ ਲੱਖ ਰੁਪਏ, ਦੂਸਰੇ ਦੇਸ਼ ਨੂੰ ਦੇ ਕੇ, ਪੜ੍ਹਨ ਗਿਆ ਨੌਜਵਾਨ, ਉਨ੍ਹਾਂ ਦੇ ਸਟੱਡੀ ਵੀਜ਼ੇ 'ਤੇ ਹੁੰਦਿਆਂ, ਹਫਤੇ ਵਿਚ ਵੀਹ ਘੰਟੇ ਕੰਮ ਕਰ ਸਕਦਾ ਹੈ ਤੇ ਇਸ ਤਰ੍ਹਾਂ ਉਨ੍ਹਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਦਾ ਹੈ। ਇਸ ਤੋਂ ਬਾਅਦ ਜਾਬ ਸਰਚ ਵੀਜ਼ਾ, ਵਰਕ ਵੀਜ਼ਾ ਰਾਹੀਂ ਉਸ ਤੋਂ 10-15 ਸਾਲ ਕੰਮ ਲਿਆ ਜਾਂਦਾ ਹੈ ਤੇ ਫਿਰ ਕਿਸੇ ਕਾਰੋਬਾਰੀ ਦੀ ਸਿਫਾਰਸ਼ੀ ਚਿੱਠੀ ਨਾਲ ਪੱਕਾ ਕਰਨ ਦੀ ਗੱਲ ਤੁਰਦੀ ਹੈ।

ਇਹ ਠੀਕ ਹੈ ਕਿ ਪਹਿਲਾਂ ਮੁੱਖ ਕਾਰਨ ਆਰਥਿਕਤਾ ਹੈ, ਪਰ ਇਸ ਗੱਲ ਤੋਂ ਸਥਿਤੀ ਦਾ ਜ਼ਾਇਜਾ ਲਵੋ ਕਿ ਪੱਚੀ-ਤੀਹ ਲੱਖ ਰੁਪਏ ਕਿਸ ਦੇ ਕੋਲ ਹਨ? ਇਕ ਅਨੁਮਾਨ ਮੁਤਾਬਕ ਪੰਜਾਬ ਦੇ ਪਰਵਾਸ ਵਿੱਚੋਂ 81 ਫੀਸਦੀ ਨੌਜਵਾਨ ਪੇਂਡੂ ਖੇਤਰਾਂ ਤੋਂ ਹਨ। ਨਿਸ਼ਚਿਤ ਹੀ ਇਹ ਉਹ ਲੋਕ ਹਨ ਜਿਨ੍ਹਾਂ ਕੋਲ ਦੋ-ਚਾਰ ਕਿੱਲੇ ਜ਼ਮੀਨ ਹੈ ਤੇ ਉਸ ਨੂੰ ਵੇਚ ਜਾਂ ਗਹਿਣੇ ਰੱਖ ਕੇ, ਲੋਕ ਪੈਸਿਆਂ ਦਾ ਬੰਦੋਬਸਤ ਕਰਦੇ ਹਨ। ਏਜੰਟ ਭਾਵੇਂ ਇਨ੍ਹਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਆਪਣੇ ਦਫਤਰ ਵਿਚ ਬੈਠਿਆਂ ਹੀ ਪੱਕਾ ਕਰ ਦਿੰਦੇ ਹਨ ਤੇ ਪਹੁੰਚਦੇ ਸਾਰ ਹੀ ਡਾਲਰ ਭੇਜਣ ਦੀ ਗਰੰਟੀ ਦੇ ਦਿੰਦੇ ਹਨ, ਜੋ ਕਿ ਸੱਚ ਦੇ ਨੇੜੇ-ਤੇੜ ਵੀ ਨਹੀਂ ਹੁੰਦਾ ਪਰ ਫਿਰ ਵੀ ਨੌਜਵਾਨਾਂ ਦਾ ਇਹ ਵਰਗ, ਇੱਥੇ ਥੋੜ੍ਹਾ-ਬਹੁਤਾ ਕੁਝ ਕਰ ਸਕਦਾ ਹੁੰਦਾ ਹੈ। ਜਦੋਂ ਕਿ ਇਸ ਮਾਹੌਲ ਵਿਚ, ਜਿਨ੍ਹਾਂ ਨੂੰ ਸਚਮੁੱਚ ਹੀ ਰੋਜ਼ਗਾਰ ਦੀ ਲੋੜ ਹੈ, ਉਨ੍ਹਾਂ ਨੂੰ ਤਾਂ ਕੋਈ ਰਾਹ ਨਜ਼ਰ ਨਹੀਂ ਆਉਂਦਾ।

ਇਕ ਸਮਾਂ ਸੀ ਤੇ ਇਹ ਚਾਹ ਅੱਜ ਵੀ ਰਹਿੰਦੀ ਹੈ ਕਿ ਬੱਚੇ, ਮਾਂ ਪਿਉ ਦੇ ਨਾਲ ਹੀ ਰਹਿਣ। ਹੁਣ ਤਾਂ ਖਾਸ ਤੌਰ ਤੇ, ਏਕਾਕੀ ਪਰਿਵਾਰ ਹਨ ਤੇ ਇਕ ਦੋ ਹੀ ਬੱਚੇ ਹਨ। ਪਰ ਹੁਣ ਮਾਂ ਪਿਉ ਖੁਦ ਇਹ ਕਹਿੰਦੇ ਦੇਖੇ ਸੁਣੇ ਗਏ ਹਨ ਕਿ ਨਿਕਲ ਜਾ, ਭੱਜ ਜਾ। ਇਸ ਤਰ੍ਹਾਂ ਦੇ ਹਾਲਾਤ, ਇਸ ਕਰਕੇ ਬਣੇ ਹਨ ਕਿ ਪੜ੍ਹਾਈ ਦੀ ਬੁਰੀ ਹਾਲਤ ਅਤੇ ਬੇਰੁਜ਼ਗਾਰੀ ਦੇ ਮਾਹੌਲ ਦੇ ਨਾਲ ਨਸ਼ਿਆਂ ਦੀ ਬਹੁਤ ਵੱਡੀ ਸਮੱਸਿਆ ਪੰਜਾਬ ਨੂੰ ਚਿੰਬੜੀ ਹੋਈ ਹੈ ਤੇ ਇਸ ਦਾ ਸ਼ਿਕਾਰ ਵੀ ਬਹੁਤੇ ਨੌਜਵਾਨ ਹੀ ਹਨ। ਮਾਂ ਪਿਉ ਦੇ ਡਰ ਦਾ ਇਹ ਇਕ ਮੁੱਖ ਕਾਰਨ ਹੈ। ਉਨ੍ਹਾਂ ਨੂੰ ਬੱਚਿਆਂ ਦੀ ਦੂਰੀ ਬਰਦਾਸ਼ਤ ਹੈ, ਪਰ ਬੱਚਿਆਂ ਨੂੰ ਇਸ ਤਰ੍ਹਾਂ ਨਸ਼ਿਆਂ ਦੀ ਗ੍ਰਿਫਤ ਵਿਚ ਆ ਕੇ ਮਰਦੇ ਦੇਖਣਾ ਬਿਲਕੁਲ ਨਹੀਂ।

ਇਸੇ ਤਰ੍ਹਾਂ ਮਨੁੱਖੀ ਮਾਨਸਿਕਤਾ ਵਿਚ ਵਧੀਆ ਜ਼ਿੰਦਗੀ ਦੀ, ਸੁਖੀ ਅਤੇ ਸ਼ਾਂਤਮਈ ਜ਼ਿੰਦਗੀ ਜੀਉਣ ਦੀ ਤਾਂਘ ਵੀ ਪਰਵਾਸ ਦਾ ਕਾਰਨ ਹੈ। ਚੰਗੇ-ਭਲੇ, ਵਧੀਆ ਕਰੋਬਾਰ ਦੇ ਚਲਦਿਆਂ, ਠੀਕ ਠਾਕ ਜ਼ਮੀਨਾਂ ਹੁੰਦਿਆਂ ਵੀ ਨੌਜਵਾਨ ਵਿਦੇਸ਼ਾਂ ਵੱਲ ਜਾਣ ਨੂੰ ਵੱਧ ਦਿਲਚਸਪੀ ਦਿਖਾਉਂਦੇ ਹਨ। ਇਸ ਪਿੱਛੇ ਆਪਣੇ ਦੇਸ਼-ਪ੍ਰਦੇਸ਼ ਦਾ ਅਣਸੁਖਾਵਾਂ ਮਾਹੌਲ ਹੈ, ਜਿੱਥੇ ਕੋਈ ਵੀ ਛੋਟੇ ਤੋਂ ਛੋਟਾ ਕੰਮ, ਬਿਨਾਂ ਰਿਸ਼ਵਤ ਤੋਂ ਨਹੀਂ ਹੁੰਦਾ ਤੇ ਕੰਮ ਕਰਵਾਉਣ ਲਈ ਲਟਕਾਅ ਅਤੇ ਖੱਜਲ ਖੁਆਰੀ ਵੀ ਹੋਰ ਪਹਿਲੂ ਹਨ। ਇਸੇ ਤਰ੍ਹਾਂ ਹੀ ਮਾਹੌਲ ਵਿਚ ਜੁਰਮ ਅਤੇ ਜ਼ਿਆਦਤੀ, ਆਪਸੀ ਭਾਈਚਾਰੇ ਦੀ ਘਾਟ, ਧਰਮ-ਜਾਤ ਦੀ ਨ਼ਫ਼ਰਤ ਭਰੀ ਹਨੇਰੀ ਵੀ ਮਾਹੌਲ ਨੂੰ ਨਾ ਰਹਿਣਯੋਗ ਬਣਾ ਰਹੇ ਹਨ ਤੇ ਜਿਸ ਦਾ ਵੀ ਮਾੜਾ-ਮੋਟਾ ਦਾਅ ਲਗਦਾ ਹੈ, ਉਹ ਇੱਥੋਂ ਨਿਕਲ ਜਾਣ ਨੂੰ ਹੀ ਪਹਿਲ ਦੇਂਦਾ ਹੈ।

ਪੜ੍ਹੇ ਲਿਖੇ, ਸਿਖਲਾਈ ਸ਼ੁਦਾ ਨੌਜਵਾਨਾਂ ਨੂੰ ਵੀ ਜਦੋਂ ਕੰਮ ਮੁਤਾਬਕ ਨੌਕਰੀ ਨਹੀਂ ਮਿਲਦੀ ਤਾਂ ਉਹ ਵੀ ਕਿਸੇ ਛੋਟੀ ਮੋਟੀ ਕਾਰੀਗਰੀ ਜਾਂ ਦਿਹਾੜੀ ਲਈ ਵੀ ਬਾਹਰ ਜਾਣ ਨੂੰ ਤਿਆਰ ਹੋ ਜਾਂਦੇ ਹਨ। ਵਿਦੇਸ਼ਾਂ ਵਿਚ ਜਾਣ ਵਾਲਿਆਂ ਵਿੱਚੋਂ 60 ਫੀਸਦੀ ਨੌਜਵਾਨ ਸ਼ੁਰੂਆਤੀ ਦਿਨਾਂ ਵਿਚ ਤਾਂ ਮਜ਼ਦੂਰੀ ਹੀ ਕਰਦੇ ਹਨ ਤੇ 32 ਫੀਸਦੀ ਖੇਤੀ ਸਬੰਧੀ ਤੇ 7 ਫੀਸਦੀ ਰੈਸਟੋਰੈਂਟਾਂ ਵਿੱਚੋਂ ਦਿਹਾੜੀ ਕਮਾਉਂਦੇ ਹਨ। ਸਾਡੇ ਦੇਸ਼ ਵਿੱਚੋਂ ਸਭ ਤੋਂ ਵਧ ਅਜਿਹੇ ਲੋਕ ਗਲਫ ਦੇਸ਼ਾਂ ਵਿਚ ਹਨ, ਜਿੱਥੇ ਕਾਰੀਗਰਾਂ ਦੀ ਵੱਧ ਮੰਗ ਹੈ ਤੇ ਪਰਵਾਸ ਲਈ ਦੂਸਰੀ ਚੋਣ ਕੈਨੇਡਾ ਹੈ।

ਜੇਕਰ ਦੇਸ਼ ਦੇ ਪੱਧਰ 'ਤੇ ਗੱਲ ਕਰੀਏ, ਸਰਕਾਰਾਂ ਦੇ ਆਣ-ਜਾਣ ਨੂੰ ਸਾਹਮਣੇ ਨਾ ਵੀ ਰੱਖੀਏ, ਪਰ ਦੇਸ਼ ਵਿਚ ਨੌਜਵਾਨਾਂ ਤੋਂ ਉਸਾਰੂ ਕੰਮ ਲੈਣ ਲਈ ਕੋਈ ਠੋਸ ਨੀਤੀ ਨਹੀਂ ਹੈ। ਜੇਕਰ ਪਿਛਲੇ ਕੁਝ ਸਾਲਾਂ ਦੇ ਮਾਹੌਲ ਵੱਲ ਦੇਖੀਏ ਤਾਂ ਜਨਤੰਤਰ ਵਿਚ ਆਪਣੀ ਥਾਂ ਬਣਾ ਰਿਹਾ 'ਭੀੜ-ਤੰਤਰ' ਇਨ੍ਹਾਂ ਨੌਜਵਾਨਾਂ ਦਾ ਹੀ ਹੁੰਦਾ ਹੈ। ਇਸ ਲਈ ਬੇਰੋਜ਼ਗਾਰ ਰੱਖ ਕੇ, ਇਕ ਧੁੰਧਲਾ ਅਤੇ ਬੇਆਸ ਭਵਿੱਖ ਦੇ ਮਾਹੌਲ ਵਿਚ ਵੱਡਾ ਕਰਕੇ, ਅਜਿਹੇ ਭੀੜ-ਕਾਰਜਾਂ ਲਈ ਇਸਤੇਮਾਲ ਕਰਨਾ ਆਸਾਨ ਹੋ ਜਾਂਦਾ ਹੈ। ਇਹ ਵਰਤਾਰਾ ਰਾਜਨੀਤੀ ਲਈ, ਰੋਜ਼ਗਾਰ ਵਾਂਗ ਵਧ ਰਿਹਾ ਹੈ।

ਇਹੀ ਨੌਜਵਾਨ ਨੇ, ਜਿਨ੍ਹਾਂ ਲਈ ਸਾਡੇ ਕੋਲ ਅਵਾਰਾ, ਕੁਰਾਹੇ ਪਏ, ਨਸ਼ੇ ਕਰਦੇ, ਆਰਾਮ ਪਸੰਦ, ਗੈਰ-ਜਿੰਮੇਵਾਰ, ਲਾਪਰਵਾਹ, ਪੜ੍ਹਨ ਵਿਚ ਦਿਲਚਸਪੀ ਨਾ ਲੈਣ ਵਾਲੇ ਵਰਗੇ ਅਨੇਕਾਂ ਵਿਸ਼ੇਸ਼ਣ ਹਨ, ਤੇ ਇਹੀ ਨੌਜਵਾਨ ਵਿਦੇਸ਼ਾਂ ਵਿਚ ਜਾ ਕੇ, ਉਨ੍ਹਾਂ ਦੇਸ਼ਾਂ ਦੀ ਆਰਥਿਕਤਾ ਦਾ ਥੰਮ੍ਹ ਬਣਦੇ ਹਨ। ਉੱਥੇ ਇਹ ਹੱਡ ਤੋੜਵੀਂ ਮਿਹਨਤ ਵੀ ਕਰਦੇ ਹਨ ਤੇ ਸੰਘਰਸ਼ਸ਼ੀਲ ਜੀਵਨ ਵੀ ਬਿਤਾਉਂਦੇ ਹਨ। ਪਰ ਉਨ੍ਹਾਂ ਨੂੰ ਯਕੀਨ ਹੁੰਦਾ ਹੈ ਕਿ ਇਕ ਦਿਨ ਉੱਥੇ ਉਨ੍ਹਾਂ ਦੀ ਜ਼ਿੰਦਗੀ ਸੁਖਾਲੀ ਹੋ ਜਾਵੇਗੀ। ਜਦੋਂ ਕਿ ਆਪਣੇ ਦੇਸ਼ ਦੇ ਮਾਹੌਲ ਵਿਚ ਪਈ ਬੇਯਕੀਨੀ, ਉਨ੍ਹਾਂ ਦਾ ਆਪਣੇ ਅੱਖੀਂ ਦੇਖਿਆ, ਆਲੇ ਦੁਆਲੇ ਦਾ ਤਜਰਬਾ ਕਿ ਸਾਰੀ ਉਮਰ ਮਿਹਨਤ ਕਰਕੇ ਵੀ ਕੁਝ ਪੱਲੇ ਨਹੀਂ ਪੈਣਾ; ਉਨ੍ਹਾਂ ਨੂੰ ਪਰਵਾਸ ਵੱਲ ਖਿੱਚਦਾ ਹੈ।

---

# ਭਿਖਾਰੀ

ਲੇਖਕ : ਡਾ. ਜਸਵਿੰਦਰ ਸਿੰਘ ਬਰਾੜ, ਸੰਪਰਕ: 98776-61770

ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਿਕ ਮੈਂ ਆਪਣਾ ਅਸਲਾ ਜਮ੍ਹਾਂ ਕਰਵਾਉਣ ਲਈ ਜਿਉਂ ਹੀ ਥਾਣੇ ਦੇ ਬਾਹਰ ਜਾ ਕੇ ਕਾਰ ਰੋਕੀ ਤਾਂ ਤੀਹ ਪੈਂਤੀ ਸਾਲ ਦੀ ਇੱਕ ਔਰਤ, ਜਿਸ ਨੇ ਕੁੱਛੜ ਦੋ-ਤਿੰਨ ਸਾਲ ਦੀ ਕੁੜੀ ਚੁੱਕੀ ਹੋਈ ਸੀ, ਮੇਰੀ ਕਾਰ ਦੀ ਤਾਕੀ ਕੋਲ ਆ ਕੇ ਲੇਲ੍ਹੜੀਆਂ ਜਿਹੀਆਂ ਕੱਢਦੀ ਹੋਈ ਬੋਲੀ, ''ਏ ਸਰਦਾਰ ਜੀ, 10 ਰੁਪਏ ਦੇ ਦੇ... ਮੇਰੀ ਆਹ ਬੱਚੀ ਕੱਲ੍ਹ ਦੀ ਭੁੱਖੀ ਐ।'' ਮੈਨੂੰ ਮੰਗਤਿਆਂ 'ਤੇ ਬਹੁਤ ਖਿੱਝ ਆਉਂਦੀ ਹੈ ਕਿਉਂਕਿ ਇਹ ਲੋਕ ਕੰਮ ਕਰਨ ਤੋਂ ਭੱਜਦੇ ਅਤੇ ਮੰਗ ਕੇ ਖਾਣ ਨੂੰ ਤਰਜੀਹ ਦਿੰਦੇ ਹਨ। ਮੈਂ ਮਨ ਵਿੱਚ ਹਜ਼ਾਰ ਗਾਲ੍ਹ ਇਸ ਔਰਤ ਨੂੰ ਵੀ ਕੱਢੀ ਅਤੇ ਬਿਨਾਂ ਉਸ ਦੀ ਗੱਲ ਸੁਣਿਆਂ ਕਾਰ ਨੂੰ ਲੌਕ ਲਗਾ ਅਸਲਾ ਚੁੱਕ ਕੇ ਸਿੱਧਾ ਥਾਣੇ ਵੱਲ ਤੁਰ ਪਿਆ। ਉਹ ਔਰਤ ਮੈਨੂੰ ਉਮੀਦ ਭਰੀਆਂ ਨਜ਼ਰਾਂ ਨਾਲ ਦੇਖ ਰਹੀ ਸੀ ਪਰ ਉਸ ਦਾ ਮੇਰੇ ਤੋਂ ਉਮੀਦ ਕਰਨਾ ਬਿਲਕੁਲ ਫਾਲਤੂ ਸੀ। ਮੈਂ ਥਾਣੇ ਪਹੁੰਚਿਆ ਤੇ ਸਾਹਮਣੇ ਕੁਰਸੀ 'ਤੇ ਬੈਠੇ ਮੁਨਸ਼ੀ ਨੂੰ ਦੋਵੇਂ ਹੱਥ ਜੋੜ ਕੇ ਫਤਹਿ ਬੁਲਾਈ ਪਰ ਉਸ ਨੇ ਮੇਰੀ ਫਤਹਿ ਦਾ ਕੋਈ ਉਚੇਚਾ ਉੱਤਰ ਨਹੀਂ ਸੀ ਦਿੱਤਾ, ਐਵੇਂ ਸਰਸਰੀ ਜਿਹੀ ਧੌਣ ਹਿਲਾ ਦਿੱਤੀ ਤੇ ਆਪਣੇ ਕੰਮ ਵਿੱਚ ਰੁੱਝਿਆ ਰਿਹਾ। ਮੈਂ ਅਸਲਾ ਫੜੀ ਲਗਭਗ ਪਿਛਲੇ ਅੱਧੇ ਘੰਟੇ ਤੋਂ ਉਸ ਦੇ ਪਿਆਰ ਭਰੇ ਰਵੱਈਏ ਦਾ ਇੰਤਜ਼ਾਰ ਕਰ ਰਿਹਾ ਸੀ, ਪਰ ਉਸ ਨੇ ਅੱਧੇ ਘੰਟੇ ਬਾਅਦ ਵੀ ਖਰਵੀ ਆਵਾਜ਼ ਵਿੱਚ ਕਿਹਾ, ''ਲਾਇਸੈਂਸ ਦਿਓ ਆਪਣਾ।'' ਮੈਂ ਝੱਟ ਆਪਣਾ ਲਾਇਸੈਂਸ ਕੱਢ ਕੇ ਫੜਾ ਦਿੱਤਾ। ਉਸ ਨੇ ਲਿਖਤ ਪੜ੍ਹਤ ਕੀਤੀ ਤੇ ਬੰਦੂਕ ਫੜਾਉਣ ਲਈ ਇਸ਼ਾਰਾ ਕੀਤਾ। ਮੈਂ ਝੱਟ ਬੰਦੂਕ ਫੜਾ ਦਿੱਤੀ। ਫਿਰ ਉਸ ਨੇ ਪਿਛਲੇ ਪੌਣੇ ਘੰਟੇ ਵਿੱਚ ਦੂਜੀ ਵਾਰ ਬੋਲਦਿਆਂ ਮੇਜ਼ 'ਤੇ ਪਈ ਟੇਪਰੋਲ ਵੱਲ ਇਸ਼ਾਰਾ ਕਰਦਿਆਂ ਕਿਹਾ, ''ਆਹ ਚੇਪੀ (ਟੇਪ ਰੋਲ) ਖ਼ਤਮ ਹੋ ਗਈ ਜਾਂ ਤਾਂ ਬਾਹਰੋਂ ਚੇਪੀ ਲਿਆ ਦਿਓ ਜਾਂ 100 ਰੁਪਏ ਦੇ ਦਿਓ ਅਸੀਂ ਆਪੇ ਮੰਗਵਾ ਲਵਾਂਗੇ।'' ਮੇਰੇ ਲਈ ਇਹ ਖ਼ੁਸ਼ੀ ਵਾਲੀ ਗੱਲ ਸੀ ਕਿ ਸਰਕਾਰ ਨੇ ਮੇਰੇ 'ਤੇ ਭਰੋਸਾ ਕਰ ਕੇ ਸਿੱਧੇ ਹੀ ਮੈਥੋਂ ਪੈਸੇ ਮੰਗ ਲਏ ਸੀ। ਇਹ ਸੀ ਭਾਵੇਂ ਰਿਸ਼ਵਤ ਹੀ, ਮੈਂ ਝੱਟ ਸੌ ਦਾ ਨੋਟ ਕੱਢ ਕੇ ਫੜਾ ਦਿੱਤਾ ਤੇ ਨਾਲੇ ਉਨ੍ਹਾਂ ਤੋਂ ਭਵਿੱਖ ਵਿੱਚ ਚੰਗੇ ਵਤੀਰੇ ਦੀ ਆਸ ਵਿੱਚ ਲਗਾਤਾਰ ਤਿੰਨ-ਚਾਰ ਵਾਰ ਇੱਕੋ ਸਾਹ ਵਿੱਚ 'ਸ਼ੁਕਰੀਆ ਜੀ ਸ਼ੁਕਰੀਆ ਜੀ' ਕਹਿ ਦਿੱਤਾ। ਮੈਂ ਅਸਲਾ ਜਮ੍ਹਾਂ ਕਰਵਾਏ ਦੀ ਰਸੀਦ ਲੈ ਕੇ ਜਦੋਂ ਆਪਣੀ ਕਾਰ ਕੋਲ ਆਇਆ ਤਾਂ ਮੇਰੀ ਨਿਗ੍ਹਾ ਸਾਹਮਣੇ ਬੈਠੀ ਉਸ ਮੰਗਤੀ 'ਤੇ ਪਈ ਜੋ ਮੈਥੋਂ ਭੀਖ ਮੰਗਣ ਆਈ ਸੀ। ਮੈਂ ਸੋਚ ਰਿਹਾ ਸੀ ਕਿ ਅਸਲ ਭਿਖਾਰੀ ਕੌਣ ਹੈ?



# ਨਾਰੀ ਸੰਸਾਰ





ਕਹਾਵਤ ਹੈ ਕਿ ਜਿੱਥੇ ਚਾਰ ਭਾਂਡੇ ਹੋਣਗੇ ਤਾਂ ਉਹ ਆਪੋ ਵਿਚ ਜ਼ਰੂਰ ਖੜਕਣਗੇ। ਇਹੋ ਸਥਿਤੀ ਕਿਸੇ ਪਰਿਵਾਰ ਜਾਂ ਦੋਸਤਾਂ ਦੀ ਵੀ ਹੋ ਸਕਦੀ ਹੈ। ਜੇਕਰ ਸਮੇਂ ਸਿਰ ਆਪਸੀ ਮਤਭੇਦਾਂ ਨੂੰ ਖ਼ਤਮ ਕਰ ਦਿੱਤਾ ਜਾਵੇ ਤਾਂ ਪਰਿਵਾਰ ਤੇ ਦੋਸਤਾਂ ਦੇ ਆਪਸੀ ਸਬੰਧਾਂ 'ਤੇ ਕੋਈ ਅਣਸੁਖਾਵਾਂ ਪ੍ਰਭਾਵ ਨਹੀਂ ਪੈਂਦਾ। ਅਸਲ ਵਿਚ ਜੇਕਰ ਆਪੋ ਵਿਚ ਵਿਚਾਰ-ਵਟਾਂਦਰਾ ਹੋਵੇਗਾ ਤਾਂ ਮਤਭੇਦ ਵੀ ਸਾਹਮਣੇ ਆਉਣਗੇ। ਇਨ੍ਹਾਂ ਨਾਲ ਥੋੜ੍ਹੀ ਬਹੁਤ ਟਕਰਾ ਦੀ ਸਥਿਤੀ ਵੀ ਬਣ ਸਕਦੀ ਹੈ। ਇਸ ਦੇ ਨਾਲ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਨ੍ਹਾਂ ਮਤਭੇਦਾਂ ਨੂੰ ਸਥਾਈ ਰੂਪ ਧਾਰਨ ਕਰਨ ਤੋਂ ਪਹਿਲਾਂ ਹੀ ਖ਼ਤਮ ਕਰ ਦਿੱਤਾ ਜਾਵੇ। ਜੇਕਰ ਅਜਿਹਾ ਨਾ ਕੀਤਾ ਜਾਵੇ ਤਾਂ ਰਿਸ਼ਤਿਆਂ ਵਿਚ ਦੂਰੀਆਂ ਆ ਜਾਂਦੀਆਂ ਹਨ।

ਕਾਹਲ ਅਤੇ ਮੁਕਾਬਲੇ ਦੇ ਇਸ ਦੌਰ ਵਿਚ ਲੋਕੀਂ



## ਮਤਭੇਦ ਹੋਣ ਹੀ ਕਿਉਂ?

ਆਪਣੇ ਬਾਰੇ ਵਧੇਰੇ ਸੋਚਣ ਲੱਗ ਪਏ ਹਨ। ਸਮਾਜਿਕ ਕਦਰਾਂ-ਕੀਮਤਾਂ ਦੇ ਟੁੱਟਣ ਨਾਲ ਮਨੁੱਖੀ ਰਿਸ਼ਤਿਆਂ ਵਿਚ ਤਰੇੜਾਂ ਆਉਣ ਲੱਗ ਪਈਆਂ ਹਨ। 'ਅੱਖ ਦੀ ਸ਼ਰਮ' ਅਤੇ 'ਰਿਸ਼ਤੇ ਦੀ ਸਾਂਝ' ਦਾ ਪ੍ਰਭਾਵ ਬੱਚਿਆਂ ਵਿਚ ਘਟ ਰਿਹਾ ਹੈ। ਸੰਯੁਕਤ ਪਰਿਵਾਰਾਂ ਦੇ ਟੁੱਟਣ ਨਾਲ ਬੱਚਿਆਂ ਅਤੇ ਮਾਪਿਆਂ ਵਿਚਕਾਰ ਆਪਸੀ ਮਤਭੇਦ ਵਧ ਰਹੇ ਹਨ। ਮੱਧ ਵਰਗੀ ਸ਼ਹਿਰੀ ਪਰਿਵਾਰਾਂ ਵਿਚ ਇਸ ਦਾ ਪ੍ਰਭਾਵ ਵਧੇਰੇ ਪ੍ਰਤੱਖ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮਤਭੇਦ ਤਾਂ ਮੁੱਢ ਕਦੀਮ ਤੋਂ ਹੀ ਹੁੰਦੇ ਰਹੇ ਹਨ, ਪਰ ਉਦੋਂ ਇਹ ਬਹੁਤੇ ਘਾਤਕ ਸਿੱਧ ਨਹੀਂ ਹੁੰਦੇ ਸਨ। ਸਮਾਜ ਵਿਚ ਅਤੇ ਪਰਿਵਾਰ ਵਿਚ ਬਜ਼ੁਰਗਾਂ ਦੀ ਇੱਜ਼ਤ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਦੇ ਸਾਹਮਣੇ ਬੋਲਣ ਦਾ ਹੌਸਲਾ ਘੱਟ ਹੀ ਕੀਤਾ ਜਾਂਦਾ ਸੀ।

ਉਨ੍ਹਾਂ ਵੱਲੋਂ ਕੀਤੇ ਫ਼ੈਸਲੇ ਨੂੰ ਆਮ ਤੌਰ 'ਤੇ ਮੰਨ ਲਿਆ ਜਾਂਦਾ ਸੀ, ਪਰ ਹੁਣ ਜਦੋਂ ਕਿ ਸੰਯੁਕਤ ਪਰਿਵਾਰ ਟੁੱਟ ਰਹੇ ਹਨ ਤਾਂ ਸਥਿਤੀ ਬਦਲ ਗਈ ਹੈ। ਕਈ ਵਾਰ ਤਾਂ ਨੌਬਤ ਘਰ ਟੁੱਟਣ ਤਕ ਆ ਜਾਂਦੀ ਹੈ। ਇਸ ਘਰੇਗੀ ਮਾਹੌਲ ਦਾ ਪ੍ਰਭਾਵ ਬੱਚਿਆਂ 'ਤੇ ਵਧੇਰੇ ਪੈਂਦਾ ਹੈ। ਬੱਚਿਆਂ ਵਿਚ ਵੱਡਿਆਂ ਦੇ ਵਿਚਾਰਾਂ ਦਾ ਸਤਿਕਾਰ ਘਟ ਰਿਹਾ ਹੈ। ਉਨ੍ਹਾਂ ਵਿਚ ਆਪਣੀ ਗੱਲ 'ਤੇ ਅੜ ਜਾਣਾ ਅਤੇ ਆਪਣੇ ਆਪ ਨੂੰ ਸੂਝਵਾਨ ਸਮਝਣਾ ਆਮ ਵੇਖਣ ਵਿਚ ਆਉਂਦਾ ਹੈ।

ਆਪਸੀ ਮਤਭੇਦ ਦੂਰ ਕਰਨ ਲਈ ਇਹ ਵੇਖਣਾ ਜ਼ਰੂਰੀ ਹੋ ਜਾਂਦਾ ਹੈ ਕਿ ਅਜਿਹਾ ਟਕਰਾਅ ਹੁੰਦਾ ਹੀ ਕਿਉਂ ਹੈ? ਪਿਆਰ, ਦੋਸਤੀ ਅਤੇ ਅਸੂਲਾਂ ਦੇ ਹੁੰਦਿਆਂ ਹੋਇਆਂ ਵੀ ਆਪੋ ਵਿਚ ਖਿੱਚੋਤਾਣ ਕਿਉਂ ਹੁੰਦੀ ਹੈ? ਆਪਸੀ ਮਤਭੇਦਾਂ ਨੂੰ ਜਨਮ ਦੇਣ ਵਾਲੇ ਕਾਰਨਾਂ ਨੂੰ ਨਿਖੇੜਨਾ ਜ਼ਰੂਰੀ ਹੈ। ਜ਼ਿੱਦੀ ਸੁਭਾਅ, ਅਧੂਰੀ ਜਾਣਕਾਰੀ, ਹਉਮੈ, ਹੀਣਭਾਵਨਾ ਅਤੇ ਸ਼ੈਤਾਨੀ ਸੋਚ ਆਪਸ ਵਿਚ ਗ਼ਲਤ ਫ਼ਹਿਮੀਆਂ ਨੂੰ ਜਨਮ ਦਿੰਦੇ ਹਨ।

ਰਲਮਿਲ ਕੇ ਕੀਤੇ ਫ਼ੈਸਲੇ ਹਮੇਸ਼ਾਂ ਮਤਭੇਦਾਂ ਨੂੰ ਘੱਟ ਕਰਦੇ ਹਨ। ਅਜਿਹਾ ਕੀਤਿਆਂ ਸਾਰੀਆਂ ਧਿਰਾਂ ਦੀ ਹਉਮੈ ਨੂੰ ਵੀ ਸੰਤੁਸ਼ਟੀ ਮਿਲਦੀ ਹੈ। ਇਹ ਅਸੂਲ ਘਰ ਦੇ ਨਿੱਕੇ ਫ਼ੈਸਲਿਆਂ 'ਤੇ ਵੀ ਓਨਾ ਹੀ ਲਾਗੂ ਹੁੰਦਾ ਹੈ ਜਿਨਾ ਸੰਸਥਾਵਾਂ ਵਿਚ ਹੋਣ ਵਾਲੇ ਵੱਡੇ ਫ਼ੈਸਲਿਆਂ 'ਤੇ ਲਾਗੂ ਹੁੰਦਾ ਹੈ। ਖੁੱਲ੍ਹ ਕੇ ਕੀਤੇ ਵਿਚਾਰ ਵਟਾਂਦਰੇ ਨਾਲ ਨਿਰਾ ਮਤਭੇਦ ਹੀ ਘੱਟ ਨਹੀਂ ਹੁੰਦੇ ਸਗੋਂ ਫ਼ੈਸਲੇ ਵੀ ਵਧੀਆ ਹੋ ਜਾਂਦੇ ਹਨ। ਇਹ ਫ਼ੈਸਲੇ ਕਿਉਂਕਿ ਸਾਰਿਆਂ ਨੇ ਰਲ ਕੇ ਲਏ ਹੁੰਦੇ ਹਨ, ਇਸ ਕਰਕੇ ਇਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਵੀ ਸਾਰੇ ਆਪਣੀ ਜ਼ਿੰਮੇਵਾਰੀ ਸਮਝਦੇ ਹਨ। ਇੰਜ ਹੋਈਆਂ ਪ੍ਰਾਪਤੀਆਂ ਦਾ ਆਨੰਦ ਸਾਰੇ ਹੀ ਮਾਣਦੇ ਹਨ।

ਅਧੂਰੀ ਜਾਣਕਾਰੀ ਜਿੱਥੇ ਮਤਭੇਦਾਂ ਦਾ ਕਾਰਨ ਬਣਦੀ ਹੈ, ਉੱਥੇ ਪੂਰੀ ਜਾਣਕਾਰੀ ਇਨ੍ਹਾਂ ਨੂੰ ਘੱਟ ਕਰਨ ਵਿਚ ਸਹਾਈ ਹੁੰਦੀ ਹੈ। ਸਾਥੀਆਂ ਦਾ ਵਿਸ਼ਵਾਸ ਉਦੋਂ ਹੀ ਜਿੱਤਿਆ ਜਾ ਸਕਦਾ ਹੈ ਜੇਕਰ ਉਨ੍ਹਾਂ ਨਾਲ ਪੂਰੀ ਜਾਣਕਾਰੀ ਸਾਂਝੀ ਕੀਤੀ ਜਾਵੇ। ਜਦੋਂ ਵੀ ਜਾਣਕਾਰੀ ਛੁਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਸ਼ੱਕ ਦੀ ਭਾਵਨਾ ਉਤਪੰਨ ਹੋ ਜਾਂਦੀ ਹੈ ਤੇ ਸਵੈਮਾਣ ਨੂੰ ਠੇਸ ਲੱਗਦੀ ਹੈ। ਆਪਣੇ ਸਾਥੀਆਂ ਕੋਲੋਂ ਕੁਝ ਵੀ ਛੁਪਾਉਣ ਦੀ ਕੋਸ਼ਿਸ਼ ਨਾ ਕਰੋ, ਕੰਮ ਵਿਚ ਸਫਲਤਾ ਤਾਂ ਆਖਿਰ ਉਨ੍ਹਾਂ ਦੇ ਸਹਿਯੋਗ ਨਾਲ ਹੀ ਪ੍ਰਾਪਤ ਹੋਣੀ ਹੈ। ਹਮੇਸ਼ਾਂ ਸਾਰਿਆਂ ਦੇ ਵਿਚਾਰ ਸੁਣੋ। ਵਿਚਾਰ ਵਟਾਂਦਰੇ ਪਿੱਛੋਂ ਜੇ ਲੋੜ ਪਵੇ ਤਾਂ ਪਹਿਲਾਂ ਕੀਤੇ ਫ਼ੈਸਲੇ ਵਿਚ ਤਬਦੀਲੀ ਕਰ ਲੈਣੀ ਚਾਹੀਦੀ ਹੈ।

ਟਕਰਾਅ ਵਾਲੀ ਸਥਿਤੀ ਸਾਰਿਆਂ ਲਈ ਘਾਤਕ ਹੈ। ਸੂਝਵਾਨ ਮੁਖੀ ਅਜਿਹੀ ਸਥਿਤੀ 'ਤੇ ਜਲਦੀ ਹੀ ਕਾਬੂ ਪਾ ਲੈਂਦਾ ਹੈ। ਕੁਝ ਮੁਖੀ ਅਜਿਹੇ ਵੀ ਹੁੰਦੇ ਹਨ ਜਿਹੜੇ ਜਾਣਕਾਰੀ ਹੁੰਦਿਆਂ ਹੋਇਆਂ ਵੀ ਅਵੇਸਲੇ ਹੋ ਜਾਂਦੇ ਹਨ। ਮਤਭੇਦਾਂ ਅਤੇ ਟਕਰਾਅ ਨੂੰ ਦੂਰ ਕਰਨ ਦੀ ਥਾਂ ਉਹ ਸੋਚਦੇ ਹਨ ਕਿ ਸਮੇਂ ਦੇ ਬੀਤਣ ਨਾਲ ਇਹ ਆਪਣੇ ਆਪ ਹੀ ਖ਼ਤਮ ਹੋ ਜਾਣਗੇ। ਇਹ ਵਿਚਾਰ ਸਹੀ ਨਹੀਂ ਹਨ। ਮੁਖੀ ਨੂੰ ਚਾਹੀਦਾ ਹੈ ਕਿ ਸਾਰੀਆਂ ਧਿਰਾਂ ਨੂੰ ਭਰੋਸੇ ਵਿਚ ਲੈ ਕੇ ਮਤਭੇਦਾਂ ਅਤੇ ਟਕਰਾਅ ਨੂੰ ਖ਼ਤਮ ਕਰੇ। ਟਕਰਾਅ ਅਤੇ ਮਤਭੇਦ ਆਉਂਦੇ ਹੀ ਹਨ। ਇਨ੍ਹਾਂ ਤੋਂ ਘਬਰਾਉਣਾ ਜਾਂ ਇਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਸਗੋਂ ਸਮੇਂ ਸਿਰ ਸਾਰੀਆਂ ਧਿਰਾਂ ਨੂੰ ਵਿਸ਼ਵਾਸ ਵਿਚ ਲੈ ਕੇ ਇਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ।

-ਡਾ. ਰਣਜੀਤ ਸਿੰਘ

## ਨੌਕਰੀਪੇਸ਼ਾ ਔਰਤਾਂ ਦੀ ਜ਼ਿੰਦਗੀ ਦਾ ਸੱਚ

ਜ਼ਮਾਨਾ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਇੱਛਾਵਾਂ ਦੇ ਨਾਲ-ਨਾਲ ਲੋੜਾਂ ਵੀ ਵਧ ਗਈਆਂ ਹਨ ਅਤੇ ਘਰ-ਪਰਿਵਾਰ ਦੀਆਂ ਲੋੜਾਂ ਵਧਣ ਕਾਰਨ ਸਮਾਜ ਵਿਚ ਔਰਤਾਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਗਈ ਹੈ। ਹੁਣ ਘਰ-ਪਰਿਵਾਰ ਦੀ ਆਰਥਿਕ ਸਥਿਤੀ ਨੂੰ ਸੰਭਾਲਣ ਲਈ ਔਰਤਾਂ ਨੂੰ ਵੀ ਮਰਦਾਂ ਵਾਂਗ ਕਮਾਈ ਵਿਚ ਵਾਧਾ ਕਰਨ ਲਈ ਕੰਮ ਕਰਨੇ ਪੈਂਦੇ ਹਨ ਪਰ ਇਸ ਦੇ ਨਾਲ-ਨਾਲ ਉਸ ਨੂੰ ਘਰੇਲੂ ਜ਼ਿੰਮੇਵਾਰੀਆਂ ਵੀ ਨਿਭਾਉਣੀਆਂ ਪੈਂਦੀਆਂ ਹਨ। ਯੁੱਗ ਬਦਲ ਰਿਹਾ ਹੈ ਪਰ ਔਰਤ ਦੇ ਘਰੇਲੂ ਕੰਮ ਦਾ ਕੋਈ ਬਦਲ ਸਾਹਮਣੇ ਨਹੀਂ ਆਇਆ। ਦੇਸ਼ ਦੀ ਸਰਹੱਦ 'ਤੇ ਫੌਜ ਦੀ ਡਿਊਟੀ ਨਿਭਾਅ ਰਹੀ ਔਰਤ ਆਪਣੇ ਘਰ ਵਿਚ ਆਪਣੇ 10 ਮਹੀਨੇ ਦੇ ਬੱਚੇ ਦੀ ਦੇਖਭਾਲ ਦੀ ਚਿੰਤਾ ਵੀ ਕਰ ਰਹੀ ਹੈ। ਚੌਕ ਵਿਚ ਵਰਦੀ ਪਾਈ ਖੜ੍ਹੀ ਔਰਤ ਇਹ ਵੀ ਸੋਚ ਰਹੀ ਹੁੰਦੀ ਹੈ ਕਿ ਅੱਜ ਸਬਜ਼ੀ ਕਿਹੜੀ ਬਣਾਉਣੀ ਹੈ? ਹਸਪਤਾਲ ਵਿਚ ਮਰੀਜ਼ਾਂ ਦੀ ਦੇਖਭਾਲ ਕਰ ਰਹੀ ਇਕ ਨਰਸ ਸੋਚ ਰਹੀ ਹੁੰਦੀ ਹੈ ਕਿ ਅੱਜ ਘਰ ਵਿਚ ਰਸੋਈ ਦੀ ਵੀ ਸਫਾਈ ਕਰਨੀ ਹੈ। ਸਕੂਲ ਵਿਚ ਕਲਾਸ ਨੂੰ ਪੜ੍ਹਾ ਰਹੀ ਇਕ ਅਧਿਆਪਕਾ ਇਹ ਵੀ ਸੋਚ ਰਹੀ ਹੁੰਦੀ ਹੈ ਕਿ ਇਸ ਵਾਰ ਦੀ ਤਨਖਾਹ ਨਾਲ ਘਰ ਦੀਆਂ ਕਿਹੜੀਆਂ ਜ਼ਰੂਰੀ ਚੀਜ਼ਾਂ ਖਰੀਦਣੀਆਂ ਹਨ? ਆਪਣੇ ਬੱਚਿਆਂ ਦੀ ਪੜ੍ਹਾਈ ਦਾ ਫਿਕਰ ਹਰ ਔਰਤ ਨੂੰ ਹੁੰਦਾ ਹੈ, ਭਾਵੇਂ ਕਿ ਉਹ ਕਲਰਕ ਹੋਵੇ ਜਾਂ ਵਕੀਲ, ਖੇਤ ਵਿਚ ਮਜ਼ਦੂਰੀ ਕਰਦੀ ਹੋਵੇ ਜਾਂ ਅਧਿਆਪਕਾ।



ਔਰਤ ਭਾਵੇਂ ਕਿਸੇ ਵੀ ਮਹਿਕਮੇ ਵਿਚ ਨੌਕਰੀ ਕਰੇ, ਉਸ ਨੂੰ ਘਰੇਲੂ ਜ਼ਿੰਮੇਵਾਰੀਆਂ ਨਾਲ-ਨਾਲ ਨਿਭਾਉਣੀਆਂ ਹੀ ਪੈਂਦੀਆਂ ਹਨ। ਨਿੱਜੀ ਅਦਾਰਿਆਂ ਵਿਚ ਕੰਮ ਕਰਦੀਆਂ ਔਰਤਾਂ ਦੀ ਜ਼ਿੰਦਗੀ ਤਾਂ ਉਸ ਤੋਂ ਵੀ ਔਖੀ ਹੈ। ਕੰਮ ਦੇ ਹਿਸਾਬ ਨਾਲ ਉਨ੍ਹਾਂ ਦੀ ਆਮਦਨ ਮਹਿੰਗਾਈ ਦੇ ਇਸ ਜ਼ਮਾਨੇ ਅਨੁਸਾਰ ਬਹੁਤ ਘੱਟ ਹੁੰਦੀ ਹੈ ਪਰ ਕੰਮ ਉਨ੍ਹਾਂ ਨੂੰ ਜ਼ਿਆਦਾ ਕਰਨਾ ਪੈਂਦਾ ਹੈ। ਜਦੋਂ ਕੋਈ ਮਰਦ ਘਰ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਇਨਕਾਰੀ ਹੋ ਜਾਵੇ ਤਾਂ ਅੱਜਕਲ੍ਹ ਦੇ ਛੋਟੇ ਪਰਿਵਾਰਾਂ ਵਿਚ ਨੌਕਰੀ ਪੇਸ਼ਾ ਔਰਤਾਂ ਦਾ ਜੀਵਨ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ। ਅਕਸਰ ਬੰਦਾ ਜ਼ਿਆਦਾ ਕੰਮ ਕਰਨ ਨਾਲ ਨਹੀਂ ਥੱਕਦਾ। ਪ੍ਰੇਸ਼ਾਨੀ ਤਾਂ ਇਸ ਗੱਲ ਦੀ ਹੁੰਦੀ ਹੈ ਕਿ ਜਦੋਂ ਇਕੋ ਵਿਅਕਤੀ ਨੂੰ ਇਕੋ ਸਮੇਂ ਕਈ ਤਰ੍ਹਾਂ ਦੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ ਪਾਸੇ ਸੜਕਾਂ 'ਤੇ ਸੰਘਰਸ਼ ਅਤੇ ਦੂਜੇ ਪਾਸੇ ਚੁੱਲ੍ਹਾ-ਚੌਂਕਾ। ਇਕ ਪਾਸੇ ਦਫਤਰਾਂ ਦੀਆਂ ਫਾਈਲਾਂ ਦਾ ਬੋਝ ਅਤੇ ਦੂਜੇ ਪਾਸੇ ਮਿਰਚ-ਮਸਾਲੇ ਦੀ ਚਿੰਤਾ। ਇਕ ਪਾਸੇ 8-10 ਘੰਟੇ ਖੜ੍ਹੀ ਲੱਤ ਦਾ ਪਹਿਰਾ ਅਤੇ ਦੂਜੇ ਪਾਸੇ ਬੱਚਿਆਂ ਦੀ ਪੜ੍ਹਾਈ ਦਾ ਫਿਕਰ। ਲੋਕ ਤਾਂ ਸਿਰਫ ਹਾਸੇ ਅਤੇ ਕਮਾਈ ਹੀ ਦੇਖਦੇ ਹਨ ਪਰ ਇਸ ਹਾਸੇ ਅਤੇ ਕਮਾਈ ਦੇ ਮਗਰ ਕਿੰਨੇ ਦਰਦ ਛੁਪੇ ਹੋਏ ਹਨ, ਇਸ ਨੂੰ ਸਿਰਫ ਉਹ ਹੀ ਜਾਣਦਾ ਹੈ, ਜਿਹੜਾ ਖੁਦ ਇਨ੍ਹਾਂ ਸਥਿਤੀਆਂ ਵਿਚੋਂ ਲੰਘ ਰਿਹਾ ਹੁੰਦਾ ਹੈ। ਵੱਖੋ-ਵੱਖਰੀਆਂ ਦੋ ਪ੍ਰਕਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਨਾ ਕੇਵਲ ਗ਼ਲਤੀਆਂ ਦੀ ਸੰਭਾਵਨਾ ਵਧਦੀ ਹੈ, ਸਗੋਂ ਇਸ ਨਾਲ ਮਾਨਸਿਕ ਅਤੇ ਦਿਮਾਗੀ ਪ੍ਰੇਸ਼ਾਨੀ ਵੀ ਵਧਦੀ ਹੈ। ਸਕੂਲਾਂ, ਕਾਲਜਾਂ, ਦਫਤਰਾਂ ਅਤੇ ਦੁਕਾਨਾਂ ਆਦਿ 'ਤੇ ਸਫਾਈ ਕਰਨ ਵਾਲੀਆਂ ਔਰਤਾਂ ਵਿਚ ਵੀ ਚਿੜਚਿੜਾਪਨ ਇਸ ਲਈ ਜ਼ਿਆਦਾ ਦੇਖਣ ਨੂੰ ਮਿਲਦਾ ਹੈ ਕਿ ਉਨ੍ਹਾਂ ਦਾ ਧਿਆਨ ਇਕ ਪਾਸੇ ਘਰ-ਪਰਿਵਾਰ ਦੀਆਂ ਜ਼ਿੰਮੇਵਾਰੀਆਂ ਵੱਲ ਅਤੇ ਦੂਜੇ ਪਾਸੇ ਨੌਕਰੀ ਦੇ ਕੰਮ ਵੱਲ ਹੁੰਦਾ ਹੈ। ਇਹ ਨਹੀਂ ਕਿ ਔਰਤਾਂ ਨੂੰ ਨੌਕਰੀ ਕਰਨੀ ਨਹੀਂ ਚਾਹੀਦੀ, ਸਗੋਂ ਇਕ ਖ਼ੁਸ਼ਹਾਲ ਅਤੇ ਚੰਗੇ ਸਮਾਜ ਦੇ ਨਿਰਮਾਣ ਲਈ ਨਾ ਕੇਵਲ ਔਰਤਾਂ ਨੂੰ ਪੜ੍ਹ-ਲਿਖ ਕੇ ਅੱਗੇ ਆਉਣਾ ਚਾਹੀਦਾ ਹੈ, ਸਗੋਂ ਆਰਥਿਕ ਤੌਰ 'ਤੇ ਉਨ੍ਹਾਂ ਦਾ ਆਪਣੇ ਪੈਰਾਂ 'ਤੇ ਖਲੋਣਾ ਵੀ ਜ਼ਰੂਰੀ ਹੈ। ਇਸ ਲਈ ਪਰਿਵਾਰਕ ਮੈਂਬਰਾਂ ਦਾ ਇਹ ਫਰਜ਼ ਵੀ ਬਣਦਾ ਹੈ ਕਿ ਘਰੋਂ ਬਾਹਰ ਨੌਕਰੀ ਕਰ ਰਹੀ ਔਰਤ ਦੇ ਘਰੇਲੂ ਕੰਮਾਂ ਦਾ ਬੋਝ ਕੁਝ ਘੱਟ ਹੋਵੇ। ਦੌਲਤ ਨਾਲ ਅਸੀਂ ਅਮੀਰ ਤਾਂ ਹੋ ਸਕਦੇ ਹਾਂ ਪਰ ਖ਼ੁਸ਼ਹਾਲੀ ਖ਼ੁਸ਼ੀਆਂ ਨਾਲ ਹੀ ਪ੍ਰਾਪਤ ਹੁੰਦੀ ਹੈ। ਸਾਨੂੰ ਗਿਆਨ ਹੋਣਾ ਚਾਹੀਦਾ ਹੈ ਕਿ ਸਾਡਾ ਸਾਥੀ ਅੱਜ ਕਿਹੜੀ ਸਥਿਤੀ ਜਾਂ ਹਾਲਾਤ ਵਿਚੋਂ ਲੰਘ ਰਿਹਾ ਹੈ। ਅਕੇਵੇਂ ਨਾਲ ਗ਼ਲਤੀਆਂ ਦੀ ਸੰਭਾਵਨਾ ਵਧਦੀ ਹੈ। ਗ਼ਲਤੀਆਂ ਵਧ ਜਾਣ 'ਤੇ ਚਿੜਚਿੜਾਪਨ ਵਧਦਾ ਹੈ ਅਤੇ ਇਸ ਨਾਲ ਗੁੱਸਾ ਵੀ ਵਧੇਰੇ ਆਉਣਾ ਸ਼ੁਰੂ ਹੋ ਜਾਂਦਾ ਹੈ। ਸਰੀਰਕ ਥਕਾਵਟ ਨਾਲੋਂ ਮਾਨਸਿਕ ਥਕਾਵਟ ਜ਼ਿਆਦਾ ਪ੍ਰੇਸ਼ਾਨੀ ਦਾ ਕਾਰਨ ਬਣਦੀ ਹੈ ਅਤੇ ਇਸ ਨਾਲ ਸਾਡੇ ਰਿਸ਼ਤੇ-ਨਾਤੇ ਵੀ ਪ੍ਰਭਾਵਿਤ ਹੁੰਦੇ ਹਨ। ਕਈ ਵਾਰ ਔਰਤਾਂ ਨੂੰ ਘਰੇਲੂ ਹਿੰਸਾ ਦਾ ਵੀ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਅਕਸਰ ਹੀ ਇਸ ਸਮੇਂ ਔਰਤ ਅੰਦਰੋਂ ਟੁੱਟ ਜਾਂਦੀ ਹੈ। ਜਦੋਂ ਕੋਈ ਔਰਤ ਅੰਦਰੋਂ ਟੁੱਟਦੀ ਹੈ ਤਾਂ ਇਸ ਨਾਲ ਸਮਾਜਿਕ ਰਿਸ਼ਤੇ ਅਤੇ ਘਰ-ਪਰਿਵਾਰ ਵੀ ਟੁੱਟਣੇ ਸ਼ੁਰੂ ਹੋ ਜਾਂਦੇ ਹਨ।

- ਅਮਰਜੀਤ ਬਰਾੜ

-ਮੋਬਾ: 94179-49079

## ਘਰੇਲੂ ਹਿੰਸਾ ਬਨਾਮ ਔਰਤਾਂ



ਸੁੱਘੜ ਤੇ ਅਪਣੱਤ ਭਰੇ ਘਰੇਲੂ ਰਿਸ਼ਤੇ ਕਿਸੇ ਵੀ ਪਰਿਵਾਰ ਜਾਂ ਸਮਾਜ ਦੀ ਤਰੱਕੀ ਤੇ ਖ਼ੁਸ਼ਹਾਲੀ ਦੀਆਂ ਨੀਹਾਂ ਹੁੰਦੇ ਹਨ ਪਰ ਘਰੇਲੂ ਰਿਸ਼ਤਿਆਂ ਵਿਚ ਕੁੜੱਤਣ ਜਾਂ ਖਟਾਸ ਪਰਿਵਾਰ ਦੀ ਤਬਾਹੀ ਦਾ ਕਰਨ ਹੋ ਨਿੱਬੜਦੀ ਹੈ। ਰਿਸ਼ਤਿਆਂ ਦੀ ਟੁੱਟ-ਭੱਜ ਦਾ ਖਮਿਆਜ਼ਾ ਪਰਿਵਾਰਕ ਮੈਂਬਰਾਂ ਦੇ ਨਾਲ-ਨਾਲ ਕਦੇ-ਕਦੇ ਸਮਾਜ ਨੂੰ ਭੁਗਤਣਾ ਪੈਂਦਾ ਹੈ। ਘਰੇਲੂ ਰਿਸ਼ਤਿਆਂ 'ਚ ਖਟਾਸ ਜੇ ਹਿੰਸਾ ਦੇ ਰੂਪ 'ਚ ਤਬਦੀਲ ਹੋ ਜਾਵੇ ਤਾਂ ਸਥਿਤੀ ਹੋਰ ਵੀ ਭਿਆਨਕ ਹੋ ਜਾਂਦੀ ਹੈ। ਇਸ ਸਥਿਤੀ ਤੋਂ ਹਰ ਹਾਲ 'ਚ ਬਚਣਾ ਚਾਹੀਦਾ ਹੈ। ਇਹ ਕੋਈ ਅਤਿਕਥਨੀ ਨਹੀਂ ਹੈ ਕਿ ਭਾਰਤੀ ਸਮਾਜ 'ਚ ਔਰਤ ਪੁਰਾਤਨ ਸਮੇਂ ਤੋਂ ਹੀ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀ ਰਹੀ ਹੈ ਅਤੇ ਇਸ ਪ੍ਰਸੰਗ 'ਚ ਉਸ ਦੀ ਜੀਵਨ ਯਾਤਰਾ ਵੀ ਕਾਫ਼ੀ ਕਠਿਨਾਈਆਂ ਭਰੀ ਅਤੇ ਪੀੜਦਾਇਕ ਰਹੀ ਹੈ। ਘਰੇਲੂ ਹਿੰਸਾ ਤੋਂ ਭਾਵ ਕੇਵਲ ਸਰੀਰਕ ਮਾਰਕੁੱਟ ਹੀ ਨਹੀਂ ਹੈ। ਘਰੇਲੂ ਹਿੰਸਾ ਦੀ ਆਧੁਨਿਕ ਪਰਿਭਾਸ਼ਾ ਅਨੁਸਾਰ ਇਹ ਸਰੀਰਕ ਤੋਂ ਇਲਾਵਾ ਮੌਖਿਕ ਜਾਂ ਮਾਨਸਿਕ ਵੀ ਹੋ ਸਕਦੀ ਹੈ। ਇਸ ਦੇ ਸ਼ਿਕਾਰ ਔਰਤ ਤੋਂ ਇਲਾਵਾ ਘਰ ਦੇ ਬੱਚੇ, ਬਜ਼ੁਰਗ ਜਾਂ ਮਰਦ ਵੀ ਹੋ ਸਕਦੇ ਹਨ। ਔਰਤਾਂ ਨਾਲ ਹੁੰਦੀ ਘਰੇਲੂ ਹਿੰਸਾ ਦਾ ਮੁੱਖ ਕਾਰਨ ਦਾਜ, ਲਾਲਚ ਜਾਂ ਪਰਿਵਾਰ ਵਿਚ ਪੁਰਸ਼ ਪ੍ਰਧਾਨਤਾ ਹੋ ਸਕਦੀ ਹੈ। ਇਸ ਤੱਥ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਹੈ ਕਿ ਔਰਤਾਂ 'ਤੇ ਹਿੰਸਾ ਲਈ ਬਹੁਤੀ ਵਾਰ ਔਰਤ ਹੀ ਜ਼ਿੰਮੇਵਾਰ ਹੁੰਦੀ ਹੈ। ਘਰ ਦੀ ਵਡੇਰੀ ਔਰਤ ਲਾਲਚ ਜਾਂ ਹੰਕਾਰ ਕਾਰਨ ਪਰਿਵਾਰ ਵਿਚ ਆਪਣੀ ਸੱਤਾ ਕਾਇਮ ਰੱਖਣਾ ਚਾਹੁੰਦੀ ਹੈ। ਉਹ ਪਰਿਵਾਰ ਦੇ ਮਰਦਾਂ ਦੇ ਕੰਨ ਭਰ ਕੇ ਜਾਂ ਖ਼ੁਦ ਘਰੇਲੂ ਹਿੰਸਾ ਨੂੰ ਜਨਮ ਦਿੰਦੀ ਹੈ। ਇਸ ਤੋਂ ਇਲਾਵਾ ਕੰਮਕਾਜੀ ਔਰਤਾਂ ਨੂੰ ਆਪਣੇ ਕੰਮਕਾਜ ਵਾਲੀਆਂ ਥਾਵਾਂ 'ਤੇ ਜਾਂ ਸਫ਼ਰ ਕਰਦੇ ਸਮੇਂ ਵੀ ਸਰੀਰਕ ਜਾਂ ਮਾਨਸਿਕ ਹਿੰਸਾ ਦੀ ਚੱਕੀ 'ਚ ਪਿਸਣਾ ਪੈਂਦਾ ਹੈ। ਘਰੇਲੂ ਹਿੰਸਾ 'ਤੇ ਨੱਥ ਪਾਉਣ ਲਈ ਸਮਾਜ 'ਚ ਸਭ ਦਾ ਖ਼ਾਸ ਕਰ ਕੇ ਔਰਤਾਂ ਦਾ ਪੜ੍ਹੇ-ਲਿਖੇ ਹੋਣਾ ਅਤਿ ਜ਼ਰੂਰੀ ਹੈ। ਵਿੱਦਿਅਕ ਪਾਠਕ੍ਰਮ ਅਜਿਹਾ ਹੋਣਾ ਚਾਹੀਦਾ ਹੈ ਜੋ ਸਭ ਨੂੰ ਔਰਤਾਂ ਦਾ ਸਚਮੁੱਚ ਸਤਿਕਾਰ ਕਰਨਾ ਸਿਖਾਵੇ ਅਤੇ ਔਰਤਾਂ ਨੂੰ ਆਤਮ-ਨਿਰਭਰ ਬਣਾਉਣ ਦੇ ਸਮਰੱਥ ਹੋਵੇ। ਲੜਕੀਆਂ ਦੀ ਸਕੂਲੀ ਤੇ ਉਚੇਰੀ ਸਿੱਖਿਆ ਪੂਰੀ ਤਰ੍ਹਾਂ ਮੁਫ਼ਤ ਹੋਣੀ ਚਾਹੀਦੀ ਹੈ ਅਤੇ ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ ਲਈ ਮੁਫ਼ਤ ਕਾਨੂੰਨੀ ਸਹਾਇਤਾ ਵੀ ਉਪਲਬਧ ਹੋਣੀ ਚਾਹੀਦੀ ਹੈ। ਪੁਲਿਸ ਦਾ ਫ਼ਰਜ਼ ਬਣਦਾ ਹੈ ਕਿ ਉਹ ਸਾਲ 2006 ਵਿਚ ਬਣੇ ਘਰੇਲੂ ਹਿੰਸਾ ਰੋਕਣ ਸਬੰਧੀ ਕਾਨੂੰਨ ਅਤੇ ਅਜਿਹੇ ਹੋਰ ਕਾਨੂੰਨਾਂ ਨੂੰ ਸਹੀ ਭਾਵਨਾ ਨਾਲ ਅਮਲ 'ਚ ਲਿਆਵੇ ਅਤੇ ਪੀੜਤਾਂ ਦੀ ਫ਼ਰਿਆਦ 'ਤੇ ਅਮਲ ਕਰਦਿਆਂ ਅਸਲ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ। ਸਰਕਾਰ ਤੇ ਸਮਾਜ ਸੇਵੀ ਜੱਥੇਬੰਦੀਆਂ ਨੂੰ ਰਲ-ਮਿਲ ਕੇ ਅਜਿਹੇ ਯਤਨ ਕਰਨੇ ਚਾਹੀਦੇ ਹਨ ਕਿ ਪਰਿਵਾਰਾਂ ਵਿਚ ਔਰਤਾਂ ਵੱਲੋਂ ਔਰਤਾਂ 'ਤੇ ਕੀਤੀ ਜਾਂਦੀ ਹਿੰਸਾ 'ਤੇ ਰੋਕ ਲੱਗੇ ਅਤੇ ਪਰਿਵਾਰ ਦੀਆਂ ਔਰਤਾਂ ਇਕ-ਦੂਜੀ ਨੂੰ ਦੁਸ਼ਮਣ ਜਾਂ ਹੀਣ ਸਮਝਣ ਦੀ ਥਾਂ ਇਕ-ਦੂਜੀ ਦੀਆਂ ਪੂਰਕ ਬਣ ਕੇ ਪਰਿਵਾਰ ਦੀ ਤਰੱਕੀ, ਸ਼ਾਂਤੀ ਤੇ ਖ਼ੁਸ਼ਹਾਲੀ ਵਿਚ ਬਰਾਬਰ ਦਾ ਯੋਗਦਾਨ ਪਾਉਣ।

-ਅਸ਼ਵਨੀ ਚਤਰਥ,




# ਕਾਵਿ-ਲਹਿਰਾਂ

## ਵਿਰਸਾ ਪੰਜਾਬ ਦਾ

ਸਾਂਝਾ ਸੀ ਟੱਬਰ , ਕੱਠੇ ਭਾਈ ਭੈਣ ਸੀ।
ਸੁੱਖੀ ਸਾਂਦੀ ਸਾਰਾ , ਵੱਸਦਾ ਮਹੈਂਣ ਸੀ।
ਨਜ਼ਰਾਂ ਨੇ ਖਾਧਾ , ਫੁੱਲ ਹੈ ਗੁਲਾਬ ਦਾ।
ਕਿੱਥੇ ਗੁੰਮ ਗਿਆ ,ਵਿਰਸਾ ਪੰਜਾਬ ਦਾ।
ਦਿਲਾਂ ਵਿੱਚ ਗੂੜ੍ਹਾ , ਹੁੰਦਾ ਸੀ ਪਿਆਰ ਜੀ।
ਵੱਡਿਆਂ ਦਾ ਸਦਾ , ਹੁੰਦਾ ਸਤਿਕਾਰ ਜੀ ।
ਦਬਕਾ ਬੜਾ ਸੀ , ਬਾਪੂ ਲਾਟ ਸਾਹਬ ਦਾ।
ਕਿੱਥੇ ਗੁੰਮ ਗਿਆ , ਵਿਰਸਾ ਪੰਜਾਬ ਦਾ।
ਬੇਬੇ ਤਾਈ ਚਾਚੀ,ਕੱਠੀਆਂ ਹੀ ਰਹਿਣ ਜੀ।
ਵੱਡੀ ਛੋਟੀ ਤਾਈਂ , ਆਖਦੀਆਂ ਭੈਣ ਜੀ ।
ਕਿਸੇ ਨੂੰ ਪਤਾ ਨਾ , ਹੁੰਦਾ ਸੀ ਜਵਾਬ ਦਾ।
ਕਿੱਥੇ ਗੁੰਮ ਗਿਆ , ਵਿਰਸਾ ਪੰਜਾਬ ਦਾ।
ਚਾਟੀ ਚ ਮਧਾਣੀ , ਸੁਬ੍ਹ ਪਾਉਣ ਉੱਠਕੇ।
ਰਸ ਭਿੰਨੀ ਬਾਣੀ , ਮੁੱਖੋ ਗਾਉਣ ਉੱਠਕੇ।
ਸੁਣੀਦਾ ਸੰਗੀਤ , ਵੱਜਦਾ ਰਬਾਬ ਦਾ ।
ਕਿੱਥੇ ਗੁੰਮ ਗਿਆ, ਵਿਰਸਾ ਪੰਜਾਬ ਦਾ।
ਬਲਦਾਂ ਦੇ ਗਲੀਂ , ਘੁੰਗਰੂ ਛਣਕਦੇ ।
ਹਾਲੀਆਂ ਦੇ ਬੋਲ , ਹਵਾ ਚ ਟਣਕਦੇ।
ਉੱਚਾ ਸੁੱਚਾ ਸੁਰ , ਗੂੰਜਦਾ ਜਨਾਬ ਦਾ।
ਕਿੱਥੇ ਗੁੰਮ ਗਿਆ, ਵਿਰਸਾ ਪੰਜਾਬ ਦਾ।
ਸ਼ਾਦੀ ਵਿੱਚ ਨਾਰਾਂ,ਗਾਉਣ ਗੀਤ ਘੋੜੀਆਂ।
ਵੰਡਣ ਖੁਸ਼ੀ ਚ , ਵੀਰਾਂ ਦੀਆਂ ਲੋਹੜੀਆਂ।
ਗਿੱਧਾ ਭੰਗੜਾ ਸੀ , ਪੈਂਦਾ ਬੇਹਿਸਾਬ ਦਾ ।
ਕਿੱਥੇ ਗੁੰਮ ਗਿਆ , ਵਿਰਸਾ ਪੰਜਾਬ ਦਾ ।
ਸ਼ਾਲਾ ਕਿਤੇ ਫਿਰ , ਦਿਨ ਆਉਣ ਮੁੜਕੇ।
ਸਾਰਾ ਪਰਿਵਾਰ , ਫਿਰ ਬੈਠੇ ਜੁੜਕੇ ।
" ਸੁੱਖ " ਹੋਜ਼ੇ ਮੇਲਾ ,ਰਾਵੀ ਤੇ ਚਨਾਬ ਦਾ।
ਕਿੱਥੇ ਗੁੰਮ ਗਿਆ , ਵਿਰਸਾ ਪੰਜਾਬ ਦਾ ।

**ਲ਼ਿਖਤ : ਸੁਖਚੈਨ ਸਿੰਘ ਚੰਦ ਨਵਾਂ**
**ਸੰਪਰਕ : 9914973876**

## ਜ਼ਿੰਦਗੀ

ਜ਼ਿੰਦਗੀ ਬਹੁਤ ਖੂਬ-ਸੂਰਤ,
ਰੱਬ ਨੇ ਆਉਣ ਬਣਾਈ ਮੂਰਤ।
ਇਸ ਜ਼ਿੰਦਗੀ ਨੂੰ ਜਿਉਣ ਲਈ,
ਓਸ ਡਾ ਢੇ ਦੀ ਬਹੁਤ ਜ਼ਰੂਰਤ।
ਜ਼ਿੰਦਗੀ ਇਕ ਤੋਹਫ਼ਾ ਅਨਮੋਲ,
ਮਨੁੱਖ ਨੂੰ ਮਿਲੀ ਵਾਂਗ ਸੌਗਾਤ।
ਪਰ ਲੱਗਦੀ ਕਦੀ ਬੁਝਾਰਤ ਵਰਗੀ,
ਕਿਵੇਂ ਬੁੱਝੀਏ ਇਹ ਦੀ ਬਾਤ।
ਜ਼ਿੰਦਗੀ ਦੁੱਖਾਂ-ਸੁੱਖਾਂ ਦਾ ਘਰ,
ਐ ਪਰ ਨਾ ਇਸ ਗੱਲ ਤੋਂ ਡਰ।
ਜ਼ਿੰਦਾ ਦਿਲੀ ਦੇ ਨਾਲ ਜਿਊਣਾ,
ਜੇ ਕਰਨੀ ਇਹ ਦੀ ਮੰਜ਼ਿਲ ਸਰ।
ਜ਼ਿੰਦਗੀ ਦੇ ਪਲ ਖੱਟੇ-ਮਿੱਠੇ,
ਨਾ ਇਹ ਰਹਿੰਦੇ ਹਨ ਇਕ ਸਾਰ।
ਪਰ ਇਹੋ ਲੱਗਦਾ ਸ਼ੁੱਧ ਵਿਚਾਰ,
ਨਾਲ ਦਲੇਰੀ ਕਰਨੇ ਪਾਰ।
ਜ਼ਿੰਦਗੀ ਵਿੱਚ ਉਤਰਾ ਚੜਾ ਦਾ ਆਉਣਾ,
ਹੁੰਦਾ ਆਮ ਵਰਤਾਰਾ।
ਦ੍ਰਿੜ ਇਰਾਦਾ ਮਜ਼ਬੂਤ ਹੌਸਲਾ ਰੱਖ,
ਅੱਗੇ ਕਦਮ ਵਧਾਉਣਾ।
ਜ਼ਿੰਦਗੀ ਦੇ ਵਿੱਚ ਮੁਸ਼ਕਿਲ ਦੇ ਨਾਲ,
ਜੇ ਸਿੱਖ ਲਊਂ ਟਕਰਾਉਣਾ।
ਇਕ ਨਾ ਇਕ ਦਿਨ ਮੰਜ਼ਿਲ ਉੱਤੇ,
ਸੱਚ-ਮੁੱਚ ਤੂੰ ਪੁੱਜ ਜਾਣ।
ਇਮਾਨਦਾਰੀ ਨਾਲ ਚੱਲ ਦੇ ਰਹਿਣਾ,
ਆਪੇ ਬਣਦਾ ਜਾਊ ਰਾਹ।
ਬਨਾਰਸੀ ਦਾਸ ਅਧਿਆਪਕ ਲਿਖਦਾ,
ਪਲ-ਪਲ ਓਹ ਦੀ ਵਿੱਚ ਰਜ਼ਾ।

**ਬਨਾਰਸੀ ਦਾਸ ਅਧਿਆਪਕ ਰੱਤੇਵਾਲ**
**ਮੋ: 94635-05286**

## ਉਹ ਪੰਜਾਬ ਮਿਲ ਜਾਵੇ

ਜਿੱਥੇ ਨਾਮ ਦੇ ਮਿਲਣ ਪਿਆਰੇ,
ਇੱਕ ਦੂਜੇ ਦੇ ਬਣਨ ਸਹਾਰੇ,
ਕੁਦਰਤ ਦੇ ਹੋਣ ਰੰਗ ਨਿਆਰੇ,
ਉਹ ਪੰਜਾਬ ਮਿਲ ਜਾਵੇ।
ਚਾਰੇ ਪਾਸੇ ਹੋਵੇ ਹਰਿਆਲੀ,
ਫਲਦਾਰ ਰੁੱਖ ਬਾਗਾਂ ਦੇ ਮਾਲੀ,
ਮੁੜ ਆਏ ਸਾਡੀ ਹੱਲ ਪੰਜਾਲ਼ੀ,
ਉਹ ਪੰਜਾਬ ਮਿਲ ਜਾਵੇ।
ਇੱਕ ਵਾਰ ਫਿਰਤੋਂ ਚਰਖਾ ਕੱਤਣ,
ਤੀਆਂ ਗਿੱਧਿਆ ਵਿੱਚ ਨੱਚਣ,
ਢਾਣੀ ਬੰਨ ਬੰਨ ਕੇ ਸਾਰੇ ਹੱਸਣ,
ਉਹ ਪੰਜਾਬ ਮਿਲ ਜਾਵੇ।
ਪੰਜਾਬੀ ਵਿਰਸੇ ਦੀ ਹੋਏ ਕਹਾਣੀ,
ਬੇਬੇ ਚਾਟੀ ਵਿੱਚ ਪਾਵੇ ਮਧਾਣੀ,
ਖੇਤ ਨੂੰ ਭੱਤਾ ਲੈ ਜਾਏ ਸਵਾਣੀ,
ਉਹ ਪੰਜਾਬ ਮਿਲ ਜਾਵੇ।
ਕਤਲ ਚੋਰੀ ਨਾ ਦਿਨ ਦਿਹਾੜੇ,
ਕੋਈ ਨਾ ਵੇਖੇ ਦਿਨ ਏਥੇ ਮਾੜੇ,
ਨਾ ਹੀ ਕੋਈ ਕੱਡੇ ਹੌਕੇ ਹਾੜੇ,
ਉਹ ਪੰਜਾਬ ਮਿਲ ਜਾਵੇ।
ਪਿੰਡਾਂ ਚ ਬੈਠੇ ਸਿਆਸਤ ਦਾਨ,
ਜੋ ਭੁੱਲੇ ਫਿਰਦੇ ਨੇ ਭਗਵਾਨ,
ਕੁਲਵੰਤ ਕੋਹਾੜ ਜਿੱਥੇ ਇਨਸਾਨ,
ਉਹ ਪੰਜਾਬ ਮਿਲ ਜਾਵੇ।
ਉਹ ਪੰਜਾਬ ਮਿਲ ਜਾਵੇ

**ਲਿਖਤ : ਕੁਲਵੰਤ ਸਿੰਘ ਕੋਹਾੜ**
**ਸੰਪਰਕ 9803720820**

## ਸਰਦਾਰੀ

ਸਰਦਾਰੀ ਦਾ ਖੂਨ ਹੈ ਅੰਦਰ,
ਇਹ ਖੌਲ ਹੀ ਜਾਂਦਾ ਹੈ।
ਗਲਤ ਨੂੰ ਦੇਖ ਕੇ ਮਨ ਚੰਦਰਾ,
ਕੁੱਝ ਬੋਲ ਹੀ ਜਾਂਦਾ ਹੈ।
ਸਰਦਾਰੀ ਦਾ...
ਹੱਥੀਂ ਮਿਹਨਤ ਕਰਨਾ ਸਿੱਖੇ,
ਉੱਚੇ ਅਸਾਂ ਨਿਸ਼ਾਨੇ ਮਿੱਥੇ।
ਅੱਗੇ ਹੋ ਕਰੀਏ ਹੱਥ ਦੋ-ਦੋ,
ਜ਼ੁਲਮ ਹੁੰਦਾ ਹੋਵੇ ਜਿੱਥੇ।
ਜਿਹੜਾ ਲੈਂਦਾ ਪੰਗਾ ਇੱਕ ਵਾਰ,
ਬਿਸਤਰ ਹੋ ਗੋਲ਼ ਹੀ ਜਾਂਦਾ ਹੈ।
ਸਰਦਾਰੀ ਦਾ...
ਗਰੀਬ ਨੂੰ ਦੇਖ ਕੇ ਦਿਲ ਪਸੀਜ਼ੇ,
ਭੁੱਖਾ ਕਿਸੇ ਨੂੰ ਰਹਿਣ ਨਾ ਦੀਜੇ।
ਲੰਗਰ ਚਲਦੇ ਬਿਨਾਂ ਰੁਕਾਵਟ,
ਕਦੇ ਖੀਰਾਂ ਤੇ ਕਦੇ ਨੇ ਪੀਜ਼ੇ।
ਬਾਬਾ ਨਾਨਕ ਆ ਕੇ ਮੇਰਾ,
ਤੇਰਾਂ-ਤੇਰਾਂ ਤੋਲ ਹੀ ਜਾਂਦਾ ਹੈ।
ਸਰਦਾਰੀ ਦਾ....
ਦੱਬਦਾ-ਦਹਿੰਦਾ ਉੱਠ ਬਹਿਦਾ ਹਾਂ,
ਤਾਕਤ 'ਕੱਠੀ ਕਰ ਲੈਂਦਾ ਹਾਂ।
ਮਿਹਰ ਗੁਰਾਂ ਦੀ ਸਦਕਾ ਹੀ,
ਮਰਦਾ-ਮੁੱਕਦਾ ਜੀਅ ਪੈਂਦਾ ਹਾਂ।
ਦੇਵੇ ਸ਼ਹੀਦੀਆਂ ਕੌਮ ਲਈ ਜੋ,
ਲਹੂ ਆਪਣਾ ਡੋਲ ਹੀ ਜਾਂਦਾ ਹੈ।
ਸਰਦਾਰੀ ਦਾ....

**ਮਨਜੀਤ ਕੌਰ ਧੀਮਾਨ,**
**ਸੰ:9464633059**

## ਹੱਲ-ਜੁਲ

ਜੁੱਤੀ ਟੁੱਟ ਗਈ ਗਿਆ ਪਾਟ ਝੋਥਾ,
ਭਾਂਡਾ ਠਿੱਕਰ ਖਿੰਡ ਸਮਾਨ ਗਿਆ।
ਹੁਣ ਚੁਗਣੀ ਵੀ ਗਈ ਹੋ ਔਖੀ,
ਆਪੇ ਬਹਿ ਖਿੰਡਾ ਕੇ ਭਾਨ ਗਿਆ।

ਚਾਅ ਲੱਥ ਗਏ ਲਏ ਸੁਪਨਿਆਂ ਦੇ,
ਪਈਆਂ ਆਦਤਾਂ ਨੂੰ ਵੀ ਛਾਣ ਗਿਆ।
ਬੁਣ ਕੇ ਹੋਰਨਾਂ ਲਈ ਜਾਲ ਮੱਕੜੀ,
ਵਿੱਚ ਆਪੇ ਫਸ ਸ਼ੈਤਾਨ ਗਿਆ।

ਚਾਰ ਚੁਫੇਰਾ ਵੀ ਗਿਆ ਬਣ ਵੈਰੀ,
ਜੋ ਪਹਿਲਾਂ ਸੀ ਰੱਖ ਮਾਣ ਗਿਆ।
ਕੁੱਤੀ ਲੈਂਣਗੇ ਕੱਢ ਕਪਾਹ ਵਿੱਚੋਂ,
ਜਦ ਢਿੱਲਾ ਪੈ ਕਾਹਨ ਗਿਆ।

ਹੁਣ ਉਹ ਵੀ ਦੇਣਗੇ ਕੱਢ 'ਭਗਤਾ',
ਜਿਹੜਾ ਪੈ ਮੰਜੇ 'ਚ ਕਾਣ ਗਿਆ।
ਢਹਿਣੋਂ ਡਿੱਗਣੋਂ ਕਦੇ ਨਾ ਬਚ ਹੋਣਾ,
ਜੀਹਨੇ ਪੀ ਸਰਕਾਰੋਂ ਲਾਹਣ ਗਿਆ।

**ਬਰਾੜ-ਭਗਤਾ ਭਾਈ ਕਾ**
**1-604-751-1113**

## ਉੱਖੜੇ ਨੂੰ ਆਸ ਕਾਹਦੀ?

ਮਨ ਟੁੱਟਿਆ ਤਨ ਟੁੱਟਿਆ ਫਿਰਦਾ,
ਉੱਖੜਿਆ ਫਿਰਦਾ ਹਿਰਦਾ॥
ਪਤਾ ਨਹੀਂ ਇਹ ਕੀ ਪਿਆ ਚੱਲੇ,
ਵਾਰ ਵਾਰ ਮੈਂ ਗਿਰਦਾ॥
ਇੱਕ ਸੋਚ ਮੈਨੂੰ ਉੱਪਰ ਚੁੱਕੇ ,
ਦੂਜੀ ਸੁੱਟਦੀ ਥੱਲੇ ॥
ਪਤਾ ਨਹੀਂ ਕੀ ਹੋਇਆ ਮੈਨੂੰ,
ਪੈਂਦਾ ਨਹੀ ਕੁਝ ਪੱਲੇ ॥
ਖਾਣਾ ਭੁੱਲਿਆ ਪਾਣਾ ਭੁੱਲਿਆ,
ਪੜ੍ਹਨਾ ਭੁੱਲਿਆ ਮੈਨੂੰ॥
ਦੁਨੀਆਂ ਨਾਲੋਂ ਨਾਤਾ ਤੋੜਾਂ,
ਯਾਦ ਕਰਾਂ ਨਾ ਤੈਨੂੰ ॥
ਸਭ ਕੁਝ ਮੈਨੂੰ ਲੱਗੇ ਓਪਰਾ,
ਚੀਜ਼ ਬਿਗਾਨੇ ਜਾਪੇ॥
ਤੇਰੇ ਤੋਂ ਜੋ ਟੁੱਟਿਆ ਮਾਲਕਾ,
ਜੋੜ ਲਈਂ ਤੂੰ ਆਪੇ॥
ਆਸ ਪਾਸ ਹੁਣ ਦਿਸੇ ਹਨ੍ਹੇਰਾ,
ਸਭ ਧੁੰਦਲਾ ਧੁੰਦਲਾ ਲੱਗੇ ॥
ਹਾਲੇ ਤਾਂ ਸ਼ੁਰੂਆਤ ਹੈ ਮਿੱਤਰਾ,
ਜਾਣਾ ਬਹੁਤ ਹੀ ਅੱਗੇ ॥
ਯਕਦਮ ਸੱਜਣਾ ਕੁਝ ਨਹੀਂ ਬਣਦਾ,
ਸਮਾਂ ਤਾਂ ਸਭ ਨੂੰ ਲੱਗਦਾ ॥
ਜਿਉਂਦੇ ਜੀਅ ਕੋਈ ਹਾਲ ਨਹੀਂ
ਪੁੱਛਦਾ,
ਮਰੇ ਤੇ ਦੀਵਾ ਜਗਦਾ॥
ਕੋਈ ਨ੍ਹੀਂ ਮਿੱਤਰ ਦੋਸਤ ਖੜ੍ਹਦਾ,
ਛੱਡ ਜਾਂਦੇ ਨੇ ਮਾਪੇ ॥
ਛੱਡ ਜਾਂਦੇ ਸਭ ਯਾਰ ਕਰੀਬੀ,
ਜੋ ਤੂੰ ਦਿਲ ਤੇ ਛਾਪੇ ॥
ਉੱਠ ਜਾਗ ਓਏ ਤੁਰਨਾ ਪੈਣੈਂ,,
ਸਿੱਖ ਲੈ ਤੌਰ ਤਰੀਕੇ ॥
ਸੰਭਲ ਸੰਭਲ ਕੇ ਚੱਲਣਾ ਪੈਂਣਾ,,
ਰਸਤਾ ਬੜਾ ਬਰੀਕ ਏ॥
ਛੱਡਦੇ ਆਸ ਪਰਾਈ ਬਾਬਾ,,
ਛੱਡਦੇ ਪਾਪ ਕਮਾਣਾ ॥
ਨਾਮ ਬੰਦਗੀ ਭਜਨ ਬਾਣੀ ਬਿਨ,
ਕਿਸੇ ਨਾਲ ਨਹੀਂ ਜਾਣਾ॥

**ਮੰਗਤ ਸਿੰਘ ਲੌਂਗੋਵਾਲ**

## ਧਰਮ

ਧਰਮ ਕਿਰਦਾਰ ਹੈ ਸੱਚ ਦਾ,
ਧਰਮ ਕਿਉਂ ਬਣ ਗਿਆ ਧੰਦਾ।
ਨਫ਼ਰਤ ਧਰਮਾਂ ਦੇ ਨਾਂ ਤੇ ਕਿਉਂ,
ਬੰਦੇ ਤੋਂ ਦੂਰ ਕਿਉਂ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਧਰਮ ਤੇ ਮਰਨਾਂ ਦੂਜੇ ਲਈ,
ਦੂਜੇ ਲਈ ਜਿਉਣਾਂ ਹੁੰਦਾ ਏ।
ਮਾਣ ਸਨਮਾਨ ਬਰਾਬਰ ਦਾ,
ਬੰਦੇ ਨੂੰ ਸਮਝਣਾ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਬੰਦਾ ਇੱਕ ਨੂਰ ਤੋਂ ਬਣਿਆ,
ਤੇ ਫਿਰ ਮੱਤ ਭੇਦ ਕਿਉਂ ਏਥੇ।
ਏਥੇ ਹੰਕਾਰ ਕਿਉਂ ਸਿਖਰਾਂ ਤੇ,
ਬੰਦਾ ਕਿਉਂ ਬਣਿਆ ਨਈਂ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਜ਼ਾਤ-ਪਾਤ ਉੱਚ-ਨੀਚ ਦਾ,
ਹੁੰਦਾ ਵਖਰੇਵਾਂ ਹੈ ਜਿੱਥੇ।
ਉਹ ਧਰਮ ਹੀ ਧੋਖਾ ਹੈ,
ਜਿੱਥੇ ਇੱਕ ਹੋਇਆ ਨਈਂ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਧਰਮਾਂ ਦੇ ਲੋਕ ਸਿਖਾਉਂਦੇ ਨੇ,
ਆਪਸ ਵਿੱਚ ਰੱਜ ਕੇ ਵੈਰ ਕਰੋ।
ਚੰਗਾ ਹੈ ਧਰਮ ਬੱਸ ਮੇਰਾ,
ਦੂਜੇ ਦਾ ਧਰਮ ਨਹੀ ਚੰਗਾ।
ਧਰਮ ਕਿਰਦਾਰ ਹੈ ਸੱਚ ਦਾ...
ਧਰਮਾਂ ਦੇ ਨਾਂ ਤੇ ਕਿਉਂ ਮੱਚਦਾ,
ਹੀ ਕੋਹਰਾਮ ਦੁਨੀਆਂ ਤੇ।
ਰਹਿੰਦਾ ਏ ਪਿਆਸਾ ਕਿਉਂ ਬੰਦਾ,
ਬੰਦੇ ਦੇ ਖੂਨ ਦਾ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਧਰਮਾਂ ਦੇ ਠੇਕੇਦਾਰਾਂ ਆਪਣੀ,
ਧਰਮ ਜਾਗੀਰ ਕਿਉਂ ਸਮਝ ਲਿਆ।
ਹਰਦਾਸਪੁਰੀ ਕੁਦਰਤ ਦਾ ਘਾਣ ਏ,
ਹੱਥੀਂ ਕਰ ਰਿਹਾ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ,
ਬੰਦੇ ਤੋਂ ਦੂਰ ਕਿਉਂ ਬੰਦਾ....

**ਮਲਕੀਤ ਹਰਦਾਸਪੁਰੀ ਗਰੀਸ**
**00306947249768**

## ਗ਼ਜ਼ਲ

ਜਜ਼ਬਿਆਂ ਨੂੰ ਦੋਸਤਾਂ ਦੇ ਨਾਮ ਲਿਖ।
ਦੋਸਤੀ ਨਾਂ ਐ!ਦਿਲਾ ਪੈਗ਼ਾਮ ਲਿਖ।
ਮਹਿਫਲਾਂ ਵਿਚ ਦਿਲਬਰਾਂ ਨੂੰ ਕਸ਼ਿਸ਼ ਦੀ,
ਖੂਬਸੂਰਤ ਦਸਤਕਾਂ ਦੀ ਸ਼ਾਮ ਲਿਖ।

ਹਰ ਸੁਹਾਗਣ ਦੇ ਰਹੇ ਘਰ ਰੌਸ਼ਨੀ,
ਰੌਸ਼ਨੀ ਦਾ ਹਰ ਸਮੇਂ ਇੰਤਜ਼ਾਮ ਲਿਖ।
ਤੋਤਲੇ ਜੋ ਬੋਲ ਫੁੱਲ ਨੇ ਮਹਿਕਦੇ,
ਮਹਿਕਦੇ ਨੇ ਖ਼ਾਬ ਤੇ ਅੰਜਾਮ ਲਿਖ।

ਮੁੱਦਤਾਂ ਦੇ ਤੜਫਦੇ ਨੇ ਦਰਦ ਨਾਲ,
ਇਹ ਕਰੋਨਾ ਖ਼ੌਫ਼ ਨੂੰ ਕੋਹਿਰਾਮ ਲਿਖ।
ਸਹਿਕਦੀ ਕਿੰਝ ਬੇਰੁਖੀ ਵਿਚ ਜ਼ਿੰਦਗੀ,
ਜ਼ਿੰਦਗੀ ਵਿਚ ਹੈ ਮਹੁੱਬਤ ਆਮ ਲਿਖ।

ਅਸਲ ਵਿਚ ਕਿਰਤੀ ਮਸੀਹੇ ਦੋਸਤਾ,
ਹਰ ਮਸੀਹੇ ਦੇ ਸਫ਼ਰ ਵਿਚ ਮੁਕਾਮ ਲਿਖ।

**ਲਿਖਤ : ਮੇਜਰ ਸਿੰਘ ਰਾਜਗੜ੍ਹ**

## ਕਦੇ ਕਦੇ ਲੇਖਕ

ਕਦੇ ਕਦੇ ਲੇਖਕ ਦੇ ਹਾਣ ਦੇ।
ਕਦੇ ਬਜ਼ੁਰਗ ਜਵਾਨ ਜਿਹੇ।
ਸੰਦੇਸ਼ ਭੇਜ ਦੇਂਦੇਂ ਜਦ ਕਹਿ।
ਧੀਏ, ਭੈਣੇ ਜਿਉਂਦੀ ਰਹਿ।
ਕੋਈ ਪਿਆਰਾ ਜਿਹਾ ਲਿਖਦਾ।
ਸਾਹਮਣੇ ਲਿਖਿਆ ਜਦ ਵਿਖਦਾ।
ਕਿ ਭੱਠੀ ਵਾਲੀ ਤਾਈ ਪੜ੍ਹਿਆ
ਲੱਗਾ ਹੀਰੇ ਮੋਤੀ ਜੜਿਆ।
ਤੈਥੋਂ ਕੁੜੇ ਬਲਿਹਾਰੇ ਜਾਵਾਂ।
ਤੈਨੂੰ ਘੁੱਟ ਗਲਵੱਕੜੀ ਪਾਵਾਂ।
ਨਾਲ਼ੇ ਨਾਨਕ ਨਾਮ ਧਿਆਵਾਂ।
ਤੇਰੇ ਨਾਮ ਤੇ ਨਿੰਮਾਂ ਲਾਵਾਂ।
ਪੰਜਾਬ ਦੀਏ ਲਾਡਲੀਏ ਕੁੜੀਏ।
ਨੀ ਨਾਨਕ ਨਾਮ ਨਾਲ਼ ਜੁੜੀਏ।
ਏਨਾਂ ਮਾਣ ਬਖ਼ਸ਼ਦੇ ਜਦ ਸਭ।
ਲੇਖਕ ਗੱਲ ਭਰ ਜਾਂਦਾ ਗੱਚ।
ਨੈਣੋਂ ਵਹਿਣ ਖੁਸ਼ੀ ਦੇ ਹੰਝੂ।
ਸੋਚੇ ਕੀ ਇਹ ਹੋਊ ਸੱਚ।
ਹੱਥ ਜੋੜ ਨਿੰਮਾ ਨਿੰਮਾ ਹੱਸਾਂ।
ਚਾਰੇ ਪਾਸੇ ੧ੳ ਸਾਹਿਬ ਤੱਕਾਂ।
ਅੰਦਰੋਂ ਝੁਕ ਕੁਦਰਤ ਨੂੰ ਧਿਆਇਆ।
ਤੂੰ ਹੀ ਕਾਦਰ ਪਿਆਰ ਦਿਵਾਇਆ।
ਜਿਸ ਸਰਬ ਲਈ ਕਾਨੂੰ ਘੜਿਆ।
ਆਪੇ ਓਸ ਦੇ ਹੱਥ ਫੜਾਇਆ।
ਫਿਰ ਨਿਮਾਣੀ ਬਖ਼ਸ਼ ਕੇ ਹਰਫ਼ਾਂ।
ਤੂੰ ਆਪ ਲਿਖਣ ਦਾ ਜ਼ਿੰਮਾ ਲਾਇਆ।
ਸਿਜਦੇ ਲਈ ਲਿਖਤੀ ਸਿਰ ਕੋਲੋ।
ਕਲਮ ਨੂੰ ਮੱਥਾ ਆਪ ਟਿਕਾਇਆ।
ਕਰ ਬੇਨਤੀ ਓਸ ਨੂੰ ਚੁੱਕਿਆ।
ਪਿਆਰ ਨਾਲ ਘੁੱਟ ਹਿੱਕੜੀ ਲਾਇਆ।
ਧੰਨ ਗੁਰੂ ਨਾਨਕ ਤੇਰੀ ਮਹਿਮਾ।
ਤੈਨੂੰ ਜਿਸ ਕਿਸੇ ਵੀ ਧਿਆਇਆ।
ਉਹਨੂੰ ਤੇਰਿਆਂ ਗਲ ਨਾਲ ਲਾਇਆ।
ਸਤਿ ਕਰਤਾਰ ਸਰਬ ਇਹ ਜਾਣੇ।
ਉਹ ਹੀ ਹੁੰਦਾ ਜੋ ਤੂੰ ਚਾਹਿਆ।

**ਲਿਖਤ : ਸਰਬਜੀਤ ਕੌਰ ਪੀ ਸੀ**

## ਗੱਲਾਂ ਦੇ ਗੀਤ"

ਸੋਹਣੇ ਮੁੱਖ ਤੋਂ ਜਦ ਵੀ ਕੂੰਦਾ ਏ
ਬੋਲ ਜਾਪਣ ਜਿਓਂ ਰੂਹਾਨੀ ਗੱਲਾਂ,

ਓਹਦੇ ਲਫ਼ਜ਼ਾਂ ਦੀ ਮੈਨੂੰ ਤਾਂਘ ਲੱਗੇ
ਜਿਓ ਵਿਚ ਸਮੁੰਦਰ ਹੋਵਣ ਛੱਲਾਂ,

ਜੇ ਵਕਤ ਦੇਵੇ ਗੱਲ ਕਰਨੇ ਦਾ
ਤਾਂ ਇਸ਼ਕ ਹਕੀਕੀ ਦੇ ਪੰਨੇ ਥੱਲਾਂ,

ਮੇਰੇ ਘਰ ਆ ਕੇ ਜੇ ਮੁੜਨਾ ਚਾਹੇ
ਤਾਂ ਜਾਣ ਲੱਗੇ ਦੀਆਂ ਰਾਹਾਂ ਮੱਲਾਂ,

ਜਦ ਵਕਤ ਮਿਲੇ ਝੱਟ ਫੁਰਸਤ ਦਾ
ਫੇਰ ਖਿੱਚ ਪਵੇ ਮੇਰੇ ਰੱਬ ਕੋਲ ਚੱਲਾਂ,

ਗੱਲ ਸੁਣਨੇ ਦਾ ਤਾਂ ਵਕਤ ਨਹੀਂ
"ਅਰਸ਼" ਗੀਤ ਬਣਾ ਗਾਉਣੀਆਂ ਗੱਲਾਂ।

**ਲਿਖਤ : ਅਰਸ਼ਪ੍ਰੀਤ ਕੌਰ ਸਰੋਆ**
**ਰਿਸਰਚ ਸਕਾਲਰ**



# ਸਿਹਤ ਸੰਸਾਰ



# ਖੰਘ ਦੇ ਲੱਛਣ

## ਅਤੇ ਦੇਸੀ ਇਲਾਜ

**ਲਿਖਤ : ਵੈਦ ਅਮਨਦੀਪ ਸਿੰਘ ਬਾਪਲਾ**

**ਸੰਪਰਕ :** 9914611496



ਇਕ ਕਹਾਵਤ 'ਰੋਗ ਦਾ ਘਰ ਹੈ ਖੰਘ ਅਸਲ ਵਿਚ ਖੰਘ ਨਾਲ ਕਈ ਬਿਮਾਰੀਆਂ ਫੈਲਦੀਆਂ ਹਨ।

ਖੰਘ, ਜੁਕਾਮ, ਬਲਗਮ ਅਤੇ ਜ਼ਿਆਦਾ ਗੰਭੀਰ ਬਿਮਾਰੀਆਂ ਬਾਰੇ ਸੂਚਨਾ ਵੰਡਣਾ ਅਤੇ ਉਸ ਦੇ ਅਨੁਸਾਰ ਕੰਮ ਕਰਨਾ ਕਿਉਂ ਜ਼ਰੂਰੀ ਹੈ।

ਆਯੁਰਵੈਦਿਕ ਅਨੁਸਾਰ ਕਿਸੇ ਵੀ ਤਰਾ ਦੇ ਸਰੀਰ ਵਿੱਚ ਰੋਗ ਹੋਣ ਦੇ ਤਿੰਨ ਕਾਰਨ ਹੁੰਦੇ ਹਨ, ਵਾਤ,ਪਿੱਤ,ਕਫ,

ਵਾਤ ਦਾ ਅਰਥ ਵਾਯੂ, ਪਿੱਤ ਦਾ ਅਰਥ ਗਰਮੀ ਅਤੇ ਕਫ਼ ਦਾ ਅਰਥ ਚਿਕਨਾਈ ਤੋਂ ਹੈ। ਤੰਦਰੁਸਤ ਸਰੀਰ ਲਈ ਵਾਤ, ਪਿੱਤ ਅਤੇ ਕਫ ਦਾ ਸੰਤੁਲਨ ਹੋਣਾ ਜ਼ਰੂਰੀ ਹੈ। ਇਨ੍ਹਾਂ ਦਾ ਸੰਤੁਲਨ ਵਿਗੜਨ ਨਾਲ ਸਰੀਰ ਰੋਗੀ ਹੋ ਜਾਂਦਾ ਹੈ। ਇਸ ਲਈ ਇਨ੍ਹਾਂ ਬਾਰੇ ਜਾਣਕਾਰੀ ਹੋਣਾ ਹਰੇਕ ਵਿਅਕਤੀ ਲਈ ਜ਼ਰੂਰੀ ਹੈ।

ਅੱਜ ਗੱਲ ਕਰਾਗੇ ਕਫ ਦੀ। ਕਫ, ਸਰੀਰ ਵਿਚ ਬਲਗਮ,ਜੁਖਾਮ,ਖਾਸੀ ਦਾ ਬਣਨਾ, ਖੰਘ, ਜੁਕਾਮ, ਗਲਾ ਖ਼ਰਾਬ ਹੋਣਾ ਅਤੇ ਨੱਕ ਵਗਣਾ ਬੱਚਿਆਂ ਦੇ ਜੀਵਨ ਦੀਆਂ ਆਮ ਘਟਨਾਵਾਂ ਹੁੰਦੀਆਂ ਹਨ।ਫਿਰ ਵੀ, ਕੁਝ ਮਾਮਲਿਆਂ ਵਿੱਚ, ਖਾਂਸੀ ਅਤੇ ਜੁਕਾਮ ਨਿਮੋਨੀਆ ਜਾਂ ਤਪਦਿਕ (ਟੀ. ਬੀ.) ਜਿਹੀਆਂ ਗੰਭੀਰ ਬਿਮਾਰੀਆਂ ਦੇ ਲੱਛਣ ਹੁੰਦੇ ਹਨ

ਤਪੇਦਿਕ ਦਾ ਤਾਂ ਇਹ ਸੱਜਾ ਹੱਥ ਹੈ। ਕਫ ਵਾਲੀ ਖਾਂਸੀ ਵਿਚ ਬਲਗਮ ਡਿੱਗਦੀ ਹੈ। ਟੀ.ਬੀ. ਦੁਆਰਾ ਹੋਣ ਵਾਲੀ ਖੰਘ ਬਹੁਤ ਸਮੇਂ ਤੱਕ ਬੁਖਾਰ ਤੇ ਜਲਨ ਨੂੰ ਪੈਦਾ ਕਰਨ ਦੇ ਬਾਅਦ ਆਉਂਦੀ ਹੈ। ਛਾਤੀ ਵਿਚ ਟੀ.ਬੀ ਕਾਰਨ ਜੋ ਖੰਘ ਹੁੰਦੀ ਹੈ, ਉਹ ਬਹੁਤ ਤੇਜ਼ ਹੁੰਦੀ ਹੈ। ਖੰਘਦੇ ਸਮੇਂ ਰੋਗੀ ਦੇ ਗਲੇ ਨੂੰ ਬਹੁਤ ਤਕਲੀਫ ਹੁੰਦੀ ਹੈ, ਬਦਨ ਵਿਚ ਦਰਦ ਹੁੰਦਾ ਹੈ। ਖੰਘਦੇ ਸਮੇਂ ਕਦੇ-ਕਦੇ ਕਫ ਨਾਲ ਖ਼ੂਨ ਵੀ ਆਉਂਦਾ ਹੈ। ਕੰਠ ਅਤੇ ਛਾਤੀ ਵਿਚ ਪੀੜ ਹੁੰਦੀ ਹੈ। ਜਦੋਂ ਖੰਘ ਸ਼ੁਰੂ ਹੁੰਦੀ ਹੈ ਤਾਂ ਸਿਰਫ ਸੁੱਕੀ ਖੰਘ ਹੀ ਹੁੰਦੀ ਹੈ ਅਰਥਾਤ ਬਲਗਮ ਨਹੀਂ ਨਿਕਲਦਾ ਪਰ ਕਈ ਮਾਮਲਿਆਂ ਵਿਚ ਬਾਅਦ ਵਿਚ ਬਲਗਮ ਦੇ ਨਾਲ-ਨਾਲ ਖ਼ੂਨ ਵੀ ਆਉਣ ਲੱਗਦਾ ਹੈ। ਸਾਧਾਰਨ ਤੌਰ 'ਤੇ ਖੰਘ ਫੇਫੜਿਆਂ ਵਿਚ ਜ਼ਿਆਦਾ ਸਰਦੀ ਜਾਂ ਗਰਮੀ ਦਾ ਅਸਰ ਹੋਣ, ਨਜਲਾ ਜ਼ੁਕਾਮ ਹੋ ਜਾਣ, ਨਿਮੋਨੀਆਂ, ਤਪਦਿਕ, ਗਲੇ ਵਿਚ ਖਰਾਸ਼ ਹੋ ਜਾਣ, ਸਾਹ ਨਲੀ ਵਿਚ ਧੂੜ-ਧੂੰਆਂ ਆਦਿ ਦੇ ਪ੍ਰਵੇਸ਼ ਕਰ ਜਾਣ ਆਦਿ ਕਾਰਨਾਂ ਨਾਲ ਹੋ ਸਕਦੀ ਹੈ। ਜ਼ਿਆਦਾ ਮਾਤਰਾ ਵਿਚ ਸ਼ਰਾਬ ਪੀਣ, ਸਿਗਰਟਨੋਸ਼ੀ ਕਰਨ, ਗੁਟਕਾ ਤੰਬਾਕੂ ਆਦਿ ਦੀ ਵਰਤੋਂ ਕਰਨ ਨਾਲ ਵੀ ਖੰਘ ਦਾ ਇਨਫੈਕਸ਼ਨ ਹੋ ਜਾਂਦਾ ਹੈ। ਮੌਸਮ ਦੇ ਅਨੁਸਾਰ ਸ਼ੁਰੂ ਤੋਂ ਹੀ ਬਚਾਅ ਕਰਨ ਨਾਲ ਖੰਘ ਦਾ ਹੋਣਾ ਨਿਸ਼ਚਿਤ ਹੁੰਦਾ ਹੈ। ਇਸ ਲਈ ਮੌਸਮ ਦੇ ਅਨੁਕੂਲ ਪਹਿਰਾਵਾ, ਖਾਣ-ਪੀਣ ਦਾ ਧਿਆਨ ਰੱਖਦਿਆਂ ਖੰਘ ਤੋਂ ਬਚਿਆ ਜਾ ਸਕਦਾ ਹੈ। ਖੰਘ ਹੋ ਜਾਣ 'ਤੇ ਉਸ ਨੂੰ ਰੋਕਣ ਅਤੇ ਖਤਮ ਕਰਨ ਲਈ ਹੇਠ ਲਿਖੇ ਤਰੀਕਿਆਂ ਨੂੰ ਕਰਨਾ ਲਾਭਦਾਇਕ ਹੈ।

- ਕਾਲੀ ਮਿਰਚ, ਅਦਰਕ, ਤੁਲਸੀ ਦੇ ਪੱਤੇ ਲੌਂਗ ਪਾ ਕੇ ਚਾਹ ਬਣਾ ਕੇ ਪੀਣ ਨਾਲ ਖੰਘ ਤੇ ਜ਼ੁਕਾਮ ਦੋਵਾਂ ਵਿਚ ਫਾਇਦਾ ਹੁੰਦਾ ਹੈ।
- ਅਦਰਕ ਦਾ ਰਸ ਅਤੇ ਸ਼ਹਿਦ ਨੂੰ ਬਰਾਬਰ ਮਾਤਰਾ ਵਿਚ ਮਿਲਾ ਕੇ ਇਕ ਚਮਚ ਦੀ ਮਾਤਰਾ ਵਿਚ ਮਾਮੂਲੀ ਗਰਮ ਕਰਕੇ ਦਿਨ ਵਿਚ ਤਿੰਨ-ਚਾਰ ਵਾਰ ਲੈਂਦੇ ਰਹਿਣ ਨਾਲ ਆਰਾਮ ਮਿਲਦਾ ਹੈ।
- ਕਾਲੀ ਮਿਰਚ ਪੀਸ ਕੇ ਉਸ ਵਿਚ ਚਾਰ ਗੁਣਾਂ ਗੁੜ ਮਿਲਾਕੇ ਅੱਧਾ ਗ੍ਰਾਮ ਦੀਆਂ ਗੋਲੀਆਂ ਬਣਾ ਕੇ ਰੱਖ ਲਓ। ਸਵੇਰੇ-ਦੁਪਹਿਰ, ਸ਼ਾਮ ਇਕ-ਗੋਲੀ ਚੂਸਣ ਨਾਲ ਖੰਘ ਵਿਚ ਆਰਾਮ ਮਿਲੇਗਾ।
- ਮੁਨੱਕਾ ਦੇ ਬੀਜ ਨੂੰ ਕੱਢ ਕੇ ਉਸ ਬੀਜ ਨੂੰ ਉਬਲਦੇ ਘਿਓ ਵਿਚ ਪਾ ਕੇ ਲਾਲ ਕਰਕੇ ਭੁੰਨ ਲਓ। ਉਸ ਨੂੰ ਕੱਢ ਦੇ ਬਾਰੀਕ ਚੂਰਨ ਬਣਾ ਲਓ। ਇਸ ਵਿਚ ਕਾਲੀ ਮਿਰਚ ਦਾ ਚੂਰਨ ਬਣਾ ਕੇ ਬਰਾਬਰ ਮਾਤਰਾ ਵਿਚ ਮਿਲਾ ਲਓ। ਇਕ ਗ੍ਰਾਮ ਚੂਰਨ ਨੂੰ ਸ਼ਹਿਦ ਨਾਲ ਦਿਨ ਵਿਚ ਤਿੰਨ ਵਾਰ ਲੈਣ 'ਤੇ ਖੰਘ ਤੋਂ ਆਰਾਮ ਮਿਲਦਾ ਹੈ।
- ਭਿੰਡੀ ਦੇ ਛੋਟੇ-ਛੋਟੇ ਟੁੱਕੜਿਆਂ ਨੂੰ ਕੱਟ ਕੇ ਪਾਣੀ ਵਿਚ ਪਾ ਕੇ ਉਬਾਲੋ। ਇਸ ਦੀ ਭਾਫ ਨਾਲ ਗਲੇ ਦੀ ਸੋਜ (ਟਾਂਸਿਲ) ਤੇ ਦੋਵਾਂ 'ਚ ਹੀ ਆਰਾਮ ਮਿਲਦਾ ਹੈ।
- ਗਰਮ ਪਾਣੀ ਵਿਚ ਚੁਟਕੀ ਭਰ ਨਮਕ ਪਾ ਕੇ ਉਸ ਨੂੰ ਪੀਣ ਅਤੇ ਗਰਾਰੇ ਕਰਦੇ ਰਹਿਣ ਨਾਲ ਖੰਘ ਵਿਚ ਵੀ ਲਾਭ ਮਿਲਦਾ ਹੈ।
- 3-4 ਲੌਂਗਾਂ ਨੂੰ ਤਵੇ 'ਤੇ ਭੁੰਨ ਕੇ ਉਸ ਨੂੰ ਇਕ ਗਲਾਸ ਦੁੱਧ ਵਿਚ ਪਾ ਕੇ ਉਬਾਲ ਲਓ। ਸੌਂਦੇ ਸਮੇਂ ਇਸ ਦੁੱਧ ਨੂੰ ਪਿਲਾਉਣ ਨਾਲ ਖੰਘ ਵਿਚ ਆਰਾਮ ਮਿਲਦਾ ਹੈ।
- ਇਕ ਤੋਲਾ ਗੁੜ ਅਤੇ ਦੋ ਤੋਲਾ ਗਾਂ ਦੇ ਘਿਓ ਦੇ ਨਾਲ ਮਿਲਾ ਕੇ ਰੋਜ਼ਾਨਾ ਸੇਵਨ ਕਰਨ ਨਾਲ ਸੁੱਕੀ ਖੰਘ ਤੋਂ ਆਰਾਮ ਮਿਲਦਾ ਹੈ। ਛੋਟੇ ਬੱਚਿਆਂ ਦੇ ਪਖਾਨਾ ਰਸਤੇ 'ਤੇ ਤਿੰਨ-ਚਾਰ ਬੂੰਦਾਂ ਸਰੋਂ ਦਾ ਤੇਲ ਟਪਕਾਉਂਦੇ ਰਹਿਣ ਨਾਲ ਵੀ ਖੰਘ ਵਿਚ ਲਾਭ ਮਿਲਦਾ ਹੈ।
- ਸ਼ੁੱਧ ਸ਼ਰ੍ਹੋਂ ਦੇ ਤੇਲ ਵਿਚ 10 ਗ੍ਰਾਮ ਕਾਲਾ ਨਮਕ ਮਿਲਾ ਕੇ ਰੱਖੋ। ਇਸ ਨਾਲ ਬੱਚਿਆਂ ਦੀ ਛਾਤੀ 'ਤੇ ਮਾਲਿਸ਼ ਕਰੋ। ਵਾਰ-ਵਾਰ ਖੰਘ ਹੋਣ ਹੋਣ 'ਤੇ ਛੇਤੀ ਹੀ ਹਲਦੀ ਦੀ ਗੰਢੀ ਨੂੰ ਚੂਸਣ ਨਾਲ ਆਰਾਮ ਮਿਲਦਾ ਹੈ।
- ਕਾਲੀ ਮਿਰਚ, ਲੌਂਗ ਅਤੇ ਮਿਸ਼ਰੀ ਤਿੰਨਾਂ ਨੂੰ ਬਰਾਬਰ ਮਾਤਰਾ ਵਿਚ ਲੈ ਕੇ ਇਕ ਕੱਪ ਪਾਣੀ ਵਿਚ ਪਾ ਕੇ ਉਬਾਲੋ ਜਦ ਇਹ ਚੌਥਾਈ ਰਹਿ ਜਾਵੇ ਤਾ ਲਾਹ ਕੇ ਚਾਹ ਦੇ ਬਰਾਬਰ ਘੁੱਟ ਭਰ ਕੇ ਪੀ ਲਓ। ਕਫ ਵਾਲੀ ਖੰਘ ਵਿਚ ਜ਼ਿਆਦਾ ਲਾਭਦਾਇਕ ਹੁੰਦਾ ਹੈ।
- ਪੁਰਾਣੀ ਇਮਲੀ 50 ਗ੍ਰਾਮ ਲੈ ਕੇ ਉਸ ਨੂੰ ਇਕ ਕੱਪ ਪਾਣੀ ਵਿਚ ਪਾ ਕੇ ਉਬਾਲੋ। ਜਦ ਪਾਣੀ ਅੱਧਾ ਰਹਿ ਜਾਵੇ ਤਾਂ ਉਸ ਨੂੰ ਚਾਹ ਦੇ ਬਰਾਬਰ ਪੀਓ। ਇਸ ਨਾਲ ਸਾਹ ਘੁੱਟਣ ਵਾਲੀ ਖੰਘ, ਅਰਥਾਤ ਅਜਿਹੀ ਖੰਘ ਜਿਸ ਨੂੰ ਖੰਘਦੇ-ਖੰਘਦੇ ਸਾਹ ਅਟਕਣ ਲੱਗੇ, ਉਸ ਸਥਿਤੀ ਵਿਚ ਲਾਭਦਾਇਕ ਹੁੰਦੇ ਹਨ।
- ਬੇਰ ਦੇ ਕੋਮਲ-ਕੋਮਲ ਪੱਤਿਆਂ ਨੂੰ ਲੈ ਕੇ ਗਾਂ ਦੇ ਘਿਓ ਵਿਚ ਪਾ ਕੇ ਭੁੰਨ ਲਓ ਅਤੇ ਉਸ ਦਾ ਚੂਰਨ ਬਣਾ ਲਓ। ਇਕ ਗ੍ਰਾਮ ਚੂਰਨ ਵਿਚ ਚੌਥਾਈ ਹਿੱਸਾ ਕਾਲਾ ਨਮਕ ਮਿਲਾ ਕੇ ਉਸ ਨੂੰ ਸ਼ਹਿਦ ਨਾਲ ਮਿਲਾ ਲਓ। ਦਿਨ ਵਿਚ ਤਿੰਨ ਵਾਰ ਚਾਰ-ਚਾਰ ਘੰਟੇ 'ਤੇ ਇਸ ਮਿਸ਼ਰਣ ਨੂੰ ਚਟਾਉਂਦੇ ਰਹਿਣ ਨਾਲ ਹਰ ਤਰ੍ਹਾਂ ਦੀ ਖੰਘ ਦੂਰ ਹੋ ਜਾਂਦੀ ਹੈ।
- ਕੱਚੇ ਲਸਣ ਨੂੰ ਮੂੰਹ ਵਿਚ ਰੱਖ ਕੇ ਚੂਸਦੇ ਰਹਿਣ ਨਾਲ ਖੰਘ ਦਾ ਵੇਗ ਘੱਟ ਹੋ ਜਾਂਦਾ ਹੈ।

# 'ਸੇਬ' ਹੈ ਕਈ ਬਿਮਾਰੀਆਂ ਦਾ ਇਲਾਜ

**ਲਿਖਤ : ਏਕਮਨੂਰ ਸਿੰਘ**

ਤੁਸੀਂ ਸ਼ਾਇਦ ਅੰਗਰੇਜ਼ੀ ਦੀ ਪੁਰਾਣੀ ਕਹਾਵਤ ਸੁਣੀ ਹੋਵੇਗੀ, 'ਰੋਜ਼ਾਨਾ ਇਕ ਸੇਬ ਡਾਕਟਰ ਨੂੰ ਦੂਰ ਰੱਖਦਾ ਹੈ', ਹਾਲਾਂਕਿ ਸੇਬ ਖਾਣਾ ਕੋਈ ਇਲਾਜ ਨਹੀਂ ਹੈ ਪਰ ਇਹ ਤੁਹਾਡੀ ਸਿਹਤ ਲਈ ਚੰਗਾ ਹੈ। ਸੇਬ ਵਿਚ ਸੋਡੀਅਮ, ਚਰਬੀ ਅਤੇ ਕੋਲੈਸਟ੍ਰੋਲ ਦੀ ਮਾਤਰਾ ਘੱਟ ਹੁੰਦੀ ਹੈ। ਸੇਬ ਵਿਟਾਮਿਨ ਸੀ ਅਤੇ ਫਾਈਬਰ ਦਾ ਇਕ ਚੰਗਾ ਸਰੋਤ ਹੈ। ਸੇਬ ਵਿਚ ਕੈਲਸ਼ੀਅਮ, ਫਾਈਬਰ ਸਮੇਤ ਹੋਰ ਕਈ ਪੌਸ਼ਟਿਕ ਤੱਤ ਹੁੰਦੇ ਹਨ, ਜਿਹੜੇ ਸਾਨੂੰ ਸਿਹਤਮੰਦ ਰੱਖਦੇ ਹਨ। ਸੇਬ ਦਾ ਨਿਯਮਤ ਸੇਵਨ ਕਰਨ ਨਾਲ ਤੁਹਾਡੀ ਇਮਿਊਨਿਟੀ ਵਧਦੀ ਹੈ। ਜੇਕਰ ਪੇਟ ਵਿਚ ਕੀੜੇ ਹੋਣ ਤਾਂ ਹਰ ਰੋਜ਼ ਪੀੜਤ ਨੂੰ ਦੋ ਮਿੱਠੇ ਸੇਬ ਦਿਓ। ਤੁਸੀਂ ਉਸ ਨੂੰ ਹਰ ਰੋਜ਼ ਇਕ ਗਿਲਾਸ ਤਾਜੇ ਸੇਬ ਦਾ ਜੂਸ ਵੀ ਦੇ ਸਕਦੇ ਹੋ। ਇਸ ਤਰ੍ਹਾਂ ਕਰਨ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ।



ਜੋ ਲੋਕ ਸਿਰ ਦਰਦ, ਚਿੜਚਿੜੇਪਨ, ਬੇਹੋਸ਼ੀ ਜਾਂ ਭੁੱਲਣ ਵਰਗੀ ਸ਼ਿਕਾਇਤ ਦੇ ਸ਼ਿਕਾਰ ਹਨ, ਉਨ੍ਹਾਂ ਨੂੰ ਭੋਜਨ ਤੋਂ ਪਹਿਲਾਂ ਦੋ ਤਾਜ਼ੇ ਮਿੱਠੇ ਸੇਬ ਖਾਣੇ ਚਾਹੀਦੇ ਹਨ। ਜਿਨ੍ਹਾਂ ਲੋਕਾਂ ਦਾ ਦਿਲ ਕਮਜ਼ੋਰ ਹੈ ਜਾਂ ਦਿਲ ਦੀ ਧੜਕਣ ਘੱਟ ਜਾਂ ਜ਼ਿਆਦਾ ਹੋ ਜਾਂਦੀ ਹੈ, ਉਦੋਂ ਉਨ੍ਹਾਂ ਨੂੰ ਚਾਂਦੀ ਦਾ ਵਰਕ ਲਗਾ ਕੇ ਸੇਬ ਦੇ ਮੁਰੱਬੇ ਦਾ ਸੇਵਨ ਕਰਨਾ ਚਾਹੀਦਾ ਹੈ। ਸੇਬ ਵਿਚ ਮਿਲਣ ਵਾਲਾ ਫਾਈਬਰ ਮੋਟਾਪਾ ਘਟਾਉਣ ਵਿਚ ਵੀ ਮਦਦਗਾਰ ਹੈ, ਜਿਸ ਨਾਲ ਵਿਅਕਤੀ ਹੋਰ ਬਿਮਾਰੀਆਂ ਦਾ ਸ਼ਿਕਾਰ ਹੋਣ ਤੋਂ ਵੀ ਬਚਦਾ ਹੈ। ਸੇਬ ਇਨਸੋਮਨੀਆ ਦੇ ਇਲਾਜ ਵਿਚ ਵੀ ਬਹੁਤ ਫਾਇਦੇਮੰਦ ਹੈ। ਜੇਕਰ ਤੁਹਾਨੂੰ ਦੇਰ ਰਾਤ ਤੱਕ ਨੀਂਦ ਨਹੀਂ ਆਉਂਦੀ ਜਾਂ ਅੱਧੀ ਰਾਤ ਨੂੰ ਨੀਂਦ ਖੁੱਲ੍ਹਣ ਤੋਂ ਬਾਅਦ ਨੀਂਦ ਆਉਂਦੀ ਹੋਵੇ ਤਾਂ ਸੌਣ ਤੋਂ ਪਹਿਲਾਂ ਇਕ ਸੇਬ ਦਾ ਮੁਰੱਬਾ ਖਾਓ ਅਤੇ ਬਾਅਦ ਵਿਚ ਗਰਮ ਦੁੱਧ ਪੀਓ, ਨੀਂਦ ਚੰਗੀ ਆਵੇਗੀ।

# ਕਬਜ਼-ਸਮੱਸਿਆ ਨਹੀਂ ਹੈ

ਕਬਜ਼ ਆਪਣੇ ਆਪ 'ਚ ਕੋਈ ਰੋਗ ਨਹੀਂ ਹੈ ਪਰ ਲਗਾਤਾਰ ਬਣੇ ਰਹਿਣ ਕਾਰਨ ਇਹ ਕਈ ਰੋਗਾਂ ਨੂੰ ਜਨਮ ਜ਼ਰੂਰ ਦਿੰਦੀ ਹੈ। ਲਗਾਤਾਰ ਕਬਜ਼ ਰਹਿਣ ਨਾਲ ਬਵਾਸੀਰ ਦਾ ਰੋਗ ਹੋ ਜਾਂਦਾ ਹੈ, ਜੋ ਬਹੁਤ ਦੁਖਦਾਇਕ ਹੈ। ਜੇਕਰ ਤੁਸੀਂ ਵੀ ਕਬਜ਼ ਦੇ ਸ਼ਿਕਾਰ ਹੋ ਤਾਂ ਇਸ ਨੂੰ ਸਮੱਸਿਆ ਨਾ ਸਮਝੋ, ਆਪਣੇ ਰਹਿਣ-ਸਹਿਣ 'ਚ ਬਦਲਾਅ ਲਿਆ ਕੇ ਇਸ ਨੂੰ ਕਾਬੂ 'ਚ ਕਰ ਸਕਦੇ ਹੋ। ਕੁਝ ਘਰੇਲੂ ਤਰੀਕੇ ਅਪਣਾ ਕੇ ਇਸ ਤੋਂ ਨਿਜਾਤ ਪਾਉਣ ਦਾ ਯਤਨ ਕਰੋ:

- ਸਵੇਰੇ ਉਠ ਕੇ ਕੋਸਾ ਪਾਣੀ ਪੀਓ। ਸਵੇਰੇ ਪਖਾਨਾ ਜਾਣ ਤੋਂ ਬਾਅਦ ਸੈਰ ਨੂੰ ਜ਼ਰੂਰ ਜਾਓ।
- ਆਪਣੀ ਖੁਰਾਕ 'ਚ ਹਰ ਰੋਜ਼ ਪਪੀਤੇ ਨੂੰ ਸ਼ਾਮਿਲ ਜ਼ਰੂਰ ਕਰੋ ਤਾਂ ਕਿ ਤੁਹਾਨੂੰ ਰੇਸ਼ਾ ਭਾਵ ਫਾਈਬਰ ਮਿਲ ਸਕੇ।
- ਸਲਾਦ, ਹਰੀਆਂ ਪੱਤੇਦਾਰ ਸਬਜ਼ੀਆਂ, ਫਲੀਆਂ ਆਦਿ ਦੀ ਵਰਤੋਂ ਜ਼ਰੂਰ ਕਰੋ।
- ਦੁੱਧ, ਦਲੀਆ ਜਾਂ ਦੁੱਧ ਨਾਸ਼ਤੇ 'ਚ ਜ਼ਰੂਰ ਲਓ।
- ਖਾਣਾ ਖਾਣ ਤੋਂ ਅੱਧੇ-ਪੌਣੇ ਘੰਟੇ ਬਾਅਦ ਕੋਸਾ ਪਾਣੀ ਜ਼ਰੂਰ ਪੀਓ।
- ਰਾਤ ਨੂੰ ਸੌਣ ਤੋਂ ਪਹਿਲਾਂ ਆਂਵਲਾ ਪਾਊਡਰ ਕੋਸੇ ਪਾਣੀ ਨਾਲ ਖਾਓ।
- ਨੀਂਦ ਪੂਰੀ ਲਓ।
- ਰਾਤ ਨੂੰ ਗਰਮ ਦੁੱਧ ਦੇ ਨਾਲ ਈਸਬਗੋਲ ਦੀ ਭੁੱਕੀ ਜਾਂ ਦੋ-ਚਾਰ ਮੁਨੱਕੇ ਦੇ ਦਾਣੇ ਪਾ ਕੇ ਦੁੱਧ ਉਬਾਲੋ। ਦੁੱਧ ਪੀਣ ਤੋਂ ਬਾਅਦ ਮੁਨੱਕੇ ਖਾ ਲਓ।
- 5 ਕਿਲੋ ਆਟੇ 'ਚ 250 ਗ੍ਰਾਮ ਕਣਕ ਦਾ ਬੂਰਾ ਮਿਲਾ ਕੇ ਆਟੇ ਦੀ ਰੋਟੀ ਖਾਓ।
- ਬੱਚਿਆਂ ਨੂੰ ਵੱਡੀ ਹਰੜ ਪਾਣੀ 'ਚ ਪੀਸ ਕੇ ਥੋੜ੍ਹੀ ਜਿਹੀ ਖੰਡ ਮਿਲਾ ਕੇ ਦੋ ਚਮਚ ਦਿਓ। ਕਬਜ਼ ਠੀਕ ਹੋ ਜਾਵੇਗੀ।



- ਸਬਜ਼ੀਆਂ ਦਾ ਗਰਮ ਸੂਪ ਪੀਓ। ਪਾਣੀ ਵੀ ਜ਼ਿਆਦਾ ਪੀਓ।

**ਕੀ ਨਾ ਕਰੀਏ**

- ਤੰਗ ਕੱਪੜੇ ਨਾ ਪਾਓ।
- ਮਲ ਤਿਆਗਦੇ ਸਮੇਂ ਜ਼ੋਰ ਨਾ ਲਗਾਓ।
- ਰਾਜਮਾਂਹ, ਛੋਲੇ, ਮਾਂਹ ਅਤੇ ਫਾਸਟਫੂਡ ਦੀ ਵਰਤੋਂ ਘੱਟ ਕਰੋ।
- ਮੈਦੇ ਤੋਂ ਬਣੀਆਂ ਚੀਜ਼ਾਂ ਦੀ ਵਰਤੋਂ ਘੱਟ ਤੋਂ ਘੱਟ ਕਰੋ।
- ਚਾਵਲ, ਨਾਨਵੈੱਜ ਵੀ ਘੱਟ ਤੋਂ ਘੱਟ ਖਾਓ।
- ਜੇਕਰ ਕਬਜ਼ ਮਹਿਸੂਸ ਹੋਵੇ ਤਾਂ ਉੱਪਰ ਦੱਸੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ ਤਾਂ ਇਹ ਸਮੱਸਿਆ ਨਹੀਂ ਵਧੇਗੀ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ ਭਢਚਹਏਲੋਰ`ਡ ਛੋਮਪੁਟੲਰ ਅਰਟ ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ,ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

## CHANGE OF NAME

I, Manjinder Singh S/O Gurbinder Singh holder of Indian passport No. T8287093, issued at Dubai, U.A.E & Indian Address Bath Road, Near Godown Vpo Pandori Gola, Tarn Taran, 143401, Punjab, India, and presently residing at 32215 Ashcroft Drive, Abbotsford, B.C, V2T5C7, Canada, do hereby change my name from Manjinder Singh to Manjinder Singh Dhillon with immediate effect.

## CHANGE OF NAME

I, Nirmaldeep Kaur W/O Manjinder Singh holder of Indian passport No. U0653905, issued at Vancouver, B.C., Canada & Indian Address Kothi no 124, New Diamond Avenue Majitha Road, Amritsar, 143001 Punjab, India and presently residing at 32215 Ashcroft Drive, Abbotsford, B.C, V2T5C7, Canada, do her eby change my name from Nirmaldeep Kaur to Nirmaldeep Kaur Dhillon with immediate effect.




ਲੇਖਕ : ਡਾ. ਸੁਖਰਾਜ ਸਿੰਘ ਬਾਜਵਾ,
ਸੰਪਰਕ : 78886 - 84597

ਮੈਂ ਨਾਸਤਿਕ ਨਹੀਂ ਪਰ ਮੈਂ ਪਰਮਾਤਮਾ ਜਾਂ ਰੱਬ ਦੀ ਗੱਲ ਨਹੀਂ ਕਰਦਾ। ਜਦੋਂ ਵੀ ਰੱਬ ਦੀ ਗੱਲ ਚੱਲੇਗੀ ਤਾਂ ਉੱਥੇ ਧਰਮਾਂ ਦੀ ਗੱਲ ਚੱਲੇਗੀ, ਧਰਮ ਜੋ ਵੰਡੀਆਂ ਪਾਉਂਦੇ ਹਨ। ਮੇਰਾ ਧਰਮ ਸਿੱਖ ਤੇ ਮੈਂ ਵਾਹਿਗੁਰੂ ਨੂੰ ਮੰਨਦਾ ਹਾਂ, ਮੈਂ ਹਿੰਦੂ, ਰਾਮ ਹੈ ਮੇਰਾ ਭਗਵਾਨ, ਮੈਂ ਮੁਸਲਮਾਨ ਮੇਰਾ ਅੱਲਾਹ ਹੈ ਮਹਾਨ, ਮੈਂ ਇਸਾਈ ਤੇ ਮੇਰੇ ਜੀਸਸ ਤੋਂ ਵੱਡਾ ਕੋਈ ਨਹੀਂ। ਬੱਸ ਫਿਰ ਕੀ, ਮੇਰਾ ਰੱਬ ਤੇਰੇ ਰੱਬ ਤੋਂ ਵੱਡਾ। ਇਸ ਵੱਡਪੁਣੇ ਨੇ ਪੈਦਾ ਕੀਤੀ ਹੈ ਨਫਰਤ। ਨਫਰਤ ਵੀ ਉਸ ਵੇਲੇ, ਜਦੋਂ ਸਭ ਧਾਰਮਿਕ ਹੋਣ ਦਾ ਡੰਕਾ ਪਿਟਦੇ ਹਨ ਤੇ ਧਰਮਾਂ ਦੀਆਂ ਉਹਨਾਂ ਪੁਸਤਕਾਂ, ਜਿਨ੍ਹਾਂ ਨੂੰ ਗ੍ਰੰਥ ਮੰਨਦੇ ਹਨ, ਰੱਬ ਦਾ ਦਰਜਾ ਦਿੰਦੇ ਹਨ, ਜਿਸ ਵਿੱਚ ਲਿਖਿਆ ਹੁੰਦਾ ਹੈ ਕਿ ਪ੍ਰੇਮ ਕਰੋ, ਪ੍ਰੇਮ ਵੰਡੋ। ਨਫਰਤ ਲਈ ਜਿਸ ਵਿੱਚ ਕੋਈ ਥਾਂ ਨਹੀਂ ਤੇ ਉਸ ਗ੍ਰੰਥ ਨੂੰ ਪੜ੍ਹ ਕੇ ਵੰਡਦੇ ਕੀ ਹਾਂ, ਨਫਰਤ। ਹਰ ਸਾਲ ਹਜ਼ਾਰਾਂ ਲੋਕ, ਸਿਰਫ ਮੇਰੇ ਦੇਸ਼ ਵਿੱਚ ਹੀ ਨਹੀਂ, ਪੂਰੀ ਦੁਨੀਆਂ ਵਿੱਚ ਮਾਰੇ ਜਾਂਦੇ ਹਨ, ਸਿਰਫ ਤੇ ਸਿਰਫ ਧਰਮ ਦੇ ਨਾਮ 'ਤੇ। ਇਹ ਲੜਾਈ ਕੋਈ ਭੋਜਨ ਲਈ ਸੰਘਰਸ਼ ਨਹੀਂ, ਜ਼ਮੀਨ ਦੇ ਕਬਜ਼ੇ ਲਈ ਨਹੀਂ, ਇਹ ਲੜਾਈ ਨਾ ਸੱਤਾ ਹਾਸਿਲ ਕਰਨ ਲਈ ਹੈ ਤੇ ਨਾ ਹੀ ਧਨ ਦੌਲਤ ਲੁੱਟਣ ਲਈ, ਇਹ ਲੜਾਈ ਸਿਰਫ ਆਪਣੇ ਧਰਮ ਨੂੰ ਦੂਸਰੇ ਦੇ ਧਰਮ ਤੋਂ ਬਿਹਤਰ ਸਾਬਤ ਕਰਨ ਲਈ, ਦੂਸਰੇ ਨੂੰ ਵੱਧ ਤੋਂ ਵੱਧ ਨਫਰਤ ਦਿਖਾਉਣ ਲਈ ਹੁੰਦੀ ਹੈ।

ਹਾਂ, ਮੈਂ ਨਾਸਤਿਕ ਨਹੀਂ, ਮੈਂ ਗੱਲ ਧਰਮ ਦੀ ਨਹੀਂ, ਮੈਂ ਗੱਲ ਕਰਦਾ ਹਾਂ। ਉਸ ਕੁਦਰਤ ਦੀ, ਜੋ ਸਭ ਤੋਂ ਬਲਵਾਨ ਹੈ, ਜੋ ਕਿਸੇ ਨਾਲ ਭੇਦ ਭਾਵ ਨਹੀਂ ਕਰਦੀ। ਕੁਦਰਤ ਨੇ ਧਰਤੀ ਉੱਪਰ ਜੀਵਨ ਬਖਸ਼ਿਆ। ਧਰਤੀ ਉੱਪਰ ਜੀਵਨ ਲਈ ਸਾਰੇ ਅਨੁਕੂਲ ਹਾਲਾਤ, ਪਾਣੀ, ਹਵਾ, ਸਹੀ ਤਾਪਮਾਨ ਤੇ ਸੂਰਜ ਦੀ ਗਰਮੀ ਤੋਂ ਬਚਣ ਲਈ ਸੁਰੱਖਿਆ ਕਵਚ ਮੌਜੂਦ ਹਨ। ਬੱਸ ਇਹਨਾਂ ਅਨੁਕੂਲ ਹਾਲਾਤ ਕਰਕੇ ਧਰਤੀ 'ਤੇ ਮੌਜੂਦ ਪਾਣੀ ਦੇ ਵਿਸ਼ਾਲ ਭੰਡਾਰ ਵਿੱਚੋਂ ਇੱਕ ਸੈਲੀ ਜੀਵ ਤਿਆਰ ਹੁੰਦਾ ਹੈ। ਇਸ ਇੱਕ ਸੈਲੀ ਜੀਵ ਵਿੱਚ ਹੌਲੀ ਹੌਲੀ ਵਿਕਾਸ ਹੁੰਦਾ ਹੈ ਤੇ ਇੱਕ ਸੈਲੀ ਤੋਂ ਬਹੁਸੈਲੀ ਜੀਵਾਂ ਦਾ ਆਗਾਜ਼ ਹੋਇਆ। ਹੌਲੀ ਹੌਲੀ ਵਿਕਾਸ ਹੁੰਦਾ ਰਿਹਾ ਤੇ ਧਰਤੀ 'ਤੇ ਕਈ ਤਰ੍ਹਾਂ ਦੇ ਜੀਵ ਦਿਖਾਈ ਦੇਣ ਲੱਗੇ। ਪਰ ਕੁਦਰਤ ਨੇ ਮੁੱਖ ਰੂਪ ਵਿੱਚ ਦੋ ਤਰ੍ਹਾਂ ਦੇ ਜੀਵ ਬਣਾਏ, ਜਿਨ੍ਹਾਂ ਵਿੱਚ ਇੱਕ ਪੌਦ ਜੀਵ ਅਤੇ ਦੂਸਰੇ ਜੰਤੂ। ਵਿਕਾਸ ਇੱਥੇ ਹੀ ਖਤਮ ਨਹੀਂ ਹੋਇਆ, ਜੰਤੂਆਂ ਦੇ ਇੱਕ ਸਮੂਹ ਜਿਸ ਨੂੰ ਹੋਮੋਸੇਪਿਅਨਜ਼ ਕਿਹਾ ਜਾਂਦਾ ਹੈ, ਨੇ ਆਪਣੀ ਆਵਾਜ਼ ਨੂੰ ਸ਼ਬਦ ਦਿੱਤੇ ਤੇ ਹੌਲੀ ਹੌਲੀ ਲੇਖਣੀ ਵੀ ਹੋਂਦ ਵਿੱਚ ਆ ਗਈ। ਇੱਥੋਂ ਸ਼ੁਰੂ ਹੋਈਆਂ ਵੰਡੀਆਂ। ਪਹਿਲਾਂ ਤਾਂ ਅਲੱਗ ਅਲੱਗ ਲਿੱਪੀਆਂ ਹੋਂਦ ਵਿੱਚ ਆਈਆਂ ਤੇ ਅਲੱਗ ਅਲੱਗ ਭਾਸ਼ਾਵਾਂ। ਮਨੁੱਖ ਜਾਤੀ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਬਿਮਾਰੀਆਂ ਵੀ ਹੋਂਦ ਵਿੱਚ ਆਈਆਂ ਅਤੇ ਇਹਨਾਂ ਬਿਮਾਰੀਆਂ ਨੇ ਹੀ ਹੋਂਦ ਵਿੱਚ ਲਿਆਂਦੀਆਂ ਚੁੜੇਲਾਂ ਤੇ ਭੂਤਾਂ ਵਰਗੀਆਂ ਕਹਾਣੀਆਂ ਤੇ ਫਿਰ ਸਿਲਸਿਲਾ ਸ਼ੁਰੂ ਹੋਇਆ ਕਿਸੇ ਗ਼ੈਬੀ ਸ਼ਕਤੀ ਦੀ ਹੋਂਦ ਦਾ, ਜੋ ਇਹਨਾਂ ਭੈੜੀਆਂ ਤਾਕਤਾਂ ਨੂੰ ਖਤਮ ਕਰ ਸਕੇ। ਭਾਸ਼ਾ ਦੀ ਹੋਂਦ ਤੋਂ ਬਾਅਦ ਅਤੇ ਲਿਖਤ ਵਿੱਚ ਮੁਹਾਰਤ ਹਾਸਲ ਕਰਨ ਤੋਂ ਬਾਅਦ ਸ਼ੁਰੂ ਹੋਇਆ ਦੌਰ ਮਨੁੱਖ ਵੱਲੋਂ ਮਨੁੱਖਤਾ ਨੂੰ ਖਤਮ ਕਰਨ ਦਾ ਅਤੇ ਮਨੁੱਖ ਨੂੰ ਵੱਖ ਵੱਖ ਧਰਮਾਂ ਅਤੇ ਜਾਤਾਂ ਵਿੱਚ ਵੰਡਣ ਦਾ। ਬੱਸ ਇੱਥੋਂ ਸ਼ੁਰੂ ਹੋਈ ਨਫਰਤ ਤੇ ਇਨਸਾਨ ਕੁਦਰਤ ਦੀ ਹੋਂਦ ਨੂੰ ਭੁੱਲ ਗਿਆ, ਕੁਦਰਤ ਦੇ ਬਣਾਏ ਰੱਬ ਨੂੰ ਹੀ ਯਾਦ ਕਰਨ ਲੱਗ ਗਿਆ। ਕੁਦਰਤ ਨੇ ਇੱਕ ਸਿਸਟਮ ਬਣਾਇਆ ਸੀ ਜਿਸ ਨੂੰ ਈਕੋਸਿਸਟਮ ਜਾਂ ਪਰਿਸਥਿਤਕ ਤੰਤਰ ਆਖਦੇ ਹਾਂ, ਜਿਸ ਵਿੱਚ ਇੱਕ ਜੀਵ ਦੂਸਰੇ ਜੀਵ ਉੱਪਰ ਨਿਰਭਰ ਹੈ ਅਤੇ ਜਿਸ ਵਿੱਚ ਹਰ ਇੱਕ ਜੀਵ ਦੀ ਹੋਂਦ ਜ਼ਰੂਰੀ ਹੈ। ਹਰ ਇੱਕ ਗ੍ਰੰਥ ਵੀ ਇਸ ਈਕੋਸੀਸਟਮ ਦੀ ਹੋਂਦ ਨੂੰ ਮੰਨਦਾ ਆ ਰਿਹਾ ਹੈ ਪਰ ਅਸੀਂ ਤਾਂ ਧਾਰਮਿਕ ਹਾਂ ਤੇ ਗ੍ਰੰਥਾਂ ਦੀ ਹੋਂਦ ਨੂੰ ਮੰਨਦੇ ਵੀ ਹਾਂ ਪਰ ਉਸ ਤੋਂ ਮੁਨਕਰ ਹੋਣਾ ਸ਼ਾਇਦ ਇਹ ਵੀ ਜ਼ਰੂਰੀ ਹੋ ਗਿਆ ਹੈ। ਅਸੀਂ ਧਾਰਮਿਕ ਹੋ ਕੇ ਵੀ ਗ੍ਰੰਥਾਂ ਵਿੱਚ ਲਿਖੇ ਪਰਿਸਥਿਤਕ ਤੰਤਰ ਦੀ ਮੱਹਤਤਾ ਨੂੰ ਕਦੀ ਸਮਝਿਆ ਹੀ ਨਹੀਂ। ਕੁਦਰਤ ਦੀ ਹੋਂਦ ਨੂੰ ਨਸ਼ਟ ਕਰਨਾ ਹੀ ਸ਼ਾਇਦ ਧਰਮ ਬਣਕੇ ਰਹਿ ਗਿਆ।

ਕੁਦਰਤ ਅੱਜ ਵੀ ਬਲਵਾਨ ਹੈ ਤੇ ਹਮੇਸ਼ਾ ਪਿਆਰ ਦੀ ਭਾਸ਼ਾ ਨੂੰ ਵਡ੍ਹਾਵਾ ਦਿੰਦੀ ਰਹੀ ਹੈ। ਮਨੁੱਖ ਜਦੋਂ ਕਿਸੇ ਗੱਲ ਤੋਂ ਪ੍ਰੇਸ਼ਾਨ ਹੋ ਕੇ ਕੁਦਰਤ ਦੇ ਨੇੜੇ ਹੋਣ ਲਗਦਾ ਹੈ ਤਾਂ ਇਹ ਕੁਦਰਤ ਦੇ ਨਜ਼ਾਰੇ ਹੀ ਹਨ ਜੋ ਕੁਝ ਪਲ ਲਈ ਹੀ ਸਹੀ ਪਰ ਮਨੁੱਖ ਨੂੰ ਪਰੇਸ਼ਾਨੀਆਂ ਭੁਲਾ ਕੇ ਸਕੂਨ ਨਾਲ ਜਿਊਣ ਦੀ ਤਾਕਤ ਦਿੰਦੇ ਹਨ।

ਇਹ ਕੁਦਰਤ ਹੀ ਹੈ ਜਿਸ ਵਿੱਚ ਅਨਮੋਲ ਖ਼ਜ਼ਾਨੇ ਛੁਪੇ ਹੋਏ ਹਨ। ਜੀਵਨ ਲਈ ਜ਼ਰੂਰੀ ਤੱਤ ਭੋਜਨ, ਪਾਣੀ, ਹਵਾ ਸਭ ਕੁਝ ਕੁਦਰਤ ਦੀ ਹੀ ਦੇਣ ਹੈ ਪਰ ਅਸੀਂ ਕੁਦਰਤ ਦਾ ਸ਼ੁਕਰੀਆ ਅਦਾ ਕਰਨ ਦੀ ਜਗ੍ਹਾ ਹਮੇਸ਼ਾ ਇਸ ਨਾਲ ਖਿਲਵਾੜ ਕੀਤੀ ਹੈ, ਕਦੀ ਵਿਗਿਆਨ, ਕਦੀ ਵਿਕਾਸ ਤੇ ਕਦੀ ਧਰਮ ਦੇ ਨਾਮ ਤੇ। ਕੁਦਰਤ, ਜਿਸਨੇ ਕਦੀ ਵੀ ਆਪਣੇ ਜੀਵਾਂ ਵਿੱਚ ਭੇਦ ਭਾਵ ਨਹੀਂ ਕੀਤਾ ਪਰ ਅਸੀਂ ਵੰਡੀਆਂ ਪਾਉਣ ਦੇ ਰਾਹ 'ਤੇ ਤੁਰੇ ਰਹੇ। ਕੁਦਰਤ ਦੀਆਂ ਕਈ ਅਨਮੋਲ ਦਾਤਾਂ ਨੂੰ ਧਰਮ ਦੇ ਨਾਮ 'ਤੇ ਵੰਡ ਦਿੱਤਾ। ਰੁੱਖਾਂ ਵਿੱਚ ਵੀ ਵੰਡੀਆਂ ਤੇ ਜੰਤੂਆਂ ਵਿੱਚ ਵੀ ਧਰਮ ਦੇ ਨਾਮ 'ਤੇ ਵੰਡੀਆਂ। ਪਿਪਲ ਹਿੰਦੂ ਹੋ ਗਿਆ ਤੇ ਖਜੂਰ ਮੁਸਲਮਾਨ, ਕ੍ਰਿਸਮਸ ਟਰੀ ਇਸਾਈ ਹੋ ਗਿਆ, ਗਾਂ ਹਿੰਦੂ ਹੋ ਗਈ ਤੇ ਸੂਰ ਮੁਸਲਿਮ। ਹੋਰ ਤਾਂ ਹੋਰ ਜੰਤੂਆਂ ਨੂੰ ਮਾਰਨ ਦਾ ਤਰੀਕਾ ਵੀ ਧਰਮਾਂ ਨੇ ਵੰਡ ਦਿੱਤਾ। ਜੇਕਰ ਝਟਕੇ ਨਾਲ ਵੱਢਿਆ ਤਾਂ ਹਿੰਦੂ, ਜੇਕਰ ਹੌਲੀ ਹੌਲੀ ਵੱਢਿਆ ਤਾਂ ਮੁਸਲਮਾਨ। ਕੀ ਕੁਦਰਤ ਨੇ ਕਦੀ ਮੌਤ ਨੂੰ ਵੰਡਿਆ ਹੈ? ਕਮਾਲ ਹੀ ਹੋ ਗਿਆ। ਜੇਕਰ ਜਲਾ ਦਿੱਤਾ ਤਾਂ ਹਿੰਦੂ, ਦਬਾ ਦਿੱਤਾ ਤਾਂ ਮੁਸਲਮਾਨ ਜਾਂ ਇਸਾਈ।

ਮੌਤ ਤੋਂ ਬਾਅਦ ਵੀ ਕੁਦਰਤ ਦਾ ਇੱਕ ਆਪਣਾ ਸਿਸਟਮ ਬਣਾਇਆ ਹੋਇਆ ਹੈ, ਚਾਹੇ ਉਹ ਮਨੁੱਖ ਹੈ, ਜਾਂ ਕੋਈ ਹੋਰ ਜੰਤੂ, ਕੋਈ ਵੱਡਾ ਜਾਂ ਛੋਟਾ ਤੇ ਚਾਹੇ ਉਹ ਕੋਈ ਰੁੱਖ ਹੈ, ਮਰਨ ਤੋਂ ਬਾਅਦ ਸਭ ਨੂੰ ਨਸ਼ਟ ਕਰਨ ਲਈ ਕੁਦਰਤ ਨੇ ਸੂਖਮਜੀਵ ਬਣਾਏ ਹਨ, ਜੋ ਇਹਨਾਂ ਨੂੰ ਨਸ਼ਟ ਕਰਦੇ ਹਨ ਤੇ ਸਭ ਇੱਕ ਹੀ ਤਰ੍ਹਾਂ ਨਾਲ ਨਸ਼ਟ ਹੁੰਦੇ ਹਨ। ਕੁਦਰਤ ਦਾ ਕੁਦਰਤ ਨੂੰ ਹੀ ਵਾਪਸ। ਕੁਦਰਤ ਨੇ ਮੌਤ ਤੋਂ ਬਾਅਦ ਕਦੀ ਕਿਸੇ ਜੀਵ ਨੂੰ ਲਾਲਚ ਨਹੀਂ ਦਿੱਤਾ ਪਰ ਧਰਮ ਤਾਂ ਇੱਥੇ ਵੀ ਪਿੱਛੇ ਨਹੀਂ, ਕਿਸੇ ਨੂੰ 72 ਹੂਰਾਂ ਦਾ ਲਾਲਚ ਤੇ ਕਿਸੇ ਨੂੰ ਸਵਰਗ ਵਿੱਚ ਅਪਸਰਾ ਨਾਲ ਮਿਲਾਉਣ ਦਾ ਲਾਲਚ।

ਸਵਰਗ (ਜੰਨਤ) ਹੋਵੇ ਜਾਂ ਨਰਕ, ਸਭ ਇੱਥੇ ਹੀ ਹਨ, ਕੁਦਰਤ ਦੀ ਗੋਦ ਵਿੱਚ ਪਰ ਇਹ ਸਭ ਉਦੋਂ ਹੀ ਹੈ, ਜਦੋਂ ਜੀਵਨ ਚੱਲ ਰਿਹਾ ਹੈ। ਤੇ ਜੇਕਰ ਕੁਦਰਤ ਦੀ ਗੋਦ ਵਿੱਚ ਸਵਰਗ ਦਾ ਅਨੰਦ ਮਾਨਣਾ ਹੈ ਤਾਂ ਫਿਰ ਛੱਡਣੀ ਹੋਵੇਗੀ ਧਰਮਾਂ ਦੀ ਗੱਲ 'ਤੇ ਕਰਨੀ ਹੋਵੇਗੀ ਕੁਦਰਤ ਦੀ ਗੱਲ।

# ਅਕਾਲੀ ਦਲ ਨੇ ਪੰਜਾਬ ਜ਼ਿਮਨੀ ਚੋਣਾਂ ਲੜਣ ਤੋਂ ਸੁੱਟੇ ਹਥਿਆਰ

## -ਹਾਰ ਦੇ ਡਰੋਂ ਅਕਾਲ ਤਖ਼ਤ ਤੋਂ ਹੋਏ ਹੁਕਮ ਦਾ ਬਣਾਇਆ ਬਹਾਨਾ

ਚੰਡੀਗੜ੍ਹ :-(ਬਰਾੜ-ਭਗਤਾ ਭਾਈ ਕਾ) ਸ਼੍ਰੋਮਣੀ ਅਕਾਲੀ ਦਲ ਇਸ ਵਾਰ ਕੋਈ ਵੀ ਜ਼ਿਮਨੀ ਚੋਣਾਂ ਨਹੀਂ ਲੜੇਗਾ। ਅਕਾਲੀ ਦਲ ਡਰ ਗਿਆ ਲੱਗਦਾ, ਪਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਜ਼ਰੂਰ ਲੜੇਗੀ ਵਿਧਾਨ ਸਭਾ ਨਹੀਂ। ਇਹ ਵੱਡਾ ਫ਼ੈਸਲਾ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਦੌਰਾਨ ਲਿਆ ਗਿਆ ਹੈ। ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ 'ਚ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਸੀਨੀਅਰ ਨੇਤਾ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਵਰਕਿੰਗ ਕਮੇਟੀ, ਹਲਕਾ ਇੰਚਾਰਜਾਂ ਅਤੇ ਜ਼ਿਲ੍ਹਾਂ ਪ੍ਰਧਾਨ ਦੀ ਅਹਿਮ ਮੀਟਿੰਗ ਹੋਈ। ਪਾਰਟੀ ਨੇ ਫ਼ੈਸਲਾ ਕੀਤਾ ਹੈ ਕਿ ਇਸ ਵਾਰ 4 ਸੀਟਾਂ 'ਤੇ ਹੋਣ ਜਾ ਰਹੀਆਂ ਜ਼ਿਮਨੀ ਚੋਣਾਂ ਲਈ ਉਮੀਦਵਾਰ ਨਹੀਂ ਉਤਾਰੇ ਜਾਣਗੇ। ਮੀਟਿੰਗ 'ਚ ਚਾਰ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਅਤੇ ਐੱਸ. ਜੀ. ਪੀ. ਸੀ. ਪ੍ਰਧਾਨ ਦੀ ਚੋਣ ਨੂੰ ਲੈ ਕੇ ਚਰਚਾ ਹੋਈ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਡਾ. ਦਲਜੀਤ ਚੀਮਾ ਨੇ ਕਿਹਾ ਕਿ ਕੱਲ੍ਹ ਜੋ ਫੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸ੍ਰੀ ਗਿਆਨੀ ਰਘਬੀਰ ਸਿੰਘ ਦਾ ਆਇਆ ਸੀ ਕਿ ਕੋਈ ਵੀ ਤਨਖ਼ਾਹੀਆ ਸਿੱਖ ਤਨਖ਼ਾਹ ਪੂਰੀ ਕਰਨ ਤਕ ਤਨਖ਼ਾਹੀਆ ਹੀ ਰਹਿੰਦਾ ਹੈ।



ਤਨਖ਼ਾਹੀਆ ਹੋਣ ਤੱਕ ਸੁਖਬੀਰ ਸਿੰਘ ਬਾਦਲ ਚੋਣ ਪ੍ਰਚਾਰ ਨਹੀਂ ਕਰ ਸਕਦੇ ਹਨ ਤਾਂ ਕੁਦਰਤੀ ਗੱਲ ਹੈ ਕਿ ਜੇਕਰ ਪ੍ਰਚਾਰ ਨਹੀਂ ਹੋਵੇਗਾ ਤਾਂ ਜ਼ਿਮਨੀ ਚੋਣ ਵੀ ਪਾਰਟੀ ਨਹੀਂ ਲੜੇਗੀ। ਇਸ ਸਬੰਧੀ ਸਾਰਿਆਂ ਨੇ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਹੈ। ਸੁਖਬੀਰ ਸਿੰਘ ਬਾਦਲ ਨੇ ਨੈਤਿਕ ਜ਼ਿੰਮੇਵਾਰੀ ਪਾਰਟੀ ਦੇ ਤੌਰ 'ਤੇ ਲਈ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਨੂੰ ਹੁਕਮ ਮਤਲਬ ਪਾਰਟੀ ਨੂੰ ਹੁਕਮ ਹੈ।

ਵਰਕਰਾਂ ਦੀ ਇੱਛਾ ਸੀ ਕਿ ਸੁਖਬੀਰ ਬਾਦਲ ਗਿੱਦੜਬਾਹਾ ਤੋਂ ਚੋਣ ਲੜਨ। ਮੈਂ ਵਰਕਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਉਨ੍ਹਾਂ ਕਿਹਾ ਕਿ ਅਸੀਂ ਹਮੇਸ਼ਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦੇ ਹਾਂ। 30 ਅਗਸਤ ਨੂੰ ਪ੍ਰਧਾਨ ਨੂੰ ਤਨਖ਼ਾਹੀਆ ਐਲਾਨਿਆ ਗਿਆ ਸੀ। ਉਹ 31 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ ਪਰ ਕਾਫ਼ੀ ਸਮਾਂ ਬੀਤ ਚੁੱਕਾ ਸੀ। ਕਈ ਵਾਰ ਸਿੰਘ ਸਾਹਿਬ ਨੂੰ ਫ਼ੈਸਲਾ ਦੇਣ ਦੀ ਬੇਨਤੀ ਕੀਤੀ ਗਈ। ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਪਣਾ ਸਪੱਸ਼ਟੀਕਰਨ ਦੇ ਚੁੱਕੇ ਹਨ। ਪੰਥ ਵਿਰੋਧੀ ਸ਼ਕਤੀਆਂ ਖ਼ਿਲਾਫ਼ ਡਟ ਕੇ ਲੜਾਂਗੇ। ਪੰਥਕ ਹਿੱਤਾਂ ਨੂੰ ਵੇਖਦੇ ਹੋਏ ਚੋਣਾਂ ਵਿਚ ਹਿੱਸਾ ਨਹੀਂ ਲਿਆ ਜਾਵੇਗਾ। ਸਾਨੂੰ ਜਥੇਦਾਰ ਸਾਹਿਬਾਨ ਦੇ ਫ਼ੈਸਲੇ ਦਾ ਇੰਤਜ਼ਾਰ ਹੈ।

ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਪਿਛਲੇ ਕਾਫ਼ੀ ਸਮੇਂ ਤੋਂ ਘੱਟ ਗਿਣਤੀਆਂ ਖ਼ਿਲਾਫ਼ ਸਾਜ਼ਿਸ਼ਾਂ ਚੱਲ ਰਹੀਆਂ ਹਨ। ਅਕਾਲੀ ਦਲ ਨੂੰ ਲੀਡਰ ਰਹਿਤ ਕਰਨ ਲਈ ਵੀ ਸਾਜ਼ਿਸ਼ਾਂ ਚੱਲ ਰਹੀਆਂ ਹਨ। ਪੰਜਾਬ ਤੋਂ ਬਾਹਰ ਜੋ ਤਖ਼ਤ ਸਨ, ਉਨ੍ਹਾਂ ਵਿੱਚ ਬਦਲਾਅ ਕੀਤੇ ਜਾ ਰਹੇ ਹਨ। ਦਿੱਲੀ ਕਮੇਟੀ 'ਤੇ ਕਬਜ਼ਾ ਕਰ ਲਿਆ ਗਿਆ ਹੈ। ਹਰਿਆਣਾ 'ਚ ਵੱਖਰੀ ਕਮੇਟੀ ਬਣਾ ਦਿੱਤੀ ਗਈ ਹੈ। ਹੁਣ ਪੰਜਾਬ 'ਚ ਬਹੁਤ ਕੋਸ਼ਿਸ਼ ਹੋ ਰਹੀਆਂ ਹਨ। ਪਾਰਟੀ ਦਾ ਹਿੱਸਾ ਰਹੇ ਲੋਕਾਂ ਵੱਲੋਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਪਿਛਲੇ ਸਮੇਂ ਸ਼ਿਕਾਇਤ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਚੋਣਾਂ ਵਿਚ ਛੋਟ ਨਹੀਂ ਦਿੱਤੀ ਹੈ। ਗਿਆਨੀ ਰਘਬੀਰ ਸਿੰਘ ਨੇ ਆਖਿਆ ਹੈ ਕਿ ਬੀਤੇ ਦਿਨੀਂ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਵਿਚ 7 ਮੈਂਬਰੀ ਵਫ਼ਦ ਵੱਲੋਂ ਉਨ੍ਹਾਂ ਨਾਲ ਮੁਲਾਕਾਤ ਕਰਕੇ ਸੁਖਬੀਰ ਬਾਦਲ ਨੂੰ ਸਿਆਸੀ ਸਰਗਰਮੀਆਂ ਵਿਚ ਛੋਟ ਦੇਣ ਦੀ ਅਪੀਲ ਕੀਤੀ ਗਈ ਸੀ ਪਰ ਇਹ ਛੋਟ ਨਹੀਂ ਦਿੱਤੀ ਗਈ ਹੈ। ਜਥੇਦਾਰ ਨੇ ਆਖਿਆ ਸੀ ਕਿ ਕੋਈ ਵੀ ਤਨਖ਼ਾਹੀਆ ਸਿੱਖ ਤਨਖ਼ਾਹ ਪੂਰੀ ਕਰਨ ਤਕ ਤਨਖ਼ਾਹੀਆ ਹੀ ਰਹਿੰਦਾ ਹੈ। ਜਥੇਦਾਰ ਨੇ ਆਖਿਆ ਹੈ ਕਿ ਇਸ ਸੰਬੰਧੀ ਦੀਵਾਲੀ ਤੋਂ ਬਾਅਦ ਪੰਜ ਸਿੰਘ ਸਾਹਿਬਾਨਾਂ ਦੀ ਬੈਠਕ ਕੀਤੀ ਜਾਵੇਗੀ ਅਤੇ ਇਸ ਬਾਬਤ ਅਗਲਾ ਫ਼ੈਸਲਾ ਲਿਆ ਜਾਵੇਗਾ।

ਗਿਆਨੀ ਰਘਬੀਰ ਸਿੰਘ ਨੇ ਇਸ ਮਾਮਲੇ ਵਿਚ ਸਥਿਤੀ ਸਪੱਸ਼ਟ ਕਰਦਿਆਂ ਕਿਹਾ ਕਿ ਤਨਖ਼ਾਹੀਏ ਦੀ ਇਕ ਪਰਿਭਾਸ਼ਾ ਹੁੰਦੀ ਹੈ, ਉਸ ਨੂੰ ਪਰਭਾਸ਼ਿਤ ਕਰਨਾ ਹਰ ਸਿੱਖ ਲਈ ਜ਼ਰੂਰੀ ਹੈ ਜਦੋਂ ਤੱਕ ਸਿੰਘ ਸਾਹਿਬਾਨ ਵਲੋਂ ਫ਼ਸੀਲ ਤੋਂ ਉਕਤ ਸਿੱਖ ਤਨਖ਼ਾਹ ਨਹੀਂ ਲਗਵਾ ਲੈਂਦਾ ਉਦੋਂ ਤਕ ਉਹ ਤਨਖ਼ਾਹੀਆਂ ਹੀ ਰਹਿੰਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਾਡੀ ਆਪਣੀ ਵੱਡੀ ਸੰਸਥਾ ਇਸ ਦੇ ਕੰਮਕਾਜ ਵਿਚ ਸਰਕਾਰਾਂ ਨੂੰ ਦਖ਼ਲ ਨਹੀਂ ਦੇਣਾ ਚਾਹੀਦਾ। ਇਥੇ ਇਹ ਖਾਸ ਤੌਰ 'ਤੇ ਦੱਸਣਯੋਗ ਹੈ ਕਿ 30 ਅਗਸਤ ਨੂੰ ਪੰਜ ਸਿੰਘ ਸਾਹਿਬਾਨਾਂ ਨੇ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦਿੱਤਾ ਸੀ, ਜਿਸ ਤੋਂ ਬਾਅਦ ਸੁਖਬੀਰ ਬਾਦਲ ਨੇ ਨਿੱਜੀ ਤੌਰ 'ਤੇ ਸ੍ਰੀ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਸਪੱਸ਼ਟੀਕਰਨ ਸੌਂਪਦਿਆਂ ਆਖਿਆ ਸੀ ਕਿ ਜਥੇਦਾਰ ਸਾਹਿਬ ਵਲੋਂ ਜਿਹੜੀ ਵੀ ਸਜ਼ਾ ਉਨ੍ਹਾਂ ਨੂੰ ਲਗਾਈ ਜਾਵੇਗੀ ਉਹ ਨਿਮਾਣੇ ਸਿੱਖ ਵਜੋਂ ਪ੍ਰਵਾਨ ਕਰਨਗੇ।

# ਰਿਸ਼ਵਤ ਮਾਮਲੇ 'ਚ ਕੋਟ ਈਸਾ ਖਾਂ ਥਾਣੇ ਦੀ ਥਾਣੇਦਾਰਨੀ ਥਾਣੇ 'ਚ ਹੀ ਗ੍ਰਿਫ਼ਤਾਰ

ਮੋਗਾ :-(ਗੋਰਾ ਸੰਧੂ ਖੁਰਦ)ਕੋਟ ਈਸੇ ਖਾਂ ਥਾਣੇ ਦੀ ਥਾਣੇਦਾਰਨੀ ਅਰਸ਼ਪ੍ਰੀਤ ਕੌਰ ਗਰੇਵਾਲ ਖਿਲਾਫ਼ ਉਸਦੇ ਹੀ ਥਾਣੇ ਵਿੱਚ ਕੇਸ ਦਰਜ ਕਰਕੇ ਹਵਾਲਾਤ 'ਚ ਦੇ ਦਿੱਤਾ ਹੈ , ਉਸਦੇ ਨਾਲ ਦੋ ਮੁਨਸ਼ੀ ਵੀ ਨਾਮਜਦ ਹੋਏ ਹਨ । ਉਸ ਖਿਲਾਫ਼ ਦੋਸ਼ ਹੈ ਕਿ ਉਸਨੇ ਨਸ਼ਾ ਤਸਕਰਾਂ ਤੋਂ 5 ਲੱਖ ਰਿਸਵਤ ਲਈ ਹੈ।



1 ਅਕਤੂਬਰ ਨੂੰ ਐਸਐਚਓ ਗਰੇਵਾਲ ਨੇ ਨਾਕਾ ਲਾਇਆ ਹੋਇਆ ਸੀ ਤਾਂ ਇੱਕ ਗੱਡੀ ਰੋਕ ਕੇ ਤਲਾਸ਼ੀ ਲਈ ਗਈ ਜਿਸ ਵਿੱਚੋਂ ਅਮਰਜੀਤ ਸਿੰਘ ਵਾਸੀ ਦਾਤੇਵਾਲਾ ਕੋਲੋਂ 2 ਕਿਲੋਗਰਾਮ ਅਫ਼ੀਮ ਬਰਾਮਦ ਹੋਈ । ਪੁੱਛਗਿੱਛ ਦੌਰਾਨ ਇਸ ਮਾਮਲੇ 'ਚ ਅਮਰਜੀਤ ਸਿੰਘ ਦੇ ਸਪੁੱਤਰ ਗੁਰਪ੍ਰੀਤ ਸਿੰਘ ਅਤੇ ਭਰਾ ਮਨਪ੍ਰੀਤ ਸਿੰਘ ਸ਼ਾਮਿਲ ਸਨ। ਇਸ ਮਾਮਲੇ 'ਚ ਬਾਕੀ ਸਭ ਸੈਟਿੰਗ ਤਾਂ ਹੋਈ ਪਰ ਐਫਆਈਆਰ ਦਰਜ ਨਹੀਂ ਹੋਈ । 8 ਲੱਖ ਰੁਪਏ ਮੰਗ ਕੇ ਥਾਣੇਦਾਰ ਬੀਬੀ ਨੇ ਦਿਆਲਤਾ ਦਿਖਾਉਦੇ ਹੋਏ 5 ਲੱਖ ਰੁਪਏ 'ਚ ਸੌਦਾ ਨਿਬੇੜ ਕੇ ਗੁਰਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ ਨੂੰ ਛੱਡ ਦਿੱਤਾ । ਪੈਸੇ ਦੋ ਮੁਨਸ਼ੀਆਂ ਨਾਲ ਮਿਲ ਕੇ ਵੰਡ ਲਏ ।

ਕਿਸੇ ਮੁਖ਼ਬਰ ਨੇ ਮਾਮਲੇ ਦੀ ਸੂਚਨਾ ਡੀਐਸਪੀ ਰਮਨਦੀਪ ਸਿੰਘ ਨੂੰ ਦਿੱਤੀ ਤਾਂ ਉਹਨਾ ਐਕਸ਼ਨ ਲੈ ਕੇ ਇਹ ਕਾਰਵਾਈ ਕਰ ਦਿੱਤੀ ।

ਕਰੋਨਾ ਕਾਲ ਦੌਰਾਨ ਐਚਐਸਓ ਅਰਸ਼ਦੀਪ ਕੌਰ ਨੂੰ ਕਰੋਨਾ ਵਾਰੀਅਰ ਕਿਹਾ ਗਿਆ ਸੀ ਕਿਉਂਕਿ ਉਹ ਕਰੋਨਾ ਗ੍ਰਸਤ ਹੋ ਕੇ ਵੀ ਸਿਹਤਯਾਬ ਹੋਏ ਸਨ । ਉਦੋਂ ਕੈਪਟਨ ਅਮਰਿੰਦਰ ਸਿੰਘ ਨੇ ਉਚੇਚੇ ਤੌਰ ਤੇ ਵਧਾਈ ਦਿੱਤੀ ਸੀ

# 26 ਅਕਤੂਬਰ ਨੂੰ ਸਰੀ ਤੇ 27 ਅਕਤੂਬਰ ਨੂੰ ਐਬਸਫੋਰਡ ਵਿਖੇ ਹੋਵੇਗਾ ਤਰਕਸ਼ੀਲ ਮੇਲਾ

ਸਰੀ, 23 ਅਕਤੂਬਰ (ਹਰਦਮ ਮਾਨ)-ਤਰਕਸ਼ੀਲ ਸੁਸਾਇਟੀ ਕੈਨੇਡਾ ਬੀਸੀ ਵੱਲੋਂ 19ਵਾਂ ਸਾਲਾਨਾ ਤਰਕਸ਼ੀਲ ਮੇਲਾ 26 ਅਕਤੂਬਰ 2024 ਨੂੰ ਸ਼ਾਮ 5 ਵਜੇ ਬੈੱਲ ਪ੍ਰਫਾਰਮਿੰਗ ਆਰਟ ਸੈਂਟਰ ਸਰੀ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਤਰਕਸ਼ੀਲ ਸੋਸਾਇਟੀ ਦੇ ਆਗੂ ਅਵਤਾਰ ਬਾਈ ਅਤੇ ਜਸਵਿੰਦਰ ਹੇਅਰ ਨੇ ਦੱਸਿਆ ਹੈ ਕਿ ਇਸ ਮੇਲੇ ਵਿੱਚ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਵੱਲੋਂ ਡਾ. ਸਾਹਿਬ ਸਿੰਘ ਦੇ ਲਿਖੇ ਅਤੇ ਨਿਰਦੇਸ਼ਿਤ ਕੀਤੇ ਦੋ ਨਾਟਕ 'ਤੇਰੀ ਕਹਾਣੀ ਮੇਰੀ ਕਹਾਣੀ' 'ਐਲ ਐਮ ਆਈ ਏ' ਖੇਡੇ ਜਾਣਗੇ। ਬੀਰਬਲ ਭਦੌੜ ਦੇ ਜਾਦੂ ਟਰਿੱਕ ਹੋਣਗੇ ਅਤੇ ਮੁੱਖ ਬੁਲਾਰੇ ਡਾ. ਬਲਜਿੰਦਰ ਸੇਖੋਂ ਆਪਣੇ ਵਿਚਾਰ ਪੇਸ਼ ਕਰਨਗੇ।




ਇਸੇ ਤਰ੍ਹਾਂ ਅਗਲੇ ਦਿਨ 27 ਅਕਤੂਬਰ 2024 ਨੂੰ ਐਬਸਫੋਰਡ ਵਿਖੇ ਤਰਕਸ਼ੀਲ ਮੇਲੇ ਵਿਚ ਮਸਕੂਈ ਸੈਨਟੇਨੀਅਲ ਆਡੀਟੋਰੀਅਮ ਵਿਖੇ ਬਾਅਦ ਦੁਪਹਿਰ 2 ਵਜੇ ਇਹ ਦੋਵੇਂ ਨਾਟਕ ਖੇਡੇ ਜਾਣਗੇ। ਤਰਕਸ਼ੀਲ ਆਗੂਆਂ ਨੇ ਉਸਾਰੂ ਸੋਚ ਰੱਖਣ ਵਾਲੇ ਭਾਈਚਾਰੇ ਦੇ ਸਮੂਹ ਲੋਕਾਂ ਨੂੰ ਇਹਨਾਂ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਲਈ ਅਪੀਲ ਕੀਤੀ ਹੈ। ਪ੍ਰੋਗਰਾਮਾਂ ਸਬੰਧੀ ਹੋਰ ਜਾਣਕਾਰੀ ਲਈ ਅਵਤਾਰ ਬਾਈ ਨਾਲ ਫੋਨ ਨੰਬਰ 672-558-5757 ਅਤੇ ਜਸਵਿੰਦਰ ਹੇਅਰ ਨਾਲ ਫੋਨ ਨੰਬਰ 604-499-3699'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਜ਼ਿਮਨੀ ਚੋਣਾਂ ਨੂੰ ਲੈ ਕੇ ਲੁਧਿਆਣਾ ਦੇ ਕਾਂਗਰਸੀ ਹੋਏ ਦੋਫਾੜ

ਲੁਧਿਆਣਾ :-(ਬਰਾੜ-ਭਗਤਾ ਭਾਈ ਕਾ)ਪੰਜਾਬ ਦੇ 4 ਵਿਧਾਨ ਸਭਾ ਹਲਕਿਆਂ 'ਚ ਹੋਣ ਜਾ ਰਹੀਆਂ ਜ਼ਿਮਨੀ ਚੋਣਾਂ ਨੂੰ ਲੈ ਕੇ ਲੁਧਿਆਣਾ 'ਚ ਕਾਂਗਰਸ ਦੋ ਗੁੱਟਾਂ 'ਚ ਵੰਡੀ ਨਜ਼ਰ ਆ ਰਹੀ ਹੈ। ਇਸ ਵਿਚ ਇਕ ਪਾਸੇ ਸਾਬਕਾ ਮੇਅਰ ਬਲਕਾਰ ਸੰਧੂ, ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਪਤਨੀ ਮਮਤਾ ਆਸ਼ੂ ਅਤੇ ਇਸ਼ਵਰਜੋਤ ਸਿੰਘ ਚੀਮਾ ਵੱਲੋਂ ਬਰਨਾਲਾ 'ਚ ਚੋਣ ਪ੍ਰਚਾਰ ਕਰਨ ਸਬੰਧੀ ਵਰਕਰਾਂ ਨਾਲ ਬੈਠਕ ਕੀਤੀ ਗਈ ਅਤੇ ਗਿੱਦੜਬਾਹਾ ਤੋਂ ਦੂਰ ਹੋਣ ਦਾ ਹਵਾਲਾ ਦਿੱਤਾ ਗਿਆ।

ਫਿਰ ਉਸ ਤੋਂ ਅਗਲੇ ਦਿਨ ਲੁਧਿਆਣਾ ਕਾਂਗਰਸ ਸ਼ਹਿਰੀ ਦੇ ਪ੍ਰਧਾਨ ਅਤੇ ਸਾਬਕਾ ਵਿਧਾਇਕ ਸੰਜੇ ਤਲਵਾੜ ਜੋ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਰਾਜਾ ਵੜਿੰਗ ਦੇ ਅਤਿ-ਨਜ਼ਦੀਕੀ ਹਨ, ਉਨ੍ਹਾਂ ਵੱਲੋਂ ਆਪਣੇ ਸਾਊਥ ਸਿਟੀ ਸਥਿਤ ਦਫਤਰ 'ਚ ਲੁਧਿਆਣਾ ਲੋਕ ਸਭਾ ਹਲਕੇ ਦੇ ਸਾਬਕਾ ਵਿਧਾਇਕਾਂ ਅਤੇ ਸੀਨੀਅਰ ਲੀਡਰਸ਼ਿਪ ਨਾਲ ਬੈਠਕ ਕਰ ਕੇ ਰਾਜਾ ਵੜਿੰਗ ਦੇ ਸਿਆਸੀ ਗੜ੍ਹ ਗਿੱਦੜਬਾਹਾ 'ਚ ਚੋਣ ਪ੍ਰਚਾਰ ਲਈ ਡਿਊਟੀਆਂ ਲਗਾਈਆਂ ਗਈਆਂ ਹਨ। ਹੁਣ ਇਸ ਨੂੰ ਲੈ ਕੇ ਲੁਧਿਆਣਾ 'ਚ ਇਕ ਨਵੀਂ ਚਰਚਾ ਛਿੜ ਚੁੱਕੀ ਹੈ ਕਿ ਜੇਕਰ ਲੁਧਿਆਣਾ ਦੇ ਕਾਂਗਰਸੀ ਬਰਨਾਲਾ ਅਤੇ ਗਿੱਦੜਬਾਹਾ 'ਚ ਚੋਣ ਪ੍ਰਚਾਰ ਕਰਨਗੇ ਤਾਂ ਡੇਰਾ ਬਾਬਾ ਨਾਨਕ ਅਤੇ ਚੱਬੇਵਾਲ 'ਚ ਕਿਉਂ ਨਹੀਂ ਜਾਣਗੇ? ਜਦੋਂਕਿ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਰਹੇ ਸੁਖਜਿੰਦਰ ਰੰਧਾਵਾ ਸੰਸਦ ਮੈਂਬਰ ਅਤੇ ਚੱਬੇਵਾਲ ਤੋਂ ਡਾ. ਰਾਜ ਕੁਮਾਰ ਚੱਬੇਵਾਲ ਦੇ ਵਿਧਾਇਕ ਬਣਨ ਤੋਂ ਬਾਅਦ 'ਆਪ' ਵਿਚ ਜਾ ਕੇ ਸੰਸਦ ਮੈਂਬਰ ਬਣ ਚੁੱਕੇ ਹਨ।

ਇਨ੍ਹਾਂ ਦੋਵੇਂ ਸੀਟਾਂ ਜਿਨ੍ਹਾਂ 'ਤੇ ਕਾਂਗਰਸ ਨੇ ਵਿਧਾਨ ਸਭਾ ਚੋਣਾਂ 'ਚ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ, ਆਖਿਰ ਲੁਧਿਆਣਾ ਦੇ ਕਾਂਗਰਸੀ ਇਨ੍ਹਾਂ ਦੋਵਾਂ ਹਲਕਿਆਂ ਡੇਰਾ ਬਾਬਾ ਨਾਨਕ ਅਤੇ ਚੱਬੇਵਾਲ 'ਚ ਪ੍ਰਚਾਰ ਕਰਨ ਲਈ ਸਹਿਮਤ ਕਿਉਂ ਨਹੀਂ ਹੋ ਰਹੇ? ਇਸ ਸਬੰਧੀ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਹੀ ਚੰਗੀ ਤਰ੍ਹਾਂ ਦੱਸ ਸਕਦੀ ਹੈ

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਦਿਹਾੜਾ ਮਨਾਇਆ ਜਾਵੇਗਾ। ਅਤੇ ਸਟੂਡੈਂਟ ਬੱਚਿਆਂ ਵੱਲੋਂ ਸਹਿਜ ਪਾਠ ਦੇ ਭੋਗ ਦਿਨ ਐਤਵਾਰ 27 ਅਕਤੂਬਰ ਨੂੰ 9:30 ਵਜੇ ਪਾਏ ਜਾਣਗੇ। ਉਪਰੰਤ ਖੁੱਲਣੇ ਦੀਵਾਨ ਸੱਜਣਗੇ ਅਤੇ ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਸ਼ੁੱਕਰਵਾਰ 25 ਅਕਤੂਬਰ ਨੂੰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਜੋਬਨਵੀਰ ਸਿੰਘ ਵੱਲੋਂ ਹੋਵੇਗੀ।
- ਸ਼ਨਿੱਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਦੋ ਪਰਿਵਾਰਾਂ ਵੱਲੋਂ ਹੋਵੇਗੀ।

  1. ਭਾਈ ਜਸਮਾਨ ਸਿੰਘ ਰੰਧਾਵਾ ਪਰਿਵਾਰ ਵੱਲੋਂ
  2. ਭਾਈ ਅਜੀਤ ਪਾਲ ਸਿੰਘ ਪਰਿਵਾਰ ਵੱਲੋਂ

- ਐਤਵਾਰ ਅਕਤੂਬਰ 27 ਨੂੰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸੁਖਵਿੰਦਰ ਸਿੰਘ ਚਹਿਲ ਪਰਿਵਾਰ ਵੱਲੋਂ ਹੋਵੇਗੀ।
- ਅੰਤਿਮ ਸੰਸਕਾਰ 28 ਅਕਤੂਬਰ ਦਿਨ ਸੋਮਵਾਰ ਨੂੰ ਸਵ: ਭਾਈ ਜਸਕਰਨ ਸਿੰਘ ਦਾ 2:30 ਵਜੇ ਰਿਵਰਸਾਈਡ ਡੈਲਟਾ ਵਿਖੇ ਹੋਵੇਗਾ, ਉਪਰੰਤ 4:30 ਵਜੇ ਭੋਗ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਹਿਬ ਵਿਖੇ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।

---

ਰਾਗੀ ਜੱਥਾ : ਰਾਗੀ ਜਥੇ ਭਾਈ ਅਸ਼ੋਕ ਸਿੰਘ ਦਿੱਲੀ ਵਾਲੇ
ਭਾਈ ਸੁੰਦਰ ਸਿੰਘ ਦਿੱਲੀ ਵਾਲੇ
ਕਥਾਵਾਚਕ : ਭਾਈ ਗੁਰਸ਼ਰਨ ਸਿੰਘ ਚੀਮਾ
ਢਾਡੀ ਜਥਾ : ਭਾਈ ਗੁਰਭੇਜ ਸਿੰਘ ਜੌਹਲ

---

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7–8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

ਪੰਜਾਬੀਆਂ ਦੀ ਫਰੇਜ਼ਰ ਸਟਰੀਟ 'ਤੇ ਸਭ ਤੋਂ ਪੁਰਾਣੀ ਅਤੇ ਸਭ ਤੋਂ ਵੱਡੀ ਮੀਟ ਸ਼ਾਪ

# ਫਰੇਜ਼ਰ ਵਿਊ ਮੀਟ ਸ਼ਾਪ

6657, Fraser St. Vancouver, 604-327-1724

ਬਾਰਬੀਕਿਊ ਚਟਪਟਾ • ਵਧੀਆ ਮੀਟ ਘੱਟ ਕੀਮਤ

ਵਿਆਹ, ਸ਼ਾਦੀਆਂ ਅਤੇ ਪਾਰਟੀਆਂ ਲਈ ਵੀ ਖਾਸ ਰਿਆਇਤਾਂ






ਜਾਨਬ ਅਸਲਮ ਮਲਿਕ, ਫੈਰੀਅਲ ਮੈਂਜੀ ਅਤੇ ਸਮੂਹ ਸਟਾਫ਼ ਵਲੋਂ


ਦੇਸ਼ ਵਿਦੇਸ਼ ਵਸਦੀ ਸਮੁੱਚੀ ਲੋਕਾਈ ਨੂੰ

## ਦੀਵਾਲੀ ਦੀਆਂ ਲੱਖ ਲੱਖ ਮੁਬਾਰਕਾਂ



Happy Diwali

# ਅਲ-ਮਨਸੂਰ ਵੀਡੀਓ ਇੰਕ.



ਅਸਲਮ ਮਲਿਕ

604-321-2442

6657-Fraser St. Vancouver
(Inside Fraserview Meat Shop)


ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ
ਆਪ ਸਭ ਨੂੰ ਲੱਖ ਲੱਖ ਵਧਾਈਆਂ
FIX'N GO
auto service
Specialized European Cars
» Maintenance
» Oil Change
» Tire Service
» AC/Heating
» Service & Repair
» Transmission Repair
ਸਾਡੇ ਪਾਸ ਤਜ਼ਰਬੇਕਾਰ ਮਕੈਨਿਕ ਹਨ, ਗੱਡੀਆਂ ਦੀ ਤਸੱਲੀਬਖਸ਼ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ
604-825-4545
604-598-9111
JAS SANDHU
107-13302 76 AVE, SURREY
ਸਾਡੀ ਦੂਜੀ ਲੋਕੇਸ਼ਨ 205-13395-76 Ave 'ਤੇ ਖੁੱਲ੍ਹ ਚੁੱਕੀ ਹੈ।


fruiticana hee jaana!
Happy Diwali
LOWEST PRICES IN TOWN
CHECK OUT THE BIGGEST DIWALI TENT DISPLAY AND VARIETY IN CANADA!
ENTER FOR A CHANCE TO WIN A FREE DIWALI BASKET EVERY DAY UNTIL OCTOBER 31ST
UNBEATABLE EXTRA SUPER SPECIAL
Yellow Onions 50 lbs
ਪੀਲੇ ਗੰਢੇ
$12.99 bag
EXTRA SUPER SUPER SPECIAL
Round Tomatoes
ਗੋਲ ਟਮਾਟਰ
99¢ lb
Green, Yellow & Orange Peppers
ਸ਼ਿਮਲਾ ਮਿਰਚਾਂ (ਹਰੀਆਂ, ਪੀਲੀਆਂ ਅਤੇ ਸੰਤਰੀ)
$1.49 lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag
Green Cabbage BC
ਹਰੀ ਬੰਦ ਗੋਭੀ ਬੀਸੀ
69¢ lb
Broccoli Crown BC
ਬਰੋਕਲੀ ਕਰਾਉਨ ਬੀਸੀ
$1.98 lb
Cilantro
ਧਨੀਆ
2 bunches for $1.29
98¢ SALE
Cosmic Crisp Apples
ਕੋਸਮਿਕ ਕਰਿਸਪ ਸੇਬ
98¢ lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #1
98¢ lb
BC Gala Apples
ਗਾਲਾ ਸੇਬ ਬੀਸੀ
98¢ lb
Red Lentil Split or Whole
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ
98¢ lb
Red Onions
ਲਾਲ ਗੰਢੇ
98¢ lb
EXTRA SUPER SPECIAL
Pure Mustard Oil 1L (Indican)
ਇੰਡੀਕੇਨ ਸਰ੍ਹੋਂ ਦਾ ਤੇਲ
$4.88 bottle
SUPER SPECIAL
Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag
SUPER SPECIAL
Red Onions 25 lbs
ਲਾਲ ਗੰਢੇ
$18.98 bag
Spinach
ਪਾਲਕ
$1.29 bunch
Sher Besan (Flour) 4 lbs
ਸ਼ੇਰ ਵੇਸਣ
$4.48 bag
Red & Green Seedless Grapes
ਅੰਗੂਰ (ਲਾਲ ਜਾਂ ਹਰੇ) ਬਿਨਾਂ ਬੀਜ
$2.98 lb
English Cucumber
ਇੰਗਲਿਸ਼ ਖੀਰੇ
88¢ ea.
Zucchini Squash
ਜ਼ੁਕੀਨੀ ਸਕੁਐਸ਼
88¢ lb
Indican Tea 216's
ਇੰਡੀਕਨ ਚਾਹ
$6.98 box
Roasted Peanuts in Shell 800 g
ਭੁੱਜੀ ਮੂੰਗਫਲੀ
$3.88 pkg.
Indican Punjabi Biscuits 1.5 lbs
ਇੰਡੀਕਨ ਪੰਜਾਬੀ ਕੁਕੀਜ਼
$5.98 pkg.
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕੇਨ)
$3.98 bag
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.98 bottle
Thur Oct 24, 2024 - Thur Oct 31, 2024
We reserve the right to limit the quantities while they last
Specials valid for Lower Mainland only
Product images may differ from the actual product.
Disclaimer: We reserve the right to add restrictions on products with a minimum purchase
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 9 PM 7 DAYS A WEEK
THE SOUTH SURREY/WHITE ROCK FRUITICANA NOW OPEN AT 1812, 152ND ST.
Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ----------------- 236-317-6272
Surrey ------------ 12990 72nd Ave. --------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ----------------- 604-372-2023
Surrey ------------ 101-7228 192St. --------------- 604-575-3750
Surrey ------------ 101-1812 152St. --------------- 604-539-5736
New Westminster 101-331 6th St. --------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------- 604-464-0822
Vancouver ------- 6257 Fraser St. ---------------- 604-321-9931
Richmond-------- 4101 No.5 Rd. ------------------ 604-244-9520